ਕੌੜੀਆਂ ਪਰ ਸੱਚੀਆਂ

(ਭਾਗ - ਪਹਿਲਾ)

Korian Par Sachian

(Vol. - I)

ਬਲਵਿੰਦਰ ਭੌਰਾ

(ਨਿਊਯਾਰਕ, ਯੂ. ਐਸ. ਏ.)

ਪਿੰਡ : ਮੌ ਸਾਹਿਬ, ਤਹਿਸੀਲ : ਫ਼ਿਲੌਰ, ਜ਼ਿਲ੍ਹਾ ਜਲੰਧਰ।

ਕੌੜੀਆਂ ਪਰ ਸੱਚੀਆਂ

Korian Par Sachian

ਬਲਵਿੰਦਰ ਭੌਰਾ

Balvinder Bhaura

ਲੇਖਕ ਦਾ ਪਤਾ :

ਦੇਸ਼

ਪਿੰਡ : ਮੌ ਸਾਹਿਬ
ਤਹਿਸੀਲ : ਫਿਲੌਰ
ਜ਼ਿਲ੍ਹਾ : ਜਲੰਧਰ।

ਵਿਦੇਸ਼

5321-104th St.,Carona,
NY 11368, U.S.A.
Ph. : 718-592-0720 (Resi)
e-mail : BalvinderBhaura@aol.com

© **ਸੰਗੀਤ ਦਰਪਣ**, ਮਾਸਿਕ ਮੈਗਜ਼ੀਨ

ਨੇੜੇ ਸੀ.ਆਈ.ਏ. ਸਟਾਫ਼,
ਬੰਗਾ ਰੋਡ, ਫਗਵਾੜਾ।
ਫੋਨ : 01824-260717
ਫੈਕਸ : 01824-224517

ਪਹਿਲੀ ਵਾਰ - ਅਗਸਤ, 2006

ਸਰਵਰਕ ਤੇ ਆਰਟ ਵਰਕ - ਗੁਰਦੀਸ਼ ਪੰਨੂੰ

ਟਾਈਪ ਸੈਟਿੰਗ - ਹਰੀਸ਼ ਕੁਮਾਰ

ਪ੍ਰਿੰਟਿੰਗ - ਰਚਨਾ ਪ੍ਰਿੰਟਰ, ਜਲੰਧਰ।

ਮੁੱਲ : $ 20 U.S.
100/- ਰੁਪਏ

Rates : $ 20 U.S.
Rs. 100/- India

ਸਮਰਪਣ



ਸਵਰਗੀ ਸ੍ਰੀ ਪ੍ਰਕਾਸ਼ ਮਿਸਤਰੀ ਜੀ
(1943 - 23 ਜੂਨ, 1996)

ਮੇਰੀ ਇਹ ਪੁਸਤਕ ਮੇਰੇ ਸਵਰਗੀ ਪਿਤਾ
ਸ੍ਰੀ ਪ੍ਰਕਾਸ਼ ਮਿਸਤਰੀ ਜੀ
ਨੂੰ ਸਮਰਪਿਤ ਹੈ।

ਮੁੱਖ ਬੰਦ

ਬਲਵਿੰਦਰ ਭੌਰਾ ਪੰਜਾਬੀ ਪਾਠਕਾਂ ਲਈ ਕੋਈ ਨਵਾਂ ਨਾਂਅ ਨਹੀਂ ਹੈ ਕਿਉਂਕਿ ਉਹ ਪਹਿਲਾਂ ਆਪਣੀ ਗੀਤ ਰਚਨਾ ਦੁਆਰਾ ਪੰਜਾਬੀ ਪਾਠਕਾਂ ਨਾਲ਼ ਗਾਹੇ-ਬਗਾਹੇ ਸਾਂਝ ਪਾਉਂਦਾ ਰਿਹਾ ਹੈ। ਉਸ ਦੇ ਬਹੁਤ ਸਾਰੇ ਗੀਤ ਵੱਖ-ਵੱਖ ਗਾਇਕਾਂ ਦੀ ਆਵਾਜ਼ ਵਿਚ ਰਿਕਾਰਡ ਵੀ ਹੋ ਚੁੱਕੇ ਹਨ। ਇਸ ਗੀਤ ਰਚਨਾ ਤੋਂ ਇਲਾਵਾ ਬਲਵਿੰਦਰ ਭੌਰਾ ਵਾਰਤਕ ਵਿਚ ਵੀ ਤੇ ਖਾਸ ਕਰਕੇ ਹੱਥਲੀ ਪੁਸਤਕ ਸਦਕਾ ਪਰਵਾਸੀ ਪੰਜਾਬੀ ਵਾਰਤਕ ਖੇਤਰ 'ਚ ਆਪਣਾ ਬਣਦਾ ਯੋਗਦਾਨ ਪਾਉਣ ਦਾ ਉਪਰਾਲਾ ਕਰ ਰਿਹਾ ਹੈ। ਇਸ ਪੁਸਤਕ ਵਿਚ ਬਲਵਿੰਦਰ ਭੌਰਾ ਦੁਆਰਾ ਉਨ੍ਹਾਂ ਲੇਖਾਂ ਨੂੰ ਸੰਗ੍ਰਹਿਤ ਕੀਤਾ ਗਿਆ ਹੈ ਜੋ ਪੰਜਾਬੀ ਮਾਸਿਕ ਮੈਗਜ਼ੀਨ 'ਸੰਗੀਤ ਦਰਪਣ' ਵਿਚ ਹਰ ਮਹੀਨੇ ਛਪਦੇ ਰਹੇ ਹਨ। ਇਹ ਕਾਲਮ 'ਕੌੜੀਆਂ ਪਰ ਸੱਚੀਆਂ' ਦੇ ਰੂਪ ਵਿਚ ਏਨਾ ਮਕਬੂਲ ਹੋਇਆ ਕਿ ਪਾਠਕਾਂ ਦੇ ਸੁਨੇਹੇ ਚਿੱਠੀਆਂ ਦੇ ਰੂਪ ਵਿਚ ਭਰਪੂਰ ਰੂਪ ਵਿਚ ਪ੍ਰਾਪਤ ਹੋਣੇ ਸ਼ੁਰੂ ਹੋਏ। ਇਹੀ ਕਾਰਨ ਸੀ ਇਸ ਪੁਸਤਕ ਨੂੰ ਛਾਪੇ ਜਾਣ ਦਾ ਜਿਸ ਵਿਚ ਭੌਰਾ ਦੇ 41 ਲੇਖ ਸ਼ਾਮਿਲ ਕੀਤੇ ਗਏ ਹਨ।

ਬਲਵਿੰਦਰ ਭੌਰਾ ਪਿਛਲੇ ਕਾਫ਼ੀ ਸਮੇਂ ਤੋਂ ਅਮਰੀਕਾ ਵਰਗੇ ਆਰਥਿਕ ਪੱਖੋਂ ਸਮਰੱਥ ਦੇਸ਼ ਵਿਚ ਰਹਿ ਰਿਹਾ ਹੈ ਉਥੋਂ ਦੀ ਜ਼ਿੰਦਗੀ ਨਾਲ ਉਸ ਦਾ ਵਾਹ ਬਹੁਤ ਹੀ ਨੇੜਿਓਂ ਪਿਆ ਹੈ। ਉਸ ਨੇ ਆਪਣੀ ਇਸ ਪੁਸਤਕ ਵਿਚ ਆਪਣੇ ਤਜਰਬਿਆਂ ਨੂੰ ਹੀ ਵਿਅਕਤ ਕਰਨ ਦਾ ਯਤਨ ਕੀਤਾ ਹੈ ਜਿਹੜੇ ਉਸ ਨੇ ਹੱਡੀਂ ਹੰਢਾਏ ਹਨ ਜਾਂ ਉਸ ਦੇ ਕਿਸੇ ਬਹੁਤ ਹੀ ਨਜ਼ਦੀਕੀ ਵਿਅਕਤੀ ਨਾਲ਼ ਵਾਪਰੇ ਹਨ। ਇਨ੍ਹਾਂ ਲੇਖਾਂ ਵਿਚ ਉਨ੍ਹਾਂ ਸਾਰੀਆਂ ਸਮੱਸਿਆਵਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ ਜਿਹੜੀਆਂ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ ਦਰਪੇਸ਼ ਆਉਂਦੀਆਂ ਹਨ। ਕਿਤੇ-ਕਿਤੇ ਇਹ ਸਮੱਸਿਆਵਾਂ ਆਪਣੀ ਸਹੇੜ ਦੇ ਰੂਪ ਵਿਚ ਹਨ ਅਤੇ ਕਿਤੇ ਇਹ ਸਮੱਸਿਆਵਾਂ ਬੇਗਾਨੀ ਧਰਤੀ 'ਤੇ ਵਿਚਰਦੇ ਸਮੇਂ ਆਪਣੇ-ਆਪ ਹੀ ਪੈਦਾ ਹੋ ਜਾਂਦੀਆਂ ਹਨ। ਭੌਰਾ ਨੇ ਇਨ੍ਹਾਂ ਸਮੱਸਿਆਵਾਂ ਨੂੰ ਆਪਣੀ ਇਸ ਰਚਨਾ ਵਿਚ ਪੇਸ਼ ਹੀ ਨਹੀਂ ਕੀਤਾ ਸਗੋਂ ਇਨ੍ਹਾਂ ਸਮੱਸਿਆਵਾਂ ਦੇ ਕਾਰਨ ਤਲਾਸ਼ਣ ਦੀ ਵਿਵੇਕਸ਼ੀਲ ਕੋਸ਼ਿਸ਼ ਵੀ ਕੀਤੀ ਹੈ। ਜਿਵੇਂ ਇਸੇ ਹੀ ਪੁਸਤਕ ਵਿਚਲੇ ਲੇਖ 'ਮਾਂ ਦਾ ਪਿਆਰ ਡਾਲਰਾਂ ਦੀ ਤਹਿ ਥੱਲੇ ਦੱਬ ਕੇ ਰਹਿ ਗਿਆ' ਅਤੇ 'ਗਰੀਨ ਕਾਰਡ ਦੀ ਖੁਸ਼ੀ 'ਚ ਨਾਲੇ ਲੱਡੂ ਵੰਡੀ ਗਿਆ ਨਾਲ਼ੇ ਰੋਈ ਗਿਆ' ਕੁਝ ਅਜਿਹੇ ਅਹਿਸਾਸਾਂ ਦੀ ਹੀ ਤਰਜਮਾਨੀ ਹੋਈ ਮਿਲਦੀ ਹੈ।

ਆਮ ਪੰਜਾਬੀ ਦੇ ਮਨ ਵਿਚ ਵਿਦੇਸ਼ੀ ਧਰਤੀ ਦਾ ਸਵਰਗਮਈ ਸੰਕਲਪ ਬੜੇ ਸੁਖਦ ਅਹਿਸਾਸ ਦੇ ਰੂਪ ਵਿਚ ਬੈਠਾ ਹੋਇਆ ਹੈ ਪਰ ਜਦੋਂ ਵਿਦੇਸ਼ੀ ਧਰਤੀ 'ਤੇ ਉਹ ਪੈਰ ਰੱਖਦਾ ਹੈ ਤਾਂ ਉਹ ਸਾਰੇ ਭਰਮਜਾਲ ਟੁੱਟ ਜਾਂਦੇ ਹਨ ਜਿਨ੍ਹਾਂ ਦਾ ਕਿਆਸ ਉਸ ਨੇ ਆਪਣੇ ਮਨ ਵਿਚ ਕੀਤਾ ਹੁੰਦਾ ਹੈ। ਇਨ੍ਹਾਂ ਮੁਲਕਾਂ ਵਿਚ ਬੰਦਾ ਮਸ਼ੀਨ ਬਣ ਕੇ ਹੀ ਰਹਿ ਜਾਂਦਾ ਹੈ। ਉਸ ਦਾ ਸੁਪਨਮਈ ਸੰਸਾਰ ਚਕਨਾਚੂਰ ਹੋਇਆ ਦਿਸਦਾ ਹੈ, ਕਈ ਵਾਰੀ ਵਿਦੇਸ਼ਾਂ ਵਿਚ ਜਾਣ ਲਈ ਜਿਹੋ ਜਿਹੇ ਹੱਥਕੰਡੇ ਅਤੇ ਗ਼ੈਰ-ਕਾਨੂੰਨੀ ਤਰੀਕੇ ਅਪਣਾਏ ਜਾਂਦੇ ਉਸ ਦਾ ਵੀ

ਵਰਣਨ ਭੌਰਾ ਨੇ ਆਪਣੀ ਇਸ ਪੁਸਤਕ ਵਿਚ ਕੀਤਾ ਹੈ।

ਵਿਦੇਸ਼ਾਂ ਵਿਚ ਜਾਣ ਦੀ ਅੰਨ੍ਹੀ ਹੋੜ ਨੇ ਜਿਥੇ ਮਨੁੱਖ ਨੂੰ ਕਈ ਤਰ੍ਹਾਂ ਦੀਆਂ ਮਾਨਸਿਕ ਉਲਝਣਾਂ ਦਿੱਤੀਆਂ ਹਨ ਉਥੇ ਉਸ ਨੇ ਆਪਣੇ ਭਾਵੁਕ ਰਿਸ਼ਤਿਆਂ ਨੂੰ ਵੀ ਤਿਲਾਂਜਲੀ ਦੇ ਦਿੱਤੀ ਹੈ। ਪੈਸੇ ਦੀ ਖ਼ਾਤਰ ਕਿਸੇ ਵੀ ਹੱਦ ਤੱਕ ਗਿਰ ਜਾਣਾ ਵੀ ਇਨ੍ਹਾਂ ਲੇਖਾਂ ਵਿਚ ਵਿਸ਼ੇ ਦੇ ਰੂਪ ਵਿਚ ਪੇਸ਼ ਹੋਇਆ ਐਸਾ ਹੀ ਤਜਰਬਾ ਹੈ। ਇਸ ਪੁਸਤਕ ਵਿਚਲੇ ਲੇਖ 'ਕੋਰਟ ਵਿਚ ਜਾ ਕੇ ਨਾ ਕਿਤੇ ਭਾਜੀ ਭਾਜੀ ਕਰੀਂ ਜਾਈਂ', 'ਜੇ ਤੇਰੀ ਮਾਂ ਹੁੰਦੀ ਫੇਰ', 'ਮਾਸੜ ਜੀ ਮਾਸੜ ਜੀ ਕਰਦੀ ਤੁਸੀਂ ਤੁਸੀਂ ਕਹਿਣ ਲੱਗ ਪਈ' ਕੁਝ ਇਸੇ ਪਾਸੇ ਵੱਲ ਹੀ ਧਿਆਨ ਦਿਵਾਉਂਦੇ ਲੇਖ ਹਨ।

ਉਪਰੋਕਤ ਤੋਂ ਇਲਾਵਾ ਭੌਰਾ ਨੇ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ ਜਿਥੇ ਪਰਾਈ ਧਰਤੀ 'ਤੇ ਆਉਂਦੀਆਂ ਸਮੱਸਿਆਵਾਂ ਦਾ ਜ਼ਿਕਰ ਕੀਤਾ ਹੈ ਉਥੇ ਆਪਣੇ ਦੇਸ਼ ਵਿਚ ਉਨ੍ਹਾਂ ਦੇ ਪਰਿਵਾਰਕ ਸੰਬੰਧਾਂ ਵਿਚ ਕਿਵੇਂ ਤਰੇੜਾਂ ਆਉਂਦੀਆਂ ਹਨ ਉਨ੍ਹਾਂ ਦਾ ਜ਼ਿਕਰ ਵੀ ਕੀਤਾ ਹੈ। ਇਨ੍ਹਾਂ ਪਰਵਾਸੀਆਂ ਨੇ ਪੌਂਡ ਡਾਲਰ ਤਾਂ ਕਮਾ ਲਏ ਪਰ ਪਿੱਛੇ ਦੇਸ਼ ਵਿਚ ਇਨ੍ਹਾਂ ਦੀ ਪਰਿਵਾਰਕ ਜ਼ਿੰਦਗੀ ਤਬਾਹ ਹੋ ਕੇ ਰਹਿ ਗਈ ਇਸ ਦੀ ਨਿਸ਼ਾਨਦੇਹੀ ਵੀ ਭੌਰਾ ਨੇ ਕੀਤੀ ਹੈ। 'ਸਾਡੇ ਤਾਂ ਇਹੀ ਭਈਏ ਕੰਮ ਆਉਂਦੇ ਆ, ਤੁਸੀਂ ਤਾਂ ਅਮਰੀਕਾ ਰਹਿੰਦੇ ਹੋ' ਵਰਗਾ ਲੇਖ ਪਾਠਕ ਨੂੰ ਅੰਦਰ ਤੱਕ ਝੰਜੋੜ ਕੇ ਬੜਾ ਕੁਝ ਸੋਚਣ ਲਈ ਮਜਬੂਰ ਕਰ ਜਾਂਦਾ ਹੈ। ਭੌਰੇ ਦੀ ਲੇਖਣੀ ਵਿਚ ਦਮ ਹੈ ਇਸੇ ਕਰਕੇ ਹੀ ਪਾਠਕ ਇਨ੍ਹਾਂ ਲੇਖਾਂ ਨੂੰ ਪੜ੍ਹਦਾ ਭੌਰੇ ਦੇ ਨਾਲ਼ ਹੀ ਤੁਰ ਪੈਂਦਾ ਹੈ। ਸੰਖੇਪਤਾ ਇਨ੍ਹਾਂ ਲੇਖਾਂ ਦਾ ਅਮੀਰੀ ਗੁਣ ਹੈ ਪਰ ਸੰਖੇਪਤਾ ਵਿਚ ਏਨੇ ਵੱਡੇ ਅਰਥਾਂ ਨੂੰ ਉਜਾਗਰ ਕਰ ਜਾਣਾ ਕੁੱਜੇ ਵਿਚ ਸਮੁੰਦਰ ਬੰਦ ਕਰ ਦੇਣ ਵਾਲੀ ਗੱਲ ਹੈ।

ਭਾਸ਼ਾ ਪੱਖੋਂ ਇਸ ਪੁਸਤਕ ਦੀ ਵਿਸ਼ੇਸ਼ਤਾ ਇਹ ਹੈ ਕਿ ਮੁਹਾਵਰੇਦਾਰ, ਸਾਦ-ਮੁਰਾਦੀ ਭਾਸ਼ਾ ਵਿਚ ਆਮ ਲੋਕਾਂ ਦੀ ਪੱਧਰ 'ਤੇ ਆ ਕੇ ਗੱਲ ਕਹਿਣੀ ਤੇ ਕਹਿਣੀ ਵੀ ਕੁਝ ਵੱਖਰੇ ਅੰਦਾਜ਼ ਵਿਚ ਆਪਣੇ-ਆਪ ਵਿਚ ਭੌਰਾ ਨੂੰ ਵਿਸ਼ੇਸ਼ਤਾ ਪ੍ਰਦਾਨ ਕਰਦੀ ਹੈ। ਸਾਰੇ ਹੀ ਲੇਖਾਂ ਦੇ ਸਿਰਲੇਖ ਏਨੇ ਢੁੱਕਵੇਂ ਅਤੇ ਰੋਚਿਕ ਹਨ ਕਿ ਪਾਠਕ ਦੇਖਦੇ ਸਾਰ ਹੀ ਇਨ੍ਹਾਂ ਪ੍ਰਤੀ ਖਿੱਚ ਮਹਿਸੂਸ ਕਰਨ ਲੱਗ ਜਾਂਦਾ ਹੈ। ਜਿਥੇ ਇਹ ਪੁਸਤਕ ਸਾਡੀ ਸਾਹਿਤਕ ਭੁੱਖ ਦੀ ਤ੍ਰਿਪਤੀ ਕਰੇਗੀ ਉਥੇ ਪਰਵਾਸੀ ਪੰਜਾਬੀਆਂ ਦੀ ਤਰਜ਼ੇ-ਜ਼ਿੰਦਗੀ ਨੂੰ ਪੇਸ਼ ਕਰਦੀ ਇਕ ਇਤਿਹਾਸਕ ਦਸਤਾਵੇਜ਼ ਵੀ ਬਣੇਗੀ ਕਿਉਂਕਿ ਇਸ ਪੁਸਤਕ ਵਿਚਲੇ ਲੇਖਾਂ ਵਿਚ ਪੇਸ਼ ਘਟਨਾਵਾਂ ਨਿੱਜੀ ਤਜਰਬੇ ਜਾਂ ਨੇੜਲੇ ਸਾਥੀਆਂ ਦੇ ਨੇੜਿਓਂ ਤੱਕੇ/ਸੁਣੇ ਅਨੁਭਵ ਹਨ। ਰੋਚਿਕ ਸ਼ੈਲੀ ਵਿਚ ਲਿਖੀ ਇਸ ਗਿਆਨ ਭਰਪੂਰ ਪੁਸਤਕ ਦੀ ਭੂਮਿਕਾ ਲਿਖਦਿਆਂ ਮੈਨੂੰ ਅਤਿਅੰਤ ਪ੍ਰਸੰਨਤਾ ਹੋ ਰਹੀ ਹੈ ਕਿਉਂਕਿ ਪੰਜਾਬੀ ਸਾਹਿਤ ਨੂੰ ਬਲਵਿੰਦਰ ਭੌਰਾ ਇਕ ਵਧੀਆ ਵਾਰਤਕ ਪੁਸਤਕ 'ਕੌੜੀਆਂ ਪਰ ਸੱਚੀਆਂ' ਭਾਗ ਪਹਿਲਾ ਦੇ ਰੂਪ ਵਿਚ ਦੇ ਰਿਹਾ ਹੈ।

-ਪ੍ਰੋ. ਸਰਦੂਲ ਸਿੰਘ ਔਜਲਾ
ਪੋਸਟ ਗਰੈਜੂਏਟ ਪੰਜਾਬੀ ਵਿਭਾਗ,
ਕਮਲਾ ਨਹਿਰੂ ਕਾਲਜ, ਫਗਵਾੜਾ।

ਦੋ ਸ਼ਬਦ ਮੇਰੇ ਵੱਲੋਂ

ਇਸ ਪੁਸਤਕ ਬਾਰੇ ਲਿਖਣ ਤੋਂ ਪਹਿਲਾਂ ਮੈਂ ਪ੍ਰਮਾਤਮਾ ਦਾ ਧੰਨਵਾਦ ਕਰਦਾ ਹਾਂ ਜਿਸ ਦੀ ਰਹਿਮਤ ਸਦਕਾ ਮੈਂ ਉਸ ਦੀ ਕਾਇਨਾਤ ਦਾ ਨਜ਼ਾਰਾ ਮਾਣ ਸਕਿਆ ਅਤੇ ਇਸ ਕਾਬਿਲ ਹੋਇਆ ਕਿ ਆਪਣੇ ਜਜ਼ਬਿਆਂ ਤੇ ਭਾਵਨਾਵਾਂ ਨੂੰ ਕਲਮ ਦੇ ਜ਼ਰੀਏ ਹਰ ਪ੍ਰਾਣੀ ਤੱਕ ਸੁਨੇਹਾ ਮਾਤਰ ਦਸਤਕ ਨੁਮਾ ਪੈਗ਼ਾਮ ਪਹੁੰਚਾਇਆ। ਮੇਰੀ ਮੁੱਢ ਤੋਂ ਹੀ ਇੱਕ ਆਦਤ ਸੀ ਕਿ ਮੈਂ ਕੁਝ ਨਾ ਕੁਝ ਆਪ-ਮੁਹਾਰੇ ਲਿਖਦਾ ਰਹਿੰਦਾ ਸੀ। ਫਿਰ ਮੈਂ 1983 ਦਰਮਿਆਨ ਗੀਤ ਲਿਖਣ ਦਾ ਮਨ ਬਣਾਇਆ। ਕੁਝ ਵੰਨਗੀਆਂ ਕਲਮਬੰਦ ਕੀਤੀਆਂ ਤਾਂ ਪਤਾ ਚੱਲਿਆ ਕਿ ਇਹ ਗੀਤ ਦਾ ਮੂੰਹ-ਮੁਹਾਂਦਰਾ ਹੈ। ਮੈਨੂੰ ਉਦੋਂ ਬੜਾ ਚੰਗਾ-ਚੰਗਾ ਲੱਗਿਆ ਜਦ ਮੈਨੂੰ ਪਤਾ ਲੱਗਾ ਕਿ ਮੇਰੀਆਂ ਲਿਖੀਆਂ ਲਾਈਨਾਂ ਨੂੰ ਗੀਤ ਕਿਹਾ ਗਿਆ। ਜਿਵੇਂ ਕਿਸੇ ਮਾਂ ਨੂੰ ਉਹਦੇ ਪੁੱਤ ਦੀ ਸਿਫ਼ਤ ਕਰਨ 'ਤੇ ਖੁਸ਼ੀ ਮਿਲਦੀ ਹੈ। ਸਮਾਂ ਆਪਣੀ ਚਾਲੇ ਚੱਲਦਾ ਗਿਆ। ਪੰਜਾਬ ਤੋਂ ਵਿਦੇਸ਼ਾਂ ਦਾ ਸਫ਼ਰ ਅਤੇ ਵਿਦੇਸ਼ਾਂ 'ਚ ਆ ਕੇ ਵੀ ਮੈਂ ਚੰਗਾ ਸਾਹਿਤ ਅਤੇ ਵਧੀਆ ਗੀਤ ਬੜੀ ਸ਼ਿੱਦਤ ਨਾਲ ਸੁਣਦਾ, ਫ਼ਿਲਮਾਂ ਵੀ ਗੌਰ ਨਾਲ ਦੇਖਦਾ ਅਤੇ ਕੁਝ ਨਾ ਕੁਝ ਮੈਂ ਇਨ੍ਹਾਂ ਸਭ ਤੋਂ ਸਿੱਖਦਾ ਰਹਿੰਦਾ ਸੀ। ਮੈਂ ਕਾਫ਼ੀ ਗੀਤ ਲਿਖੇ, ਸ਼ੋਹਰਤ ਮਿਲੀ ਅਤੇ ਬੜਾ ਅਨੰਦ ਆਉਂਦਾ। ਮੇਰੇ ਗੀਤ ਲੱਗਭੱਗ ਸੌ ਦੇ ਕਰੀਬ ਰਿਕਾਰਡ ਹੋਏ ਹਨ। ਗੀਤਾਂ ਦਾ ਜ਼ਿਕਰ ਮੈਂ ਆਪਣੇ ਗੀਤਾਂ ਵਾਲੀ ਪੁਸਤਕ ਵਿਚ ਕਰਾਂਗਾ। ਵਿੱਚ-ਵਿੱਚ ਮੈਂ ਕਹਾਣੀਆਂ ਵੀ ਲਿਖਦਾ ਰਹਿੰਦਾ। ਕੋਈ 20-25 ਕਹਾਣੀਆਂ ਜਿਹੜੀਆਂ ਵਿਦੇਸ਼ੀ ਅਤੇ ਪੰਜਾਬ ਵਿਚਲੀਆਂ ਅਖ਼ਬਾਰਾਂ ਵਿਚ ਵੀ ਛਪ ਚੁੱਕੀਆਂ ਹਨ।

ਮੈਂ ਹਮੇਸ਼ਾ ਦੁਨੀਆ ਦੀਆਂ ਉਨ੍ਹਾਂ ਕੁਰੀਤੀਆਂ ਨੂੰ ਫੜਦਾ ਹਾਂ ਜਿਸ ਦਾ ਉਹ ਸਰੇਆਮ ਫਾਇਦਾ ਲੈ ਕੇ ਦੂਜੇ ਲੋਕਾਂ ਨੂੰ ਭੰਬਲਭੂਸੇ ਵਿਚ ਪਾਈ ਰੱਖਦੇ ਹਨ। ਮੈਨੂੰ ਤਰਕ ਭਰਪੂਰ ਨੀਤੀਆਂ ਚੰਗੀਆਂ ਲੱਗਦੀਆਂ ਹਨ। ਮੈਨੂੰ ਕੋਈ ਐਸਾ ਪਲੇਟਫਾਰਮ ਨਹੀਂ ਸੀ ਮਿਲ ਰਿਹਾ ਜਿਸ ਦੁਆਰਾ ਮੈਂ ਆਪਣਾ ਇਹ ਰੁੱਖਾ ਜਿਹਾ ਤਜਰਬਾ ਪੇਸ਼ ਕਰ ਸਕਦਾ। 1997-98 ਦਰਮਿਆਨ ਨਿਊਯਾਰਕ ਤੋਂ ਇਕ ਪੰਜਾਬੀ ਅਖ਼ਬਾਰ ਛਪਣਾ ਸ਼ੁਰੂ ਹੋਇਆ ਤਾਂ ਮੈਨੂੰ ਚਾਅ ਚੜ੍ਹਿਆ। ਮੈਂ ਸੋਚਿਆ ਕਿ ਹੁਣ ਮੇਰੇ ਹਾਵ-

ਭਾਵ ਜ਼ਾਹਿਰ ਕਰਨ ਦਾ ਮੈਨੂੰ ਬਹਾਨਾ ਮਿਲ ਗਿਆ। ਸੰਪਾਦਕ ਸਾਹਿਬ ਮੇਰੇ ਚੰਗੇ ਮਿੱਤਰ ਵੀ ਸਨ। ਮੈਂ ਅਖ਼ਬਾਰ ਦੇ ਦਫ਼ਤਰ 'ਚ ਆਪਣੇ ਕਿਸੇ ਸੱਜਣ ਨਾਲ ਗਿਆ। ਗੱਲਬਾਤ ਹੋਈ, ਉਨ੍ਹਾਂ ਕਿਹਾ ਕਿ ਤੁਸੀਂ 'ਕਲਾਕਾਰਾਂ' ਬਾਰੇ ਇਕ ਪੇਜ ਲਿਖਿਆ ਕਰੋ। ਮੈਂ ਕਿਹਾ ਠੀਕ ਹੈ। ਮੈਂ ਉਨ੍ਹਾਂ ਨਾਲ ਇਕ ਗੱਲ ਕੀਤੀ ਕਿ ਅਗਰ ਮੈਂ ਇਕ ਕਾਲਮ ਸ਼ੁਰੂ ਕਰਾਂ ਤਾਂ ਫਿਰ ਠੀਕ ਨਹੀਂ ਹੋਵੇਗਾ। ਉਹ ਕਹਿੰਦੇ ਠੀਕ ਹੈ। ਮੈਂ ਸਹਿਜ ਸੁਭਾਅ ਪੁੱਛਿਆ ਬਈ ਸੇਵਾ ਕੀ ਹੋਵੇਗੀ। ਉਨ੍ਹਾਂ ਦਾ ਜਵਾਬ ਸੀ ਕਿ ਅਗਰ ਅਸੀਂ ਸੇਵਾ ਹੀ ਦੇਣੀ ਹੈ ਤਾਂ ਫਲਾਣੇ ਕੋਲੋਂ ਲਿਖਵਾ ਲਵਾਂਗੇ। ਮੈਂ ਵੈਸੇ ਹੀ ਵਿਅੰਗਮਈ ਅੰਦਾਜ਼ ਵਿਚ ਕਿਹਾ ਸੀ। ਅੰਦਰੋਂ ਮੈਂ ਖ਼ੁਦ ਮੁਫ਼ਤ ਸੇਵਾ ਕਰਨ ਲਈ ਤਿਆਰ ਸੀ। ਪਰ ਉਨ੍ਹਾਂ ਦਾ ਤਿੱਖਾ ਜਵਾਬ ਸੁਣ ਕੇ ਮੈਂ ਵੀ ਕਿਹਾ ਕਿ ਭੌਰੇ ਨੇ ਵੀ ਸੇਵਾ ਕਰਨੀ ਛੱਡੀ ਹੈ। ਉਸ ਤੋਂ ਬਾਅਦ ਮੇਰਾ ਮਨ ਬਹੁਤ ਦੁਖੀ ਹੋਇਆ। ਮੈਨੂੰ ਹਰ ਪਾਸੇ ਮਤਲਬੀ ਲੋਕ ਦਿਸਣ ਲੱਗੇ। ਫਿਰ ਮੈਂ ਆਪਣੇ ਹੀ ਨਿੱਜੀ ਕੰਮਾਂ ਵੱਲ ਜ਼ਿਆਦਾ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਸੋਚਿਆ ਬਥੇਰੀ ਦੁਨੀਆ ਲਿਖਦੀ, ਮੈਂ ਨਾ ਵੀ ਲਿਖਾਂ ਤਾਂ ਗੱਡੀ ਚੱਲ ਜਾਵੇਗੀ। ਨਾਲੇ ਮੈਂ ਕੋਈ ਵੱਡਾ ਸਾਹਿਤਕਾਰ ਜਾਂ ਵੱਡਾ ਬੁੱਧੀਜੀਵੀ ਲੇਖਕ ਵੀ ਨਹੀਂ ਸੀ। ਇਕ ਦਿਨ ਕੀ ਹੋਇਆ ਮੈਨੂੰ ਇੰਡੀਆ ਤੋਂ ਮੇਰੇ ਦੋਸਤ ਪ੍ਰੀਤ ਜੀ ਦਾ ਫੋਨ ਆਇਆ ਕਹਿੰਦੇ ਆਪਾਂ ਇਕ ਮੈਗਜ਼ੀਨ ਸ਼ੁਰੂ ਕੀਤਾ ਹੈ ਜਿਸ ਦਾ ਨਾਂਅ ਹੈ 'ਸੰਗੀਤ ਦਰਪਣ' ਤੁਸੀਂ ਇਸ ਵਾਸਤੇ ਕੁਝ ਲਿਖਿਆ ਕਰੋ। ਪਹਿਲਾਂ ਪਹਿਲ ਮੈਂ ਇਸ ਵੱਲ ਬਹੁਤਾ ਧਿਆਨ ਨਾ ਦਿੱਤਾ। ਬਸ ਇਸ ਨੂੰ ਪੜ੍ਹਦਾ ਅਤੇ ਵਧੀਆ-ਵਧੀਆ ਕਹਿ ਕੇ ਸਿਫ਼ਤਾਂ ਕਰਦਾ। ਫਿਰ ਮੈਂ ਇੱਕਾ-ਦੁੱਕਾ 'ਕੌੜੀਆਂ ਪਰ ਸੱਚੀਆਂ' ਦੇ ਰੂਪ ਵਿਚ ਕੁਝ ਲਿਖਤਾਂ ਭੇਜੀਆਂ ਜਿਹੜੀਆਂ ਪਾਠਕਾਂ ਨੇ ਬਹੁਤ ਪਸੰਦ ਕੀਤੀਆਂ। ਮੈਗਜ਼ੀਨ ਦੇ ਸਭ ਤੋਂ ਆਖ਼ਰੀ ਸਫ਼ੇ 'ਤੇ ਛਪਣ ਵਾਲੀਆਂ 'ਕੌੜੀਆਂ ਪਰ ਸੱਚੀਆਂ' ਨੇ ਪਹਿਲਾ ਸਫ਼ਾ ਮੱਲ ਲਿਆ। ਫਿਰ ਮੈਂ ਲਗਾਤਾਰ ਇਸ ਨੂੰ ਦਿਲੋਂ ਅਪਣਾ ਕੇ ਲਿਖਣਾ ਸ਼ੁਰੂ ਕਰ ਦਿੱਤਾ। ਪਾਠਕਾਂ ਦੇ ਦਿਨ-ਬ-ਦਿਨ ਮਿਲਦੇ ਪਿਆਰ ਨੇ, ਚਿੱਠੀਆਂ ਨੇ, ਈ-ਮੇਲ ਨੇ ਮੇਰਾ ਹੌਸਲਾ ਦਿਨੋ-ਦਿਨ ਬੁਲੰਦ ਕੀਤਾ। ਮੇਰਾ ਲਿਖਿਆ ਅੱਖਰ-ਅੱਖਰ ਸਲਾਹਿਆ ਗਿਆ। ਮੈਨੂੰ ਖੁਸ਼ੀ ਹੋਣ ਲੱਗੀ। ਮੇਰੀ ਕਲਮ ਨੂੰ ਤਾਕਤ ਮਿਲਣ ਲੱਗੀ। ਫਿਰ ਪਾਠਕਾਂ ਦੀ ਹੀ ਮੰਗ 'ਤੇ ਇਹ ਕਿਤਾਬ ਤਿਆਰ ਕੀਤੀ ਗਈ। ਮੈਨੂੰ ਇਥੋਂ ਤੱਕ ਪਹੁੰਚਾਉਣ ਵਿਚ ਸਭ ਤੋਂ ਵੱਡਾ ਯੋਗਦਾਨ ਮੇਰੇ ਪਾਠਕਾਂ ਦਾ ਹੈ ਅਤੇ ਇਸ ਤੋਂ ਵੀ ਵੱਡਾ ਉਪਰਾਲਾ 'ਸੰਗੀਤ ਦਰਪਣ' ਅਤੇ ਮੇਰੇ ਦੋਸਤ ਹਰਮਨਪ੍ਰੀਤ ਸਿੰਘ ਜੀ ਦਾ ਹੈ ਜਿਨ੍ਹਾਂ ਮੈਨੂੰ ਸਮੇਂ-ਸਮੇਂ ਸਿਰ ਹੌਸਲੇ ਨਾਲ ਨਿਵਾਜਿਆ। ਮੈਂ ਉਨ੍ਹਾਂ ਯਾਰਾਂ-ਦੋਸਤਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਮੈਨੂੰ ਲਿਖਣ ਲਈ ਪ੍ਰੇਰਿਆ। ਮੈਂ ਉਨ੍ਹਾਂ ਦੇਸ਼-ਵਿਦੇਸ਼ ਦੀਆਂ ਸੰਸਥਾਵਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਮੇਰਾ ਸਮੇਂ-ਸਮੇਂ 'ਤੇ ਸਨਮਾਨ ਵੀ ਕੀਤਾ ਅਤੇ ਮੇਰੀ ਹਰ ਥਾਂ ਚਰਚਾ ਕੀਤੀ

ਅਤੇ ਮਾਣ ਬਖ਼ਸ਼ਿਆ। ਆਪਣੇ ਪਰਿਵਾਰ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਹੜੇ ਮੈਨੂੰ ਇਕ ਲੇਖਕ ਦੇ ਤੌਰ 'ਤੇ ਕਬੂਲਦੇ ਰਹੇ ਹਨ ਅਤੇ ਰਹਿਣਗੇ। ਮੇਰਾ ਬੇਟਾ ਅੰਮ੍ਰਿਤ ਜਿਹੜਾ ਪੰਜਾਬੀ ਪੜ੍ਹ ਨਹੀਂ ਸਕਦਾ ਪਰ ਬੋਲਦਾ ਹੈ। ਕਦੀ ਵੀ ਕਿਤੇ ਘਰ ਵਿਚ ਮੇਰੀ ਹੱਥ ਲਿਖਤ ਦਾ ਕੋਈ ਕਾਗਜ਼ ਪਿਆ ਹੋਵੇ ਉਸ ਨੂੰ ਸੰਭਾਲ ਕੇ ਰੱਖਦਾ ਹੈ। ਕਈ ਵਾਰ ਤਾਂ ਮੈਂ ਕਦੀ ਕਿਸੇ ਕਾਗਜ਼ 'ਤੇ ਭਾਵੇਂ ਘਰ ਦੇ ਸਾਮਾਨ ਦੀ ਲਿਸਟ ਬਣਾ ਕੇ ਸੁੱਟ ਦਿੰਦਾ ਹਾਂ ਤਾਂ ਉਹ ਚੁੱਕ ਕੇ ਪੁੱਛੇਗਾ, ਡੈਡੀ ਜੀ ਇਹ ਕਿਤੇ ਤੁਹਾਡਾ ਗੀਤ ਤਾਂ ਨਹੀਂ ਲਿਖਿਆ। ਉਸ ਨੂੰ ਮੇਰੀਆਂ ਲਿਖਤਾਂ ਦਾ ਬਹੁਤ ਫ਼ਿਕਰ ਹੈ। ਮੇਰਾ ਪੂਰਾ ਪਰਿਵਾਰ ਵੀ ਪਾਠਕਾਂ ਦੇ ਰੂਪ ਵਿਚ ਮੇਰਾ ਲੇਖਕ ਸਮਝ ਕੇ ਸਤਿਕਾਰ ਕਰਦਾ ਹੈ। ਮੈਂ ਆਪਣੀ ਪਤਨੀ ਗੁਰਬਖ਼ਸ਼ ਕੌਰ ਭੌਰਾ ਦਾ ਰਿਣੀ ਹਾਂ ਜਿਸ ਨੇ ਮੇਰੇ ਚੰਗੇ ਅਤੇ ਅਤੀ ਮਾੜੇ ਦਿਨਾਂ ਵਿਚ ਹੌਸਲਾ ਦਿੱਤਾ ਅਤੇ ਸਾਥ ਨਿਭਾਇਆ। ਇਹ ਕਿਤਾਬ ਮੇਰੀ ਇਸ ਲੇਖ-ਲੜੀ 'ਕੌੜੀਆਂ ਪਰ ਸੱਚੀਆਂ' ਦੀ ਹੈ, ਜੇ ਇਸ ਤਰ੍ਹਾਂ ਹੀ ਆਪ ਸਭ ਦਾ ਪਿਆਰ ਅਤੇ ਹੌਸਲਾ ਮਿਲਦਾ ਰਿਹਾ ਤਾਂ ਛੇਤੀ ਹੀ ਦੂਜੀ ਕਿਤਾਬ ਵੀ ਛਪਣ ਲਈ ਤੱਤਪਰ ਰਹੇਗੀ। ਮੈਂ ਤੁਹਾਡੇ ਨਾਲ ਅੱਖਰੀ ਸਾਂਝ ਆਖਰੀ ਦਮ ਤੱਕ ਪਾਉਂਦਾ ਰਹਾਂਗਾ। ਹਾਂ ਅਗਰ ਮੇਰੇ ਇਨ੍ਹਾਂ ਲੇਖਾਂ ਨਾਲ ਕਿਸੇ ਦੇ ਮਨ ਨੂੰ ਠੇਸ ਪਹੁੰਚੀ ਹੋਵੇ ਤਾਂ ਮੈਂ ਹੱਥ ਜੋੜ ਕੇ ਉਨ੍ਹਾਂ ਤੋਂ ਮਾਫ਼ੀ ਮੰਗਦਾ ਹਾਂ। ਮੇਰਾ ਮਕਸਦ ਕਿਸੇ ਦਾ ਮਨ ਦੁਖਾਉਣਾ ਨਹੀਂ ਹੈ। ਪ੍ਰਮਾਤਮਾ ਆਪ ਸਭ ਨੂੰ ਖੁਸ਼ੀਆਂ ਬਖ਼ਸ਼ੇ, ਆਮੀਨ!

-ਬਲਵਿੰਦਰ ਭੌਰਾ

ਨਿਊਯਾਰਕ (ਯੂ. ਐਸ. ਏ.)

ਤਤਕਰਾ

1. ਪੰਜਾਬੀ ਕਲਾਕਾਰਾਂ ਦਾ ਵਿਦੇਸ਼ਾਂ ਦਾ ਸਫ਼ਲ ਟੂਰ? 11
2. ਨਿਊਯਾਰਕ ਵਿਚ ਪੰਜਾਬੀ ਕਲਾਕਾਰ ਦੇ ਡਰਾਮੇ 14
3. ਗੀਤਕਾਰ ਗਾਉਣ ਕਿਉਂ ਲੱਗੇ? 17
4. ਹਾਏ ਅਮਰੀਕਾ 20
5. ਪਹਿਲਾਂ ਕਬੂਤਰ, ਫੇਰ ਪ੍ਰੋਮੋਟਰ ਤੇ ਹੁਣ ਮਜ਼ਦੂਰ 23
6. ਬੱਸ ਅਮਰੀਕਾ ਹੀ ਦੇਖਿਆ, ਮੁੰਡਾ ਨਹੀਂ ਦੇਖਿਆ ਜਵਾਨੀ ਦਾਅ 'ਤੇ ਲਾਈ ਭੈਣੇ ਤਾਂ ਅਮਰੀਕਾ ਆਈ! 27
7. ਕਾਸ਼! ਸ਼ਹੀਦ ਭਗਤ ਸਿੰਘ ਪੰਜਾਬੀ ਫ਼ਿਲਮ ਹੁੰਦੀ 30
8. ਲਵ ਮੈਰਿਜ ਬਨਾਮ ਮਤਲਬ ਮੈਰਿਜ 33
9. ਕੋਠੀਆਂ ਵਾਲੇ ਸਰਦਾਰ 36
10. ਬਾਬਾ ਵੈਦ ਰੋਗੀਆਂ ਦਾ... 39
11. ਡਾਲਰ ਵੀ ਕਮਾਓ ਪੌਂਡ ਵੀ ਕਮਾਓ ਪਰ ਇੱਜ਼ਤਾਂ ਜ਼ਰੂਰ ਬਚਾਓ... 43
12. ਤੁਰ ਗਿਆ ਪ੍ਰਦੇਸਾਂ ਨੂੰ 47
13. ਦੋਵਾਂ ਭੈਣਾਂ ਨੇ ਹੁਣ ਇੰਡੀਆ ਨਹੀਂ ਜਾਣਾ 50
14. ਵਿਦੇਸ਼ੀ ਮਾਪੇ ਮਾਡਰਨ ਹੋ ਰਹੇ ਹਨ ਜਾਂ ਆਪਣਾ ਵਿਰਸਾ ਭੁੱਲਦੇ ਜਾ ਰਹੇ ਹਨ? 54
15. ਵਿਦੇਸ਼ੀ ਘਰ ਵਾਲੇ ਨੇ ਆਪਣੀ ਘਰ ਵਾਲੀ ਤੋਂ ਵਿਆਹ ਦਾ ਖਰਚਾ ਲਿਆ 58
16. ਅਸੀਂ ਧੁਰੋਂ ਲਿਖਾ ਕੇ ਲਿਆਏ 61
17. ਮੈਂ ਤਾਂ ਉੱਚੇ ਖ਼ਾਨਦਾਨ ਵਾਲੀ ਆਂ 64
18. 'ਮਾਨ' ਗੋਤ ਵਾਲਿਆਂ ਦਾ ਸਿੱਕਾ ਚੱਲਿਆ 68
19. ਵਿਦੇਸ਼ੀ ਬੱਚੇ ਪੰਜਾਬੀ ਕਿਉਂ ਨਹੀਂ ਬੋਲਦੇ! 72
20. ਵਿਦੇਸ਼ਾਂ 'ਚ ਰਹਿੰਦੇ ਬੁੜ੍ਹੇ-ਬੁੜ੍ਹੀਆਂ ਤਰਸਦੇ ਆ ਇੰਡੀਆ ਆਉਣ ਲਈ! 76
21. ਹੁਣ ਵਿਆਹੁਣ ਵਲੈਤੀਏ ਮੁੰਡੇ-ਕੁੜੀਆਂ ਇੰਡੀਆ 'ਚ! 80

22. ਕਿੱਦਾ ਰਹਿੰਦੇ ਨੇ ਯੂਰਪ ਦੇਸ਼ਾਂ 'ਚ ਪੰਜਾਬੀ 83
23. ਗਰੀਨ ਕਾਰਡ ਦੀ ਖੁਸ਼ੀ 'ਚ ਲੱਡੂ ਵੰਡੀ ਗਿਆ ਨਾਲੇ ਰੋਈ ਗਿਆ! 86
24. ਮਾਂ ਦਾ ਪਿਆਰ ਡਾਲਰਾਂ ਦੀ ਤਹਿ ਥੱਲੇ ਦੱਬ ਕੇ ਰਹਿ ਗਿਆ! 89
25. ਅੱਜ ਛੁੱਟੀ ਕਰ ਲਓ ਡਾਰਲਿੰਗ... 92
26. ਉਹੀ ਸੰਪਰਕ ਕਰਨ ਜਿਹੜੇ... 95
27. ਕਦੋਂ ਤੱਕ ਝੱਲਣੇ ਪੈਣਗੇ ਰਫ਼ਿਊਜੀਆਂ ਨੂੰ ਮਿਹਣੇ 98
28. ਸਾਡੇ ਤਾਂ ਇਹੀ ਭਈਏ ਕੰਮ ਆਉਂਦੇ ਆ, ਤੁਸੀਂ ਤਾਂ ਅਮਰੀਕਾ ਰਹਿੰਦੇ ਹੋ 101
29. ਅਮਰੀਕਾ 'ਚ ਆ ਕੇ ਮੈਂ ਸਭ ਕੁਝ ਗੁਆ ਲਿਆ 105
30. ਸਾਡੇ ਬੱਚੇ ਤਾਂ ਇੰਡੀਆ 'ਚ ਪੜ੍ਹਦੇ ਹਨ 108
31. ਲੋਕ ਵਿਦੇਸ਼ਾਂ ਨੂੰ ਕਿਉਂ ਭੱਜਦੇ ਹਨ? 112
32. ਕੋਰਟ ਵਿਚ ਜਾ ਕੇ ਨਾ ਕਿਤੇ ਭਾ ਜੀ, ਭਾ ਜੀ ਕਰੀ ਜਾਈਂ 116
33. ਔਹ ਜਾਂਦਾ 500 ਪੌਂਡ ਦਾ ਚੈੱਕ 120
34. ਮਾਸੜ ਜੀ ਮਾਸੜ ਜੀ ਕਰਦੀ, ਤੁਸੀਂ ਤੁਸੀਂ ਕਹਿਣ ਲੱਗ ਪਈ! 124
35. ਜੇ ਤੇਰੀ ਮਾਂ ਹੁੰਦੀ ਫੇਰ ਵੀ.....? 128
36. ਵਿਦੇਸ਼ਾਂ ਦੀ ਦੂਜੀ ਪੀੜ੍ਹੀ ਪੰਜਾਬੀ ਜ਼ੁਬਾਨ ਬਿਲਕੁਲ ਭੁੱਲ ਜਾਵੇਗੀ 132
37. ਡਾਰਲਿੰਗ ਮੇਰੀਆਂ ਫਰੈਂਡਜ਼ ਨੇ ਘਰ ਆਉਣਾ, ਦੋ ਤਿੰਨ ਬੋਤਲਾਂ ਸ਼ਰਾਬ ਲੈ ਆਉਣਾ... 135
38. ਹੁਣ ਆਊ ਸੁਰਤ ਟਿਕਾਣੇ ਵਿਦੇਸ਼ੀ ਲਾੜਿਆਂ ਦੀ 139
39. ਸਾਡੀ ਹੁਣ ਆਪਸ ਵਿਚ ਨਹੀਂ ਬਣਦੀ 142
40. ਸਾਡਾ ਕਸੂਰ ਤਾਂ ਦੱਸੋ ਕੀ ਆ 145
41. ਵਿਆਹੇ ਗਾਇਕ ਅਤੇ ਗਾਇਕਾਵਾਂ ਤੋਂ ਵਿਦੇਸ਼ੀ ਪ੍ਰਮੋਟਰ ਭਾਰੀ ਪ੍ਰੇਸ਼ਾਨ! 148

❍ ਸੰਦੇਸ਼ 151

❍❍

1

ਪੰਜਾਬੀ ਕਲਾਕਾਰਾਂ ਦਾ ਵਿਦੇਸ਼ਾਂ ਦਾ ਸਫ਼ਲ ਟੂਰ?

ਵਿਦੇਸ਼ਾਂ ਦਾ ਸਫ਼ਲ ਟੂਰ, ਮੈਂ ਆਮ ਅਖ਼ਬਾਰਾਂ, ਰਸਾਲਿਆਂ ਅਤੇ ਕਈ ਵਾਰੀ ਕੰਧਾਂ 'ਤੇ ਕਲੀ ਨਾਲ ਲਿਖਿਆ ਦੇਖਿਆ। ਇਹ ਸਫ਼ਲ ਟੂਰ ਅਸਲ ਵਿਚ ਹੈ ਕੀ, ਇਸ ਬਾਰੇ 'ਚ ਅੱਜ ਮੈਂ ਇਕ ਛੋਟਾ ਜਿਹਾ, ਪਰ ਸੱਚਾ ਵਿਅੰਗ 'ਸੰਗੀਤ ਦਰਪਣ' ਦੇ ਪਾਠਕਾਂ ਲਈ ਲਿਖ ਰਿਹਾ ਹਾਂ।

ਪਹਿਲਾਂ-ਪਹਿਲਾਂ ਵਿਦੇਸ਼ਾਂ 'ਚ ਸ਼ੋਅ ਮਨੋਰੰਜਨ ਲਈ ਕਰਵਾਏ ਜਾਂਦੇ ਸਨ। ਆਪਣਾ ਵਤਨ ਛੱਡ ਕੇ ਆਏ ਲੱਖਾਂ ਪ੍ਰਦੇਸੀ ਆਪਣੇ ਢਿੱਡ ਵਿਚ ਆਪਣੇ ਵਤਨ ਦੀਆਂ ਅਣਗਿਣਤ ਯਾਦਾਂ ਨੂੰ ਮੁੜ ਸੰਜੀਦਾ ਕਰਨ ਲਈ ਇਨ੍ਹਾਂ ਸ਼ੋਆਂ ਦਾ ਆਨੰਦ ਮਾਣਦੇ ਸਨ। ਅੱਜ ਇਹ ਸ਼ੋਅ ਬਸ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਕੇ ਰਹਿ ਗਏ

ਹਨ। ਕਿਹੜਾ ਕਲਾਕਾਰ ਕਦੋਂ ਆਇਆ ਤੇ ਕਦ ਚਲਾ ਗਿਆ ਅਖ਼ਬਾਰ ਤੋਂ ਹੀ ਪਤਾ ਲੱਗਦਾ ਹੈ। ਜਦ ਪੜ੍ਹ ਕੇ ਬੜਾ ਹੈਰਾਨ ਹੋਈਦਾ ਕਿ ਸਾਡੇ ਘਰਾਂ ਕੋਲ ਹੀ ਐਡਾ ਵੱਡਾ ਸ਼ੋਅ ਹੋਇਆ ਅਤੇ ਸਾਨੂੰ ਪਤਾ ਵੀ ਨਾ ਲੱਗਾ। ਇਹ ਸ਼ੋਅ ਕਦੋਂ ਹੋਇਆ, ਕਦੋਂ ਇਹ ਸ਼ੋਅ ਸਫ਼ਲ ਰਿਹਾ, ਕਿਹੜੇ-ਕਿਹੜੇ ਕਲਾਕਾਰਾਂ ਨੇ ਰੰਗ ਬੰਨ੍ਹਿਆ, ਬੱਸ ਅਖ਼ਬਾਰਾਂ 'ਚ ਪੜ੍ਹਨ ਨੂੰ ਮਿਲਦਾ। ਦੇਖਣ ਨੂੰ ਕੁਝ ਵੀ ਨਹੀਂ।

ਇਹ ਸਾਰੀ ਬਿਮਾਰੀ ਪਿੱਛੇ ਜਿਹੇ ਪਲੇਗ ਦੀ ਬਿਮਾਰੀ ਵਾਂਗ ਕਾਫੀ ਜ਼ੋਰ ਫੜ ਗਈ ਸੀ। ਇਸ ਬਿਮਾਰੀ ਦੀ ਜੜ੍ਹ ਕਲਾਕਾਰ ਬਣਾ ਕੇ ਬਾਹਰ ਕਬੂਤਰ ਲਿਜਾਣੇ ਸਨ। ਬੱਸ ਹੁਣ ਇਹ ਗੇਮ ਬਿਲਕੁਲ ਠੰਢੀ ਪੈ ਗਈ ਅਤੇ ਹੁਣ ਅਸਲੀ ਗਾਉਣ ਵਾਲਿਆਂ ਨੂੰ ਵੀ ਬਾਹਰ ਆਉਣ ਲਈ ਪਤਾ ਨਹੀਂ ਕਿੰਨੇ ਤਰਲੇ ਕੱਢਣੇ ਪੈਂਦੇ ਹਨ। ਇਸ ਗੇਮ ਸਦਕਾ ਹੀ ਅੱਜ ਪੰਜਾਬ ਦਾ ਹਰ ਨੌਜਵਾਨ ਪੜ੍ਹ ਲਿਖ ਕੇ ਵੀ ਗਾਉਣ ਵਾਲਾ ਬਣਨ ਵਿਚ ਕਾਫੀ ਵਿਸ਼ਵਾਸ ਰੱਖਦਾ ਹੈ ਅਤੇ ਜਿਹੜੇ ਪਹਿਲਾਂ ਹੀ ਕਿਸੇ ਕਲਾਕਾਰ ਨਾਲ ਜਾਂ ਕਿਸੇ ਹੋਰ ਸੰਗੀਤਕ ਸਭਾ ਨਾਲ ਸਬੰਧ ਰੱਖਦੇ ਸੀ ਉਨ੍ਹਾਂ ਨੇ ਝੱਟ ਇਸ ਫੈਸਲੇ ਨੂੰ ਰੰਗਤ ਦਿੱਤੀ ਅਤੇ ਆਪਣਾ ਫੱਟਾ ਲਿਖਵਾ ਲਿਆ। ਇਹ ਦੌੜ ਕਈਆਂ ਨੂੰ ਬਹੁਤ ਰਾਸ ਆਈ ਅਤੇ ਕਈ ਵਿਚਾਰੇ ਨਾ ਗਾਉਣ ਵਾਲੇ ਬਣੇ ਨਾ ਸਾਜਿੰਦੇ ਰਹੇ। ਇਸ ਛੋਟੀ ਪਰ ਤੇਜ਼ ਦੌੜ ਦੀ ਇਕ ਘਟਨਾ ਇੰਜ ਹੋਈ ਕਿ ਇਕ ਵਾਰ ਇਕ ਪ੍ਰਮੋਟਰ ਨੇ ਆਪਣਾ ਇਕ ਗਰੁੱਪ ਅਮਰੀਕਾ ਸ਼ੋਅ ਲਈ ਲਿਆਂਦਾ। ਪ੍ਰਮੋਟਰ ਵੀ ਬਾਣੀਆਂ ਵਾਂਗੂੰ ਸੋਚ ਕੇ ਖਰਚ ਕਰਦੇ ਸਨ। ਬਈ ਇਨ੍ਹਾਂ ਨੂੰ ਹੋਟਲ 'ਚ ਰੱਖੀਏ ਜਾਂ ਫਿਰ ਇਕ ਕਮਰਾ ਕਿਰਾਏ 'ਤੇ ਲੈ ਦਈਏ, ਬਗੈਰਾ-ਬਗੈਰਾ....।

ਚੰਗੇ ਅਤੇ ਅਸਲੀ ਕਲਾਕਾਰਾਂ ਦਾ ਅੱਜ ਵੀ ਓਨਾ ਹੀ ਮਾਣ ਹੈ, ਜਿੰਨਾ ਪਹਿਲਾਂ ਸੀ। ਇਹ ਗੱਲ ਸਿਰਫ ਮੈਂ ਕਬੂਤਰ ਛੱਡਣ ਵਾਲੇ ਕਲਾਕਾਰਾਂ ਦੀ ਕਰ ਰਿਹਾ ਹਾਂ। ਗੁੱਸਾ ਨਹੀਂ ਕਰਨਾ ਇਸ ਗੇਮ ਵਿਚ ਵੱਡੇ ਅਤੇ ਅਸਲੀ ਕਲਾਕਾਰਾਂ ਦਾ ਵੀ ਕਾਫੀ ਹੱਥ ਰਿਹਾ ਹੈ। ਪਰ ਉਹ ਸਮੇਂ ਦੀ ਨਜ਼ਾਕਤ ਨੂੰ ਝੱਟ ਸਮਝ ਗਏ ਅਤੇ ਫਟਾਫਟ ਇਕ ਦੋ ਅਸਲੀ ਸ਼ੋਅ ਕਰਕੇ ਆਪਣੇ ਪਿਛਲੇ ਸ਼ੋਆਂ 'ਤੇ ਅਸਲ ਮੋਹਰ ਲਾਉਣ ਵਿਚ ਕਾਮਯਾਬ ਹੋ ਗਏ। ਤਾਂ ਮੈਂ ਗੱਲ ਕਰ ਰਿਹਾ ਸੀ ਬਈ ਜਦੋਂ ਉਹ ਗਰੁੱਪ ਇਥੇ ਲਿਆਂਦਾ, ਉਹ ਤਾਂ ਭਾਈ ਆਪਣੀਆਂ ਤੂੰਬੀਆਂ ਢੋਲਕੀਆਂ ਕੱਸੀ ਫਿਰਨ, ਬਈ ਹੁਣ ਅਸੀਂ ਅਮਰੀਕਾ 'ਚ ਗਾਉਣਾ ਆ। ਕਈ ਸਾਜਿੰਦੇ ਜਿਹੜੇ ਵਿਚਾਰੇ ਇੰਡੀਆ ਵਿਚ ਬੀੜੀ ਵੀ ਮੰਗ ਕੇ ਪੀਂਦੇ ਸੀ ਉਹ ਅਮਰੀਕਾ ਵਿਚ ਬੀਅਰ ਪੀ ਕੇ ਸਿਗਰਟ ਦਾ ਧੂੰਆਂ ਵੀ ਉੱਪਰ ਨੂੰ ਮੂੰਹ ਕਰਕੇ ਛੱਡਦੇ। ਖੈਰ ਉਹ ਕੋਈ ਦਸ-ਬਾਰਾਂ ਬੰਦਿਆਂ ਦਾ ਗਰੁੱਪ ਰਹਿ ਗਿਆ। ਜਦੋਂ ਇੰਡੀਆ ਤੋਂ ਤੁਰੇ ਸੀ ਉਸ ਟਾਈਮ ਉਹ ਕੋਈ ਬਤਾਲੀ ਬੰਦਿਆਂ ਦਾ ਭਾਵ ਕਲਾਕਾਰਾਂ ਦਾ ਗਰੁੱਪ ਸੀ। ਉਨ੍ਹਾਂ ਵਿਚੋਂ ਤੀਹ ਜਿਹੜੇ ਕਬੂਤਰ ਸੀ ਉਹ ਤਾਂ ਆਪਣੇ-ਆਪਣੇ ਰਿਸ਼ਤੇਦਾਰਾਂ ਦੀਆਂ ਛੱਤਰੀਆਂ 'ਤੇ ਜਾ ਬੈਠੇ। ਰਹਿ ਗਏ ਵਿਚਾਰੇ ਨੈਣ ਵਾਂਗ ਨਾਲ ਆਏ ਪੰਜਾਬ ਦੇ ਗਵੱਈਏ। ਪ੍ਰਮੋਟਰ ਨੂੰ ਕਹਿੰਦੇ

ਭਾਜੀ ਆਪਣਾ ਸ਼ੋਅ ਕਿੱਥੇ ਆ-ਸਾਨੂੰ ਉਹ ਜਗ੍ਹਾ ਤਾਂ ਦਿਖਾ ਦੇਵੋ। ਪ੍ਰਮੋਟਰ ਕਹਿੰਦਾ ਬਹਿ ਜਾਓ ਆਰਾਮ ਨਾਲ ਮੈਂ ਤੁਹਾਡਾ ਸ਼ੋਅ ਕਰਵਾ ਕੇ ਲੋਕਾਂ ਤੋਂ ਕੁੱਟ ਖਾਣੀ ਆ। ਪ੍ਰਮੋਟਰ ਨੇ ਉਨ੍ਹਾਂ ਨੂੰ ਦੋ ਕਮਰੇ ਲੈ ਦਿੱਤੇ। ਇਕ ਵਿਚ ਇਕ ਗਾਇਕਾ ਅਤੇ ਉਸ ਦਾ ਪਤੀ ਗਾਇਕ ਅਤੇ ਦੂਸਰੇ ਵਿਚ ਬਾਕੀ ਰਹਿੰਦੇ ਦਸ ਕਲਾਕਾਰ ਅਤੇ ਸਾਜਿੰਦੇ ਤੇ ਇਕ ਉਨ੍ਹਾਂ ਵਿਚ ਪ੍ਰਸਿੱਧ ਗੀਤਕਾਰ। ਕਲਾਕਾਰ ਦੀ ਪਤਨੀ ਯਾਨੀ ਗਾਇਕਾ ਸਵੇਰੇ ਉੱਠ ਕੇ ਪਹਿਲਾਂ ਤਾਂ ਸਾਰਿਆਂ ਲਈ ਚਾਹ ਨਾਲ ਪਰੌਂਠੇ ਅਤੇ ਬਾਅਦ ਵਿਚ ਦੁਪਹਿਰ ਤੇ ਰਾਤ ਦਾ ਖਾਣਾ ਤਿਆਰ ਕਰਿਆ ਕਰੇ। ਮੈਂ ਦੱਸਣਾ ਭੁੱਲ ਗਿਆ ਕਿ ਪ੍ਰਮੋਟਰ ਨੇ ਉਨ੍ਹਾਂ ਨੂੰ ਸਾਰਾ ਸਾਮਾਨ ਲਿਆ ਕੇ ਦਿੱਤਾ। ਭਾਵ ਆਟਾ, ਦਾਲਾਂ, ਪਿਆਜ਼। ਸੋ ਰੋਟੀ ਤਿਆਰ ਕਰਨ ਲਈ ਲੂਣ ਮਿਰਚ, ਮਸਾਲਾ ਚਾਹੀਦਾ ਸੀ ਅਤੇ ਨਾਲ ਹੀ ਇਕ ਦੇਸੀ ਦੁਕਾਨ ਦਾ ਪਤਾ ਦਸ ਦਿੱਤਾ। ਬਈ, ਇਥੋਂ ਜਿਹੜੀ ਚੀਜ਼ ਮੁੱਕੇ ਉਹ ਲੈ ਲੈਣੀ ਆ, ਤੁਹਾਡਾ ਦੱਸ ਦਿਨਾਂ ਦਾ ਪ੍ਰੋਗਰਾਮ ਹੈ ਇਥੇ ਠਹਿਰਨ ਦਾ ਅਤੇ ਫਿਰ ਮੇਰਾ ਦੂਸਰਾ ਗਰੁੱਪ ਤਿਆਰ ਪਿਆ ਹੈ ਆਉਣ ਲਈ। ਲਓ ਜੀ ਗਾਇਕਾ ਨਾਲੇ ਤਾਂ ਰੋਟੀਆਂ ਪਕਾਇਆ ਕਰੇ ਤੇ ਨਾਲੇ ਆਪਣੇ ਘਰ ਵਾਲੇ ਨੂੰ ਕਿਹਾ ਕਰੇ ਕਿ ਸਾਜਿੰਦੇ ਭਾਂਡੇ ਤਾਂ ਧੋਅ ਦਿਆ ਕਰਨ। ਦੋ ਕੁ ਦਿਨ ਤਾਂ ਉਨ੍ਹਾਂ ਲੜ ਘੁਲ ਕੇ ਕੱਢੇ, ਪਰ ਤੀਜੇ ਦਿਨ ਮਸਲਾ ਬਣ ਗਿਆ ਨਾ ਚਾਹ ਮਿਲੀ ਨਾ ਰੋਟੀ। ਗਾਇਕਾ ਰੁੱਸ ਗਈ ਕਹਿੰਦੀ ਮੈਥੋਂ ਨਹੀਂ ਪੱਕਦੀਆਂ ਰੋਟੀਆਂ ਐਨੇ ਬੰਦਿਆਂ ਦੀਆਂ। ਖੈਰ, ਉਨ੍ਹਾਂ ਬੈਠ ਕੇ ਮਤਾ ਪਾਸ ਕੀਤਾ ਬਈ ਜਿੰਦਾਂ ਕਿੱਦਾਂ ਵੀ ਹੈ ਆਪਾਂ ਟਾਈਮ ਪਾਸ ਕਰੀਏ। ਉਹ ਆਖਰ ਇਸ ਨਤੀਜੇ 'ਤੇ ਪਹੁੰਚੇ ਬਈ, ਗਾਇਕਾ ਰੋਟੀ ਬਣਾਊ, ਦੋ ਬੰਦੇ ਸਬਜ਼ੀ ਬਣਾਇਆ ਕਰਨਗੇ, ਇਕ ਬੰਦਾ ਲਸਣ, ਪਿਆਜ਼ ਛਿੱਲੂ ਅਤੇ ਦੋ ਬੰਦੇ ਭਾਂਡੇ ਧੋਇਆ ਕਰਨਗੇ। ਇਸੇ ਤਰ੍ਹਾਂ ਉਨ੍ਹਾਂ ਪੂਰੇ ਦਿਨ ਦਾ ਸ਼ਡਿਊਲ ਬਣਾ ਲਿਆ, ਪਰ ਇਸ ਵਿਚ ਮੁਸ਼ਕਿਲ ਗੀਤਕਾਰ ਨੂੰ ਆਈ, ਜਿਹਨੇ ਵਿਚਾਰੇ ਨੇ ਸੁਫਨੇ ਵਿਚ ਵੀ ਨਹੀਂ ਸੋਚਿਆ ਹੋਣਾ ਕਿ ਅਮਰੀਕਾ ਵਿਚ ਜਾ ਕੇ ਸਾਜਿੰਦਿਆਂ ਦੇ ਜੂਠੇ ਭਾਂਡੇ ਧੋਣੇ ਪੈਣਗੇ। ਖੈਰ ਉਹਨੇ ਚਲਾਕੀ ਤੋਂ ਕੰਮ ਲਿਆ। ਜਦੋਂ ਭਾਂਡੇ ਧੋਣ ਦੀ ਵਾਰੀ ਆਇਆ ਕਰੇ ਉਹ ਵਾਜੇ 'ਤੇ ਖਾਲੀ ਪੇਪਰ ਰੱਖ ਕੇ ਬੈਠ ਜਾਇਆ ਕਰੇ। ਨਾਲ ਕਿਹਾ ਕਰੇ ਮੈਨੂੰ ਨਾ ਬੁਲਾਓ ਮੇਰੇ ਦਿਮਾਗ ਵਿਚ ਇਕ ਨਵਾਂ ਆਈਡੀਆ ਆਇਆ ਮੈਂ ਗੀਤ ਲਿਖਣ ਲੱਗਾ ਆਂ। ਉਧਰ ਭਾਂਡੇ ਧੋ ਹੋ ਜਾਇਆ ਕਰਨ ਉਧਰ ਉਹਦਾ ਗੀਤ ਪੂਰਾ ਲਿਖ ਹੋ ਜਾਇਆ ਕਰੇ। ਹੋ ਸਕਦਾ ਉਹਨੇ ਭਾਂਡਿਆਂ 'ਤੇ ਹੀ ਗੀਤ ਲਿਖੇ ਹੋਣ।

ਉਹੀ ਗਰੁੱਪ ਜਦੋਂ ਇੰਡੀਆ ਪਹੁੰਚਿਆ ਤਾਂ ਉਨ੍ਹਾਂ ਅਖ਼ਬਾਰ ਵਿਚ ਲਿਖ ਦਿੱਤਾ ਕਿ ਵਿਦੇਸ਼ਾਂ ਦਾ ਸਫ਼ਲ ਟੂਰ ਲਾ ਕੇ ਮੁੜ ਆਪਣੇ ਵਤਨ ਪਰਤ ਆਏ ਆਂ। ਪ੍ਰੋਗਰਾਮ ਬੁੱਕ ਕਰਨ ਲਈ ਫੋਨ ਕਰੋ। ਇੰਡੀਆ ਦੇ ਸਰੋਤਿਆਂ ਨੂੰ ਪਤਾ ਨਹੀਂ ਹੁੰਦਾ ਕਿ ਇਹ ਕਿਸ ਤਰ੍ਹਾਂ ਦਿਨ ਕੱਟ ਕੇ ਆਏ ਆ।

OO

2

ਨਿਊਯਾਰਕ ਵਿਚ ਪੰਜਾਬੀ ਕਲਾਕਾਰ ਦੇ ਡਰਾਮੇ

ਅੱਜ ਹਰ ਮਨੁੱਖ ਆਪਣੇ ਜੀਵਨ ਵਿਚ ਤਰੱਕੀ ਦੇ ਨਾਲ-ਨਾਲ ਆਪਣੀ ਸੋਚ ਤੇ ਆਪਣੀਆਂ ਆਦਤਾਂ ਬਦਲਦਾ ਰਹਿੰਦਾ ਹੈ, ਪਰ ਉਦੋਂ ਇਸ ਤਰ੍ਹਾਂ ਦੇ ਮਨੁੱਖ ਹੋਰ ਵੀ ਤਰੱਕੀ ਕਰਦੇ ਹਨ ਜੇਕਰ ਇਨ੍ਹਾਂ ਦੀਆਂ ਆਪਣੀਆਂ ਆਦਤਾਂ ਲੋਕਾਂ ਨਾਲ ਸ਼ੇਅਰ ਕਰਨ ਦੀਆਂ ਹੋਣ, ਜਾਂ ਅਸੀਂ ਆਪਣੇ ਉਨ੍ਹਾਂ ਲੋਕਾਂ ਨੂੰ ਮੱਦੇਨਜ਼ਰ ਰੱਖ ਕੇ ਬਦਲੀਏ, ਜਿਨ੍ਹਾਂ ਸਾਨੂੰ ਇਸ ਕਾਬਲ ਬਣਾਇਆ ਕਿ ਅਸੀਂ ਅੱਜ ਸ਼ੋਹਰਤ ਦੇ ਉਸ ਪਹਿਲੂ ਉੱਪਰ ਖੜ੍ਹੇ ਹਾਂ, ਜਿਸ ਦੀ ਨੀਂਹ ਇਹ ਲੋਕ ਹਨ। ਮੈਂ ਇਹ ਗੱਲ ਕਿਸੇ ਮਹਿਕਮੇ ਜਾਂ ਕਿਸੇ ਹੋਰ ਅਦਾਰੇ ਦੀ ਨਹੀਂ ਕਰ ਰਿਹਾ। ਇਹ ਗੱਲ ਮੈਂ ਅੱਜ ਦੇ ਚਰਚਿਤ ਖੇਤਰ ਜਾਂ ਚਰਚਿਤ ਗਾਇਕੀ ਲਾਈਨ ਦੀ ਕਰ ਰਿਹਾ ਹਾਂ, ਜਿਸ 'ਚ ਆ

ਕੇ ਅੱਜ ਹਜ਼ਾਰਾਂ ਗਾਇਕਾਂ ਨੇ ਆਪਣੀ ਕਿਸਮਤ ਦਾ ਸਿੱਕਾ ਅਜ਼ਮਾਇਆ ਅਤੇ ਬਹੁਤ ਘੱਟ ਕਾਮਯਾਬ ਹੋਏ ਹਨ। ਬਹੁਤਿਆਂ ਨੂੰ ਇਹ ਅਹਿਸਾਸ ਹੋਇਆ ਕਿ ਇਹ ਐਡਾ ਸੌਖਾ ਕੰਮ ਨਹੀਂ ਹੈ ਅਤੇ ਕੁਝ ਕੁ ਤਾਂ ਹਾਰ ਮੰਨ ਕੇ ਛੱਡ ਗਏ। ਪਰ ਥੋੜ੍ਹਿਆਂ ਨੇ ਇਸ ਨੂੰ ਹੀ ਰੱਬ ਦੀ ਬਖਸ਼ਿਸ਼ ਸਮਝ ਕੇ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ ਕਿ ਕਾਸ਼ ਇਕ ਨਾ ਇਕ ਦਿਨ ਤਾਂ ਰੱਬ ਜ਼ਰੂਰ ਸੁਣੂਗਾ। ਵੈਸੇ ਤਾਂ ਹਰ ਗਾਇਕ ਨੂੰ ਗਾਇਕ ਬਣਨ ਤੋਂ ਪਹਿਲਾਂ ਕਿਸੇ ਚੰਗੇ ਗੁਰੂ ਤੋਂ ਗਾਇਕੀ ਦੀਆਂ ਬਾਰੀਕੀਆਂ ਬਾਰੇ ਸਮਝਣਾ ਚਾਹੀਦਾ ਹੈ। ਰਾਗਾਂ ਦੀ ਜਾਣਕਾਰੀ ਅਤੇ ਸੁਰ-ਲੈਅ ਦਾ ਪੂਰਾ-ਪੂਰਾ ਧਾਰਣੀ ਹੋਣਾ ਚਾਹੀਦਾ ਹੈ। ਇਸ ਤੋਂ ਬਾਅਦ ਹੀ ਉਹ ਇਕ ਸੁਰੀਲਾ ਤੇ ਵਧੀਆ ਗਾਇਕ ਬਣ ਸਕਦਾ ਹੈ। ਮੈਂ ਬਹੁਤਾ ਏਸ ਪਾਸੇ ਵੱਲ ਨਾ ਜਾਵਾਂ ਅਤੇ ਆਪਣੇ ਅਸਲੀ ਪੁਆਇੰਟ ਵੱਲ ਆਵਾਂ। ਪਿੱਛੇ ਜਿਹੇ ਭਾਵ ਪਿਛਲੇ ਸਾਲ ਅਮਰੀਕਾ ਦੀ ਫੇਰੀ ਦੌਰਾਨ ਇਕ ਗਰੁੱਪ ਨਿਊਯਾਰਕ 'ਚ ਸ਼ੋਅ ਲਈ ਆਇਆ, ਕਲਾਕਾਰ ਸਾਰੇ ਹੀ ਚੋਟੀ ਦੇ ਸੀ ਅਤੇ ਪ੍ਰੋਮੋਟਰ ਨੂੰ ਵੀ ਪੂਰਾ ਮਾਣ ਸੀ ਕਿ ਹੁਣ ਚਾਰ ਪੈਸੇ ਹੱਥ ਆ ਜਾਣਗੇ। ਸ਼ਾਇਦ ਹਰ ਬਿਜ਼ਨੈੱਸਮੈਨ ਇਵੇਂ ਹੀ ਸੋਚਦਾ ਹੋਵੇਗਾ।

ਸ਼ੋਅ ਬਹੁਤ ਵੱਡੇ ਹਾਲ ਵਿਚ ਰੱਖਿਆ ਗਿਆ। ਬੜੀ ਮਸ਼ਹੂਰੀ ਕੀਤੀ ਗਈ। ਟੈਲੀਵਿਜ਼ਨ, ਅਖ਼ਬਾਰਾਂ ਅਤੇ ਰੇਡੀਓ 'ਤੇ। ਪਰ ਹੋਇਆ ਇਹ ਕਿ ਸ਼ੋਅ ਜਿਥੇ ਦਸ ਹਜ਼ਾਰ ਬੰਦਿਆਂ ਦਾ ਹਾਲ ਸੀ, ਉਥੇ ਸਿਰਫ ਇਕ ਹਜ਼ਾਰ ਦੇ ਕਰੀਬ ਇਸ ਸ਼ੋਅ ਨੂੰ ਦੇਖਣ ਵਾਲੇ ਚਾਹਵਾਨ ਪਹੁੰਚੇ। ਖੈਰ! ਇਹ ਦੇਖ ਕੇ ਕਲਾਕਾਰਾਂ ਨੂੰ ਤਾਂ ਅਹਿਸਾਸ ਹੋ ਗਿਆ ਕਿ ਸਾਡੇ ਸਰੋਤੇ ਦੋ ਤਿੰਨ ਡਾਲਰ ਦੀ ਟੇਪ ਤਾਂ ਖਰੀਦ ਕੇ ਸੁਣ ਸਕਦੇ ਆ ਪਰ 25-30 ਡਾਲਰ ਦੀਆਂ ਟਿਕਟਾਂ ਲੈ ਕੇ ਨਹੀਂ ਸਾਨੂੰ ਦੇਖ ਸਕਦੇ। ਇਹ ਗੱਲਾਂ ਮੈਂ ਤਾਂ ਪਾਠਕਾਂ ਨਾਲ ਸਾਂਝੀਆਂ ਕਰ ਰਿਹਾ ਹਾਂ ਕਿ ਜਿਨ੍ਹਾਂ ਕਲਾਕਾਰਾਂ ਨੂੰ ਆਪਣੇ ਆਪ 'ਤੇ ਪੂਰਾ ਮਾਣ ਸੀ, ਕਿ ਅਸੀਂ ਤਾਂ ਫੇਰ ਵੀ ਅਸੀਂ ਹਾਂ। ਉਹ ਫਿਰ ਵੀ ਟੱਸ ਤੋਂ ਮੱਸ ਨਾ ਹੋਏ ਕਿ ਹੁਣੇ ਹੀ ਸਮਝ ਜਾਈਏ ਕਿ ਸਰੋਤਿਆਂ ਦਾ ਸਾਡੇ ਨਾਲ ਕਿੰਨਾ ਕੁ ਪਿਆਰ ਹੈ। ਪਰ ਨਹੀਂ ਬਾਜ਼ ਨਹੀਂ ਆਏ। ਖ਼ੈਰ ਪ੍ਰਮੋਟਰ ਵੀ ਨਵੇਂ ਸੀ, ਉਨ੍ਹਾਂ ਦਾ ਭੂਤ ਵੀ ਨਿਕਲ ਗਿਆ। ਸਾਨੂੰ ਵੈਸੇ ਕਿਸੇ ਨਾਲ ਨਿੱਜੀ ਦੁਸ਼ਮਣੀ ਨਹੀਂ ਇਹ ਇਸ ਲਈ ਲਿਖਿਆ ਕਿ ਬਿਨਾਂ ਤਜਰਬੇ ਤੋਂ ਕੋਈ ਕੰਮ ਸਿਰੇ ਨਹੀਂ ਚੜ੍ਹਦਾ। ਬਹੁਤ ਘੱਟ ਲੋਕ ਹਨ ਜਿਨ੍ਹਾਂ ਦੀ ਕਿਸਮਤ ਸਾਥ ਦਿੰਦੀ ਹੈ। ਗੱਲ ਮੁਕਦੀ ਕਰੀਏ, ਬਈ ਸ਼ੋਆਂ ਤੋਂ ਬਾਅਦ ਪ੍ਰਮੋਟਰਾਂ ਨੇ ਇਕ ਖੁਲ੍ਹੀ ਪਾਰਕ 'ਚ ਕਲਾਕਾਰਾਂ ਦਾ ਥੋੜ੍ਹਾ ਪਿਕਨਿਕ ਤੌਰ 'ਤੇ ਕੁਝ ਕੁ ਆਪਣੇ ਖਾਸ ਦੋਸਤਾਂ-ਮਿੱਤਰਾਂ ਤੇ ਰਿਸ਼ਤੇਦਾਰਾਂ ਦਾ ਇਕ ਸਾਂਝਾ ਪ੍ਰੋਗਰਾਮ ਸੁੱਮਾ, ਛੋਟਾ ਜਿਹਾ ਇਕੱਠ ਕੀਤਾ। ਉਸ ਵਿਚ ਗਾਉਣ ਦਾ ਕੋਈ ਪ੍ਰੋਗਰਾਮ ਨਹੀਂ ਸੀ। ਬੱਸ ਬਈ ਸਾਰੇ ਨਾਲੇ ਕਲਾਕਾਰਾਂ ਨੂੰ ਮਿਲ ਲੈਣਗੇ। ਨਾਲ ਹੀ ਅਗਰ ਕੋਈ ਚਾਹਵੇ ਫੋਟੋ ਵੀ ਖਿਚਵਾ ਸਕਦਾ ਹੈ। ਮੇਰੇ ਬੜੇ ਹੀ ਕਰੀਬੀ ਦੋਸਤ ਦੀ ਫੈਮਿਲੀ ਵੀ

ਉਥੇ ਗਈ ਹੋਈ ਸੀ। ਉਨ੍ਹਾਂ ਨੂੰ ਬੜਾ ਚਾਅ ਸੀ ਕਿ ਇਕ ਉੱਘੇ ਅਤੇ ਲੋਕ ਗਾਇਕ ਨਾਲ ਸਾਨੂੰ ਪ੍ਰਸਨਲੀ ਮਿਲਣ ਦਾ ਮੌਕਾ ਮਿਲਿਆ ਹੈ। ਖੈਰ ਉਹ ਪਾਰਕ 'ਚ ਆ ਗਏ। ਸਾਰੇ ਕਲਾਕਾਰਾਂ ਨੂੰ ਮਿਲੇ ਅਤੇ ਉਸ ਲੋਕ ਗਾਇਕ ਨੂੰ ਵੀ ਮਿਲੇ, ਬੱਸ ਹੈਲੋ-ਹੈਲੋ ਹੋਈ ਤੇ ਉਹ ਫੇਰ ਤੁਰ ਪਿਆ ਭਾਵ ਪਾਰਕ 'ਚ ਹੀ ਇਧਰ ਉਧਰ, ਇਕ ਉਹਨੂੰ ਨਾਮੁਰਾਦ ਬਿਮਾਰੀ ਪ੍ਰਮੋਟਰਾਂ ਨੇ ਮੋਬਾਈਲ ਫੋਨ ਦੇ ਰੱਖਿਆ ਸੀ। ਮੇਰੇ ਦੋਸਤ ਦੀ ਵਾਈਫ ਯਾਣੀ ਮੇਰੀ ਭਾਬੀ ਜਦ ਵੀ ਕਲਾਕਾਰ ਨਾਲ ਕੋਈ ਗੱਲ ਸ਼ੁਰੂ ਕਰਨ ਦੀ ਕੋਸ਼ਿਸ਼ ਕਰਨ, ਉਹਦਾ ਫੋਨ ਵੱਜਣ ਲੱਗ ਪਵੇ ਅਤੇ ਉਹ ਕੰਨ ਲਾ ਕੇ, ਫੇਰ ਪਰ੍ਹੇ ਹੋ ਜਾਵੇ। ਦੋ ਤਿੰਨ ਵਾਰ ਜਦ ਉਹਨੇ ਏਦਾਂ ਕੀਤਾ ਤਾਂ ਸਾਡੇ ਭਾਬੀ ਜੀ ਗੁੱਸੇ 'ਚ ਆ ਗਏ। ਕਹਿੰਦੇ ਖਸਮਾਂ ਨੂੰ ਖਾ ਜੇ ਤੂੰ ਕਲਾਕਾਰ ਹੋਏਂਗਾ ਆਪਣੇ ਘਰ ਹੋਏਂਗਾ, ਅਸੀਂ ਕੀ ਤੈਥੋਂ ਲੈਣਾ। ਖੈਰ ਕਹਿੰਦੀ ਜੋ ਮੇਰੇ ਮੂੰਹ ਆਇਆ ਮੈਂ ਕਿਹਾ। ਬਾਅਦ 'ਚ ਪਤਾ ਚਲਿਆ ਕਿ ਇਹ ਗੇਮ ਚਲਾਕ ਪ੍ਰਮੋਟਰ ਹੀ ਕਰ ਰਹੇ ਸਨ। ਉਹ ਦੂਰ ਗੱਡੀ 'ਚ ਬੈਠੇ ਸੀ ਜਦੋਂ ਵੀ ਉਨ੍ਹਾਂ ਦੇ ਕਲਾਕਾਰਾਂ ਨਾਲ ਕੋਈ ਗੱਲ ਕਰਨ ਲੱਗਦਾ ਸੀ, ਉਹ ਫੋਨ ਘੁਮਾ ਦਿੰਦੇ ਸਨ। ਮੈਂ ਸੋਚਿਆ ਅਗਰ ਉਹ ਬੇਵਕੂਫ ਕਲਾਕਾਰ ਗਾਇਕ ਦੋ ਮਿੰਟ ਗੱਲ ਕਰ ਲੈਂਦਾ ਉਹਦੀ ਚਰਚਾ ਇਥੋਂ ਤੱਕ ਨਾ ਪਹੁੰਚਦੀ। ਅਸੀਂ ਲੇਖ ਨੂੰ ਹੋਰ ਵੀ ਪਾਲਿਸ਼ ਕਰ ਸਕਦੇ ਸੀ ਪਰ ਮੈਂ ਪਾਠਕਾਂ ਨੂੰ ਸ਼ਬਦਾਂ ਦੀ ਵਲਗਣ 'ਚ ਪੈਣ ਤੋਂ ਬਗੈਰ ਸੱਚੀ ਤੇ ਸਹੀ ਤਸਵੀਰ ਦਿਖਾਉਣਾ ਚਾਹੁੰਦਾ ਹਾਂ। ਕੋਈ ਵੀ ਗਾਇਕ ਹੈ, ਕਿਸੇ ਵੀ ਮੁਕਾਮ 'ਤੇ ਪਹੁੰਚਿਆ ਹੈ। ਪਰ ਉਸ ਨੂੰ ਇਹ ਗੱਲ ਜ਼ਰੂਰ ਧਿਆਨ 'ਚ ਰੱਖਣੀ ਚਾਹੀਦੀ ਹੈ ਕਿ ਸਰੋਤੇ ਕਲਾਕਾਰ ਦੀ ਮਾਂ ਹੁੰਦੇ ਹਨ। ਅਗਰ ਇਨ੍ਹਾਂ ਰੱਬ ਵਰਗੇ ਸਰੋਤਿਆਂ ਨਾਲ ਅਜਿਹਾ ਫਰਾਡ ਕਰੋਗੇ ਤਾਂ ਇਹੀ ਸਰੋਤੇ ਕਲਾਕਾਰ ਨੂੰ ਅਰਸ਼ ਤੋਂ ਫਰਸ਼ 'ਤੇ ਸੁੱਟ ਦਿੰਦੇ ਹਨ ਤੇ ਫੇਰ ਇਸ ਤੇਜ਼ ਵਗਦੀ ਗਾਇਕੀ ਦੀ ਹਨੇਰੀ ਵਿਚ ਮੁੜ ਕੇ ਪੈਰਾਂ 'ਤੇ ਨਹੀਂ ਖੜ੍ਹਿਆ ਜਾਂਦਾ। ਅਮਰੀਕਾ ਵਰਗੇ ਮੁਲਕ ਵਿਚ ਆ ਕੇ ਤਾਂ ਗਾਇਕ ਵੈਸੇ ਹੀ ਅਮਰ ਹੋ ਜਾਂਦੇ ਹਨ, ਅਗਰ ਵਿਦੇਸ਼ਾਂ ਵਿਚ ਆ ਕੇ ਵੀ ਲੋਕਾਂ ਨੂੰ ਨਹੀਂ ਮਿਲਣਾ ਤਾਂ ਫੇਰ ਤਾਂ?....

○○

3

ਗੀਤਕਾਰ ਗਾਉਣ ਕਿਉਂ ਲੱਗੇ?

ਪ੍ਰਮਾਤਮਾ ਨੇ ਹਰ ਇਨਸਾਨ ਨੂੰ ਉਸ ਦੀ ਪਛਾਣ ਬਣਾਉਣ ਲਈ ਵੱਖਰਾ-ਵੱਖਰਾ ਗੁਣ ਦਿੱਤਾ। ਜਿਵੇਂ ਕੋਈ ਵਧੀਆ ਗਾਇਕ ਹੋ ਸਕਦਾ, ਵਧੀਆ ਗੀਤਕਾਰ ਨਹੀਂ ਜਾਂ ਵਧੀਆ ਬਿਜ਼ਨੈੱਸਮੈਨ ਨਹੀਂ ਜਾਂ ਕਿਸੇ ਹੋਰ ਖੇਤਰ 'ਚ ਏਨੀ ਵਧੀਆ ਪ੍ਰਾਪਤੀ ਨਹੀਂ ਕਰ ਸਕਦਾ ਜਿੰਨੀ ਉਸ ਨੂੰ ਆਪਣੀ ਕਲਮ ਰਾਹੀਂ ਸ਼ੋਹਰਤ ਮਿਲ ਸਕਦੀ ਹੈ। ਭਾਵ ਹਰ ਇਕ ਇਨਸਾਨ 'ਚ ਪ੍ਰਮਾਤਮਾ ਨੇ ਵੱਖਰੇ-ਵੱਖਰੇ ਗੁਣ ਦਿੱਤੇ ਹਨ। ਪਰ ਕਈਆਂ ਨੂੰ ਉਸ ਨੇ ਛੱਤ ਪਾੜ ਕੇ ਵੀ ਗੁਣਾਂ ਦੇ ਖਜ਼ਾਨੇ ਬਖਸ਼ੇ ਹਨ। ਜਿਵੇਂ ਮੈਂ ਗੱਲ ਕਲਾਕਾਰੀ ਦੇ ਖੇਤਰ ਦੀ ਕਰ ਰਿਹਾ ਹਾਂ, ਆਪਾਂ ਹੁੰਦੇ ਹਾਂ ਯਮਲਾ ਜੀ ਤੋਂ ਸ਼ੁਰੂ, ਉਹ ਆਪ ਲਿਖਦੇ ਵੀ ਅਤੇ ਉਸ ਤੋਂ ਵਧੀਆ ਗਾਉਂਦੇ ਵੀ, ਇਸੇ ਤਰ੍ਹਾਂ ਇਸੇ ਲੜੀ 'ਚ ਗੁਰਦਾਸ ਮਾਨ ਤਾਂ ਗੁਣਾਂ ਦੀ ਗੁਥਲੀ ਕਹਿ ਲਈ ਏ ਤਾਂ ਕੋਈ

ਪਰਤੱਖ ਤੇ ਪ੍ਰਮਾਣ ਵਾਲੀ ਗੱਲ ਨਹੀਂ। ਚਮਕੀਲਾ ਵੀ ਖੁਦ ਹੀ ਲਿਖਦਾ ਅਤੇ ਖੁਦ ਹੀ ਗਾਉਂਦਾ ਸੀ ਪਰ ਦੇਖੀਏ ਤਾਂ ਉਹ ਵੀ ਗੀਤਕਾਰ ਤੋਂ ਬਾਅਦ ਹੀ ਗਾਇਕ ਬਣਿਆ। ਇਸੇ ਤਰ੍ਹਾਂ ਦੀਦਾਰ ਸੰਧੂ, ਏ. ਐਸ. ਕੰਗ ਅਤੇ ਅੱਜ ਦੀ ਪੀੜ੍ਹੀ ਦਾ ਨੌਜਵਾਨ ਗਾਇਕ ਬੱਬੂ ਮਾਨ ਵੀ ਇਸੇ ਕਤਾਰ 'ਚ ਖੜੋਣ ਦਾ ਹੱਕਦਾਰ ਹੈ ਤੇ ਇਸੇ ਤਰ੍ਹਾਂ ਇਸ ਲੜੀ 'ਚ ਉਹ ਗਾਇਕ ਵੀ ਹਨ, ਜਿਹੜੇ ਗਾਉਂਦੇ-ਗਾਉਂਦੇ ਗੀਤਕਾਰ ਵੀ ਬਣੇ ਅਤੇ ਨਾਲ-ਨਾਲ ਗਾਇਕੀ ਨੂੰ ਵੀ ਕਾਇਮ ਰੱਖਿਆ। ਖੈਰ ਮੈਂ ਉਨ੍ਹਾਂ ਦਾ ਜ਼ਿਕਰ ਇਥੇ ਨਹੀਂ ਕਰ ਰਿਹਾ ਕਿਉਂਕਿ ਉਹ ਆਪੇ ਹੀ ਜਾਣਦੇ ਹਨ।

ਐਚ. ਐਮ. ਵੀ. ਕੰਪਨੀ ਦੇ ਟਾਈਮ ਗੀਤਕਾਰਾਂ ਨਾਲ ਪੂਰਾ ਇਨਸਾਫ ਹੁੰਦਾ ਰਿਹਾ। ਭਾਵ ਇਹ ਕੰਪਨੀ ਜਿੰਨਾ ਮਿਹਨਤਾਨਾ ਗਾਇਕ ਨੂੰ ਦਿੰਦੀ ਓਨਾ ਹੀ ਗੀਤਕਾਰ ਨੂੰ ਵੀ ਮਿਲਦਾ ਅਤੇ ਕਈਆਂ ਨੂੰ ਤਾਂ ਅਜੇ ਤੱਕ ਵੀ ਬਿਰਲਾ-ਬਿਰਲਾ ਬਾਊਚਰ ਆ ਜਾਂਦਾ ਹੈ। ਗਾਉਣਾ ਕੋਈ ਮਾੜੀ ਗੱਲ ਨਹੀਂ, ਇਹ ਵੀ ਰੱਬ ਦੀ ਬਖਸ਼ਿਸ਼ ਹੈ। ਮੈਂ ਇਸ ਸੋਚ ਨਾਲ ਇਹ ਲੇਖ ਨਹੀਂ ਲਿਖ ਰਿਹਾ ਕਿ ਗੀਤਕਾਰ ਗਾਉਣ ਕਿਉਂ ਲੱਗ ਪਏ। ਮੈਨੂੰ ਇਸ 'ਚ ਇਹ ਮਹਿਸੂਸ ਹੋਇਆ ਕਿ ਕੁਝ ਗੀਤਕਾਰ ਮਜਬੂਰੀ ਵੱਸ ਗਾਉਣ ਲੱਗੇ ਆ। ਹਾਲਾਂ ਕਿ ਸ਼ਾਇਦ ਪਹਿਲਾਂ ਉਨ੍ਹਾਂ ਨੇ ਮਨ 'ਚ ਕਦੇ ਇਸ ਚੀਜ਼ ਦਾ ਤਸੱਵਰ ਵੀ ਨਾ ਕੀਤਾ ਹੋਵੇ। ਸਿਆਣੇ ਕਹਿੰਦੇ ਆ ਕਿ 'ਲੋੜ ਕਾਢ ਦੀ ਮਾਂ ਹੁੰਦੀ ਹੈ', ਪਰ ਮੈਂ ਅੱਜ ਦੇ ਗਾਇਕੀ ਖੇਤਰ 'ਚ ਗੀਤਕਾਰਾਂ ਤੋਂ ਗਾਇਕ ਬਣਿਆਂ ਦੀ ਮਾਂ ਅੱਜ ਦੇ ਗਾਇਕ ਸਮਝਦਾਂ, ਜਿਨ੍ਹਾਂ ਗੀਤਕਾਰਾਂ ਨੇ ਵਧੀਆ ਗੀਤ ਗਾ ਕੇ ਆਪ ਤਾਂ ਕੰਪਨੀਆਂ ਤੋਂ ਮੋਟੀ ਰਕਮ ਵੀ ਇਕੱਠੀ ਕੀਤੀ, ਸ਼ੋਹਰਤ ਵੀ ਹਾਸਿਲ ਕੀਤੀ ਅਤੇ ਮਹਿੰਗੀਆਂ-ਮਹਿੰਗੀਆਂ ਕੋਠੀਆਂ, ਕਾਰਾਂ ਦੇ ਮਾਲਕ ਵੀ ਬਣੇ। ਪਰ ਵਿਚਾਰੇ ਗੀਤਕਾਰ ਦਿਨ-ਰਾਤ ਨਵੇਂ-ਨਵੇਂ ਆਈਡੀਏ ਸੋਚ-ਸੋਚ ਕੇ ਇਨ੍ਹਾਂ ਲਈ ਕੋਰੇ ਕਾਗਜ਼ਾਂ ਦੇ ਪੰਨਿਆਂ 'ਤੇ ਕਲਮਾਂ ਘਸਾਉਂਦੇ ਰਹੇ। ਆਖਰ ਕੀ 'ਲੱਡੂ ਮੁੱਕ ਗਏ, ਯਰਾਨੇ ਟੁੱਟ ਗਏ' ਜੇ ਗੀਤਕਾਰ ਨੇ ਪੈਸੇ ਮੰਗੇ ਉਸ ਦਾ ਗੀਤ ਰਿਕਾਰਡ ਹੋਣੋਂ ਹਟ ਗਿਆ। ਜਾਂ ਵਧੀਆ ਲਿਖਣ ਲਈ ਜ਼ੋਰ ਦਿੱਤਾ ਜਾਂਦਾ ਅਤੇ ਗਾਇਕ ਹੋਰ ਗੀਤਕਾਰ ਨਵਾਂ ਲੱਭ ਲੈਂਦੇ ਅਤੇ ਮਾਣ ਨਾਲ ਇਹ ਵੀ ਕਹਿੰਦੇ ਕਿ ਨਵਿਆਂ ਨੂੰ ਵੀ ਮੌਕਾ ਦੇਣਾ ਚਾਹੀਦਾ ਹੈ। ਇਸ 'ਚ ਗੀਤਕਾਰਾਂ ਦਾ ਵੀ ਬਹੁਤ ਕਸੂਰ ਹੈ। ਗੀਤ ਰਿਕਾਰਡ ਕਰਾਉਣ ਵੇਲੇ ਤਾਂ ਕਲਾਕਾਰਾਂ ਦੀਆਂ ਲੇਲ੍ਹੜੀਆਂ ਕੱਢਦੇ ਆ ਤੇ ਬਾਅਦ 'ਚ ਉਹੀ ਗੀਤਕਾਰ ਉਸੇ ਗਾਇਕ ਨੂੰ ਭੰਡਦੇ ਆ। ਮੈਂ ਇਥੇ ਗੱਲ ਦੋਵਾਂ ਪੱਖਾਂ ਦੀ ਕਰ ਰਿਹਾਂ। ਜੇ ਕਲਾਕਾਰਾਂ ਨੇ ਅੱਗ ਬਾਲੀ ਤੇ ਗੀਤਕਾਰਾਂ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਵੀ ਕੀਤਾ। ਗੀਤਕਾਰਾਂ ਨੂੰ ਚਾਹੀਦਾ ਹੈ ਕਿ ਆਉਣ ਵਾਲੇ ਸਮੇਂ ਨੂੰ ਸਮਝਣ ਲਈ ਪਹਿਲਾਂ ਪੁਰਾਣਾ ਇਤਿਹਾਸ ਜ਼ਰੂਰ ਵੇਖਣਾ ਚਾਹੀਦਾ ਹੈ। ਸਾਡੇ ਸਾਹਮਣੇ ਮਰਹੂਮ ਨੰਦ ਲਾਲ ਨੂਰਪੁਰੀ ਦੀ ਮਿਸਾਲ ਅੱਜ ਵੀ

ਉਸੇ ਤਰ੍ਹਾਂ ਕਾਇਮ ਹੈ ਜਿਸ ਤਰ੍ਹਾਂ ਉਨ੍ਹਾਂ ਦੇ ਖੁਦਕਸ਼ੀ ਕਰਨ ਦਾ ਟਾਈਮ ਸੀ। ਇਹ ਲੇਖ ਮੈਂ ਆਪਣੇ ਮਨ-ਘੜਤ ਵਿਚਾਰਾਂ ਦੀਆਂ ਲਾਈਨਾਂ ਨਾਲ ਨਹੀਂ ਭਰ ਰਿਹਾ। ਇਹ ਬਿਲਕੁਲ ਹਕੀਕਤ ਹੈ ਅਤੇ ਕਿਸੇ ਤੋਂ ਲੁਕੀ-ਛੁਪੀ ਨਹੀਂ। ਪਰ ਲਿਖਣ ਲਈ ਉਸ ਵਕਤ ਮਜਬੂਰ ਹੋਇਆ ਜਦ ਪਿਛਲੇ ਸਾਲ ਮੈਨੂੰ ਕੈਨੇਡਾ ਵਸਦੇ ਉੱਘੇ ਗੀਤਕਾਰ ਦਾ ਫੋਨ ਆਇਆ। ਇਥੇ ਮੈਂ ਆਪਣੇ ਵੀਰ ਦਾ ਨਾਂਅ ਨਹੀਂ ਲਿਖਣਾ ਚਾਹੁੰਦਾ। ਉਸ ਦੇ ਗੀਤ ਅੱਜ ਦੇ ਹਰ ਵੱਡੇ ਤੇ ਛੋਟੇ ਗਾਇਕ ਨੇ ਗਾਏ ਹਨ। ਪਰ ਜਦ ਉਸ ਨੇ ਫੋਨ ਕੀਤਾ, ਫੋਨ ਤਾਂ ਵੈਸੇ ਉਸ ਨੇ ਕਿਸੇ ਨਿੱਜੀ ਕੰਮ ਵਾਸਤੇ ਕੀਤਾ ਸੀ। ਪਰ ਮੈਂ ਗੱਲਾਂ-ਗੱਲਾਂ ਵਿਚ ਪੁੱਛਿਆ ਕਿ ਤੁਹਾਡੀ ਕੈਸੇਟ ਦਾ ਕੀ ਬਣਿਆ ਤਾਂ ਅੱਗੋਂ ਉਨ੍ਹਾਂ ਨੇ ਕਿਹਾ ਕਿ ਕੈਸੇਟ ਠੀਕ ਰਹੀ। ਮੈਂ ਫਿਰ ਪੁੱਛਿਆ ਬਰਦਰ ਤੁਹਾਨੂੰ ਕੀ ਲੋੜ ਪੈ ਗਈ ਸੀ ਗਾਉਣ ਦੀ, ਤਾਂ ਉਨ੍ਹਾਂ ਬਿਨਾਂ ਕਿਸੇ ਝਿਜਕ ਦੇ ਝੱਟ ਜਵਾਬ ਦਿੱਤਾ ਕਿ ਭਾ ਜੀ ਤੁਹਾਡੇ ਕੋਲ ਕਾਹਦਾ ਓਹਲਾ, ਤੁਹਾਨੂੰ ਤਾਂ ਖੁਦ ਪਤਾ ਹੈ, ਕਲਾਕਾਰ ਕੋਈ ਪੈਸੇ ਤਾਂ ਦਿੰਦਾ ਨਹੀਂ ਅਸੀਂ ਵੀ ਪਰਿਵਾਰ ਵਾਲੇ ਹਾਂ। ਲੋਕ-ਸੇਵਾ ਥੋੜੋ ਕਰੀ ਜਾਣੀ ਆ। ਉਹਦੀ ਗੱਲ ਸੁਣ ਕੇ ਮੈਨੂੰ ਪਤਾ ਵੀ ਨਹੀਂ ਲੱਗਿਆ ਕਿ ਉਸ ਤੋਂ ਬਾਅਦ ਅਸੀਂ ਹੋਰ ਕੀ ਗੱਲਾਂ ਕੀਤੀਆਂ। ਬਸ ਮੈਂ ਸੁਣ ਕੇ ਦੰਗ ਰਹਿ ਗਿਆ ਕਿ ਜਦ ਐਨੇ ਨਾਮਵਰ ਗੀਤਕਾਰਾਂ ਦਾ ਇਹ ਹਾਲ ਹੈ ਤਾਂ ਸਾਡੇ ਵਰਗੇ ਬੰਦੇ ਨੂੰ ਕੌਣ ਪੁੱਛਦਾ ਹੋਊ।

ਇਸ ਲੇਖ ਨਾਲ ਇਸ ਬਿਮਾਰੀ ਦਾ ਹੱਲ ਤਾਂ ਨਹੀਂ ਹੋ ਸਕਦਾ, ਪਰ ਥੋੜ੍ਹਾ ਆਰਾਮ ਜ਼ਰੂਰ ਮਿਲ ਜਾਵੇਗਾ ਅਤੇ ਸਾਡੇ ਸਰੋਤਿਆਂ ਨੂੰ ਵੀ ਗਾਇਕੀ ਸਭਿਆਚਾਰ ਦਾ ਥੋੜ੍ਹਾ ਪਤਾ ਲੱਗ ਜਾਵੇਗਾ।

ਇਥੇ ਮੈਨੂੰ ਇਕ ਵਿਅੰਗ ਯਾਦ ਆ ਗਿਆ। ਇਕ ਨੌਜਵਾਨ ਕਾਫੀ ਪੜ੍ਹ ਲਿਖ ਕੇ ਨੌਕਰੀ ਦੀ ਭਾਲ 'ਚ ਬਹੁਤ ਘੁੰਮਿਆ ਪਰ ਉਸ ਨੂੰ ਨੌਕਰੀ ਕਿਤੋਂ ਨਾ ਮਿਲੀ। ਘਰ ਵਾਲੇ ਵੀ ਕਾਫੀ ਪ੍ਰੇਸ਼ਾਨ ਕਿ ਮੁੰਡਾ ਪੜ੍ਹਾਇਆ ਵੀ ਪਰ ਕਿਸੇ ਕੰਮ ਨਹੀਂ ਆਇਆ। ਇਕ ਦਿਨ ਉਹ ਨੌਜਵਾਨ ਮੁੰਡਾ ਘਰ ਆ ਰਿਹਾ ਸੀ ਕਿ ਰਸਤੇ ਵਿਚ ਸੋਚਿਆ ਕਿ ਜੇ ਅੱਜ ਵੀ ਮੈਂ ਘਰਦਿਆਂ ਨੂੰ ਕਹਿ ਦਿੱਤਾ ਕਿ ਨੌਕਰੀ ਨਹੀਂ ਮਿਲੀ ਤਾਂ ਬਹੁਤ ਪ੍ਰੇਸ਼ਾਨ ਹੋਣਗੇ। ਖੈਰ, ਉਹਨੇ ਇਕ ਤਰਕੀਬ ਆਪਣੇ ਮਨ 'ਚ ਸੋਚ ਲਈ ਤੇ ਚਲ ਪਿਆ। ਜਦ ਘਰ ਪਹੁੰਚਿਆ, ਕਹਿੰਦਾ ਮੈਨੂੰ ਨੌਕਰੀ ਮਿਲ ਗਈ, ਦਸ ਹਜ਼ਾਰ ਰੁਪਈਆ ਤਨਖਾਹ ਹੈ। ਘਰ ਦੇ ਬੜੇ ਖੁਸ਼ ਹੋਏ। ਕਹਿੰਦੇ ਕੀ ਕੰਮ ਹੈ। ਕਹਿੰਦਾ ਕੰਮ ਸਿਰਫ ਏਨਾ ਕੁ ਹੈ ਕਿ ਸਵੇਰੇ ਦਫਤਰ ਚਲੇ ਜਾਣਾ, ਅਤੇ ਕੁਰਸੀ 'ਤੇ ਬੈਠ ਕੇ ਸੋਚੀ ਜਾਣਾ, ਘਰ ਦੇ ਕਹਿੰਦੇ ਕੀ ਸੋਚੀ ਜਾਣਾ। ਮੁੰਡਾ ਕਹਿੰਦਾ ਇਹੀ ਕਿ ਇਹ ਪੈਸੇ ਦਊ ਕੌਣ?

ooo

4

ਹਾਏ ਅਮਰੀਕਾ

ਬੰਦਾ ਜ਼ਿੰਦਗੀ 'ਚ ਸ਼ੋਹਰਤ ਦੇ ਮਹਿਲ ਉਸਾਰਦਾ-ਉਸਾਰਦਾ ਕਈ ਵਾਰ ਆਪਣੇ ਲਈ ਨਵੀਂ ਦੁਬਿਧਾ ਖੜ੍ਹੀ ਕਰ ਲੈਂਦਾ ਹੈ। ਕੋਈ ਜ਼ਿੰਦਗੀ ਨੂੰ ਕਿਸੇ ਢੰਗ ਨਾਲ ਜਿਊਂਦਾ ਤੇ ਕੋਈ ਕਿਸੇ ਨਾਲ। ਸਭ ਦਾ ਆਪਣਾ-ਆਪਣਾ ਅੰਦਾਜ਼ ਹੈ। ਪਰ ਬੁੱਲ੍ਹੇ-ਬੁੱਲ੍ਹੇ ਵਾਲੇ ਜ਼ਰਾਸੀਮ ਹਰ ਇਕ ਇਨਸਾਨ ਦੇ ਖੂਨ ਅੰਦਰ ਦੌੜਦੇ ਆ। ਮੈਂ ਇਕ ਵਾਰ ਇਕ ਬੰਦੇ ਨੂੰ ਮਿਲਿਆ ਜੋ ਕਿਸੇ ਕਾਰਨ ਪੁਲਿਸ ਨੇ ਫੜ ਲਿਆ ਸੀ ਅਤੇ ਪੁਲਿਸ ਨੇ ਉਸ ਨੂੰ ਥਾਣੇ ਲਿਜਾ ਕੇ ਬਹੁਤ ਕੁੱਟਿਆ ਪਰ ਉਹ ਪਿਉ ਦਾ ਪੁੱਤ ਉਹ ਗੱਲ ਨਹੀਂ ਮੰਨਿਆ, ਜਿਹੜੀ ਉਹ ਮੰਨਵਾਉਣਾ ਚਾਹੁੰਦੇ ਸਨ। ਮੈਂ ਉਸ ਨੂੰ ਪੁੱਛਿਆ ਸੁਣਾ ਕੀ ਹਾਲ ਹੈ। ਕਹਿੰਦਾ ਬਹੁਤ ਚੰਗਾ ਭਾ ਜੀ, ਕਹਿੰਦਾ ਦੇਖ ਲਉ ਭੌਰਾ ਭਾ ਜੀ ਪੁਲਿਸ ਵਾਲਿਆਂ ਨੇ ਜ਼ੋਰ ਲਾ ਲਿਆ ਪਰ ਮੈਂ ਨਹੀਂ ਮੰਨਿਆ ਬਸ ਕੁੱਟ ਖਾਈ

ਗਿਆ। ਮੈਂ ਦਿਲ 'ਚ ਸੋਚਿਆ ਇਹਦਾ ਆਪਣਾ ਢੰਗ ਹੈ। ਇਹ ਕੁੱਟ ਖਾਣ ਵਿਚ ਹੀ ਆਪਣੀ ਵਡਿਆਈ ਸਮਝਦਾ ਹੈ।

ਅਮਰੀਕਾ ਵਿਚ ਵਸਦੇ ਇਕ ਪਰਿਵਾਰ ਦੇ ਦੋ ਮੈਂਬਰ ਯਾਨੀ ਇਕ ਭੈਣ ਅਤੇ ਇਕ ਭਰਾ ਅਮਰੀਕਾ ਵਿਚ ਸੈਟਲ ਹੋਣ ਤੋਂ ਬਾਅਦ ਆਪਣੀ ਜ਼ਿੰਦਗੀ ਦਾ ਦੂਜਾ ਪਹੀਆ, ਭਾਵ ਜੀਵਨ ਸਾਥੀ ਲੱਭਣ ਲਈ ਇੰਡੀਆ ਆ ਗਏ। ਭੈਣ-ਭਰਾ ਆਪ ਤਾਂ ਵਿਚਾਰੇ ਪੰਜ-ਛੇ ਜਮਾਤਾਂ ਜੋ ਅਮਰੀਕਾ ਜਾਣ ਤੋਂ ਪਹਿਲਾਂ ਇੰਡੀਆ ਵਿਚ ਹੀ ਪੜ੍ਹੇ ਸਨ। ਪਰ ਅਮਰੀਕਾ ਪੱਕੇ ਹੋਣ ਤੋਂ ਬਾਅਦ ਇੰਡੀਆ ਵਿਚ ਆ ਕੇ ਆਪਣਾ ਜੀਵਨ ਸਾਥੀ ਲੱਭਣ ਲਈ ਵਿਚੋਲਿਆਂ ਨੂੰ ਆਪਣੀ ਦਿਲੀ ਖੁਆਇਸ਼ ਦੱਸ ਦਿੱਤੀ ਕਿ ਅਸੀਂ ਤਾਂ ਡਾਕਟਰ ਮੁੰਡਾ ਅਤੇ ਡਾਕਟਰ ਕੁੜੀ ਲੱਭ ਰਹੇ ਹਾਂ। ਭਾਵ ਭੈਣ ਵਾਸਤੇ ਡਾਕਟਰ ਅਤੇ ਭਰਾ ਨੇ ਆਪਣੇ ਵਾਸਤੇ ਡਾਕਟਰਨੀ ਦਾ ਪ੍ਰਸਤਾਵ ਦੱਸ ਦਿੱਤਾ। ਪਰ ਇੰਡੀਆ ਤਾਂ ਉਹ ਹੱਟੀ ਹੈ, ਜਿਥੋਂ ਜਦੋਂ ਚਾਹੋ ਜਿਹੜੀ ਮਰਜ਼ੀ ਚੀਜ਼ ਲੈ ਲਵੋ। ਕੁਝ ਹੀ ਦਿਨਾਂ ਵਿਚ ਦੋਵਾਂ ਦਾ ਸੁਪਨਾ ਸਾਕਾਰ ਹੋ ਗਿਆ। ਭਰਾ ਨੂੰ ਘਰਵਾਲੀ ਡਾਕਟਰਨੀ ਮਿਲ ਗਈ ਤੇ ਭੈਣ ਨੂੰ ਘਰਵਾਲਾ ਡਾਕਟਰ। ਵਿਆਹ ਕਰਾ ਕੇ ਖੁਸ਼ੀ-ਖੁਸ਼ੀ ਵਾਪਸ ਅਮਰੀਕਾ ਆ ਗਏ ਅਤੇ ਕੁਝ ਹੀ ਸਮੇਂ ਬਾਅਦ ਡਾਕਟਰ ਅਤੇ ਡਾਕਟਰਨੀ ਵੀ ਅਮਰੀਕਾ ਪਹੁੰਚ ਗਏ।

ਸਮੇਂ ਦਾ ਜਹਾਜ਼ ਰੁਝੇਵਿਆਂ ਦੇ ਬੱਦਲਾਂ ਨੂੰ ਪਾੜਦਾ ਹੋਇਆ ਖੁੱਲ੍ਹੇ ਆਸਮਾਨ ਵਿਚ ਪਹੁੰਚ ਗਿਆ। ਮਤਲਬ ਇੰਡੀਆ ਤੋਂ ਆਏ ਡਾਕਟਰ ਅਤੇ ਡਾਕਟਰਨੀ ਵੀ ਕੰਮ 'ਤੇ ਲੱਗ ਗਏ। ਸਬੱਬ ਨਾਲ ਦੋਵਾਂ ਨੂੰ ਇਕੋ ਹਸਪਤਾਲ ਵਿਚ ਨੌਕਰੀ ਮਿਲ ਗਈ ਅਤੇ ਉਹ ਦੋਵੇਂ ਭੈਣ ਭਰਾ ਫੈਕਟਰੀਆਂ ਵਿਚ ਕੰਮ ਕਰਦੇ ਸੀ। ਰਾਤ ਵੇਲੇ ਜਦੋਂ ਘਰ ਆਉਣਾ ਰੋਟੀ-ਪਾਣੀ ਖਾਣਾ ਅਤੇ ਖਾਣ ਤੋਂ ਬਾਅਦ ਡਾਕਟਰ ਅਤੇ ਡਾਕਟਰਨੀ ਨੇ ਤਾਂ ਆਪਣੇ ਹਸਪਤਾਲ ਦੀਆਂ ਗੱਲਾਂ ਕਰਨੀਆਂ, ਡਾਕਟਰਾਂ ਦੀਆਂ ਗੱਲਾਂ ਕਰਨੀਆਂ, ਨਵੇਂ ਹੋਏ ਆਪ੍ਰੇਸ਼ਨਾਂ ਦੀਆਂ ਗੱਲਾਂ ਜਾਂ ਨਵੀਆਂ ਬਣ ਰਹੀਆਂ ਦਵਾਈਆਂ ਬਾਰੇ ਗੱਲਾਂ, ਮਤਲਬ ਆਪਣੀ ਲਾਈਨ ਦੀਆਂ ਗੱਲਾਂ ਅਤੇ ਉਨ੍ਹਾਂ ਦੋਵਾਂ ਭੈਣ ਅਤੇ ਭਰਾ ਨੇ ਆਪਣੀਆਂ ਫੈਕਟਰੀਆਂ ਵਾਲੀਆਂ ਮੁਸੀਬਤਾਂ ਦਾ ਹੱਲ ਲੱਭਣ ਵਾਲੀਆਂ ਗੱਲਾਂ। ਸਮਾਂ ਵੀ ਗੱਡੇ ਦੀ ਚਾਲੇ ਹੋ ਗਿਆ। ਸਭ ਕੁਝ ਹੌਲੀ-ਹੌਲੀ ਹੋ ਗਿਆ। ਇਕ-ਦੂਜੇ ਨੂੰ ਸਮਝਣ ਵਿਚ ਬਹੁਤ ਦੇਰ ਨਾ ਲੱਗੀ, ਰਿਸ਼ਤਿਆਂ ਵਿਚ ਆਉਂਦੇ ਤਣਾਵਾਂ ਨੂੰ ਲੈ ਕੇ ਗੱਲਾਂ ਹੋਣ ਲੱਗੀਆਂ। ਐਜੂਕੇਸ਼ਨ ਦੀਆਂ ਗੱਲਾਂ ਹੋਣ ਲੱਗੀਆਂ। ਹੌਲੀ-ਹੌਲੀ ਬੀਤਦੇ ਦਿਨ ਇਕ-ਦੂਜੇ ਨੂੰ ਬੋਰ ਕਰਨ ਲੱਗੇ, ਡਾਕਟਰ ਅਤੇ ਡਾਕਟਰੀ ਨੇ ਇਕ ਦਿਨ ਸਲਾਹ ਕੀਤੀ ਕਿ ਆਪਾਂ ਇਨ੍ਹਾਂ ਅਨਪੜ੍ਹਾਂ ਨਾਲ ਮੱਥਾ ਲਾ ਕੇ ਕੀ ਕਰਨਾ। ਇਨ੍ਹਾਂ ਦਾ ਤੇ ਸਾਡਾ ਕਿੱਤਾ ਵੱਖਰਾ। ਸਾਡਾ ਗੱਲਬਾਤ ਦਾ ਸਟੈਂਡਰਡ ਵੱਖਰਾ, ਆਪਾਂ ਤਾਂ ਫਸ ਗਏ।

ਭਾਈ ਉਨ੍ਹਾਂ ਦੋਵਾਂ ਨੇ ਪਤਾ ਨਹੀਂ ਕੀ ਗਿੱਟ-ਮਿੱਟ ਕੀਤੀ। ਇਕ ਰਾਤ ਦੋਵੇਂ ਸਲਾਹ ਕਰਕੇ ਘਰੋਂ ਭੱਜ ਗਏ ਜਾ ਕੇ ਆਪਣਾ ਦੋਵਾਂ ਨੇ ਵਿਆਹ ਕਰਵਾ ਲਿਆ। ਉਹ ਅਮਰੀਕਾ ਵਿਚ ਅੱਜ-ਕੱਲ੍ਹ ਪੂਰੇ ਸੈੱਟ ਹਨ। ਡਾਕਟਰ ਅਤੇ ਡਾਕਟਰਨੀ ਤੇ 'ਕੱਲੇ ਰਹਿ ਗਏ ਵਿਚਾਰੇ ਦੋਵੇਂ ਭੈਣ ਭਰਾ। ਲੈ ਲਉ ਪੰਗਾ ਆਪਣੇ ਤੋਂ ਉੱਚਿਆਂ ਨਾਲ। ਅਮਰੀਕਾ ਕੀ ਆ ਗਏ ਬੰਦਿਆਂ ਵਾਲੀ ਤਾਸੀਰ ਹੀ ਭੁੱਲ ਜਾਂਦੇ ਨੇ। ਏਦਾਂ ਮਿਲਦੇ ਆ ਨਹਿਲੇ ਨੂੰ ਦਹਿਲੇ ਤੇ ਉਹ ਵੀ ਦੋ-ਦੋ।

○○

5

ਪਹਿਲਾਂ ਕਬੂਤਰ, ਫੇਰ ਪ੍ਰੋਮੋਟਰ ਤੇ ਹੁਣ ਮਜ਼ਦੂਰ

ਬੀਤਿਆ ਅੱਧਾ ਦਹਾਕਾ ਕਬੂਤਰਬਾਜ਼ੀ ਨੂੰ ਸਮਰਪਿਤ ਰਿਹਾ। ਅਮਰੀਕਾ ਇਸ ਗੇਮ ਦਾ ਮੁੱਖ ਨਿਸ਼ਾਨਾ ਰਿਹਾ। ਭਾਵੇਂ ਕਿ ਅਮਰੀਕਾ ਤੋਂ ਇਲਾਵਾ ਕੈਨੇਡਾ, ਇੰਗਲੈਂਡ ਅਤੇ ਪੂਰੇ ਯੂਰਪ ਦੇ ਪ੍ਰੋਮੋਟਰ ਇਸ ਗੇਮ ਦੇ ਖਿਡਾਰੀ ਰਹੇ, ਪਰ ਅੱਖ ਸਾਰਿਆਂ ਦੀ ਅਮਰੀਕਾ 'ਤੇ ਜ਼ਿਆਦਾ ਟਿਕੀ ਹੋਈ ਸੀ। ਅੱਧੇ ਪ੍ਰੋਮੋਟਰ ਤਾਂ ਪਹਿਲਾਂ ਆਪ ਕਬੂਤਰ ਬਣ ਕੇ ਆਏ ਤੇ ਫਿਰ ਬਾਅਦ ਵਿਚ ਪ੍ਰੋਮੋਟਰ ਬਣ ਗਏ। ਇਸ ਦੌਰ ਦੇ ਚਲਦੇ ਸਮੇਂ ਲੋਕ ਕਿਸ ਤਰ੍ਹਾਂ ਇਕ-ਦੂਜੇ ਨਾਲ ਗੱਲਬਾਤ ਦਾ ਸਿਲਸਿਲਾ ਸ਼ੁਰੂ ਕਰਦੇ ਸੀ ਜਾਂ ਪ੍ਰੋਮੋਟਰ ਕਬੂਤਰ ਅਤੇ ਵਕੀਲ ਆਦਿ। ਮੇਰਾ ਪਹਿਲਾਂ ਵੀ ਅਤੇ ਹੁਣ ਵੀ ਉਨ੍ਹਾਂ ਮਿੱਤਰਾਂ ਨਾਲ ਸੰਪਰਕ ਰਹਿੰਦਾ ਹੈ। ਜਿਹੜੇ

ਪਹਿਲਾਂ ਸਿਰਫ ਆਮ ਬੰਦੇ ਸਨ ਅਤੇ ਅੱਜ ਕੋਈ ਪ੍ਰੋਮੋਟਰ ਬਣਿਆ ਅਤੇ ਕੋਈ ਬਿਜ਼ਨੈੱਸਮੈਨ ਜਾਂ ਮਨੋਰੰਜਨ ਦੇ ਕਿਸੇ ਕਿੱਤੇ ਨਾਲ ਜੁੜਿਆ ਹੋਇਆ ਹੈ। ਕਈਆਂ ਨੇ ਇਸ ਲਾਈਨ 'ਚ ਕਾਫੀ ਪੈਸਾ ਤੇ ਨਾਂਅ ਬਣਾਇਆ ਤੇ ਕਈਆਂ ਨੇ ਇਕੱਲਾ ਪੈਸਾ ਜਾਂ ਇਕੱਲਾ ਨਾਂਅ। ਪਰ ਕੁਝ ਕੁ ਨੇ ਪੈਸੇ ਬਣਾਏ ਪਰ ਅਯਾਸ਼ੀ ਵਿਚ ਉਜਾੜ ਦਿੱਤੇ। ਸ਼ਾਇਦ ਇਹ ਸੋਚ ਕੇ ਇਕ ਗਰੁੱਪ ਹੋਰ ਲੈ ਆਵਾਂਗੇ। ਬੱਸ ਪੈਸੇ ਹੀ ਪੈਸੇ ਹਨ। ਪਹਿਲਾਂ ਇਕ ਨਜ਼ਰ ਆਪਾਂ ਇਸ ਧੰਦੇ ਰਾਹੀਂ ਪੈਦਾ ਹੋਏ ਕੁਝ ਨਵੇਂ ਕੰਮਾਂ ਵੱਲ ਝਾਤ ਮਾਰੀਏ, ਜੋ ਮੇਰੀ ਨਜ਼ਰ ਆਇਆ, ਮੈਂ ਸਿਰਫ ਉਹੀ ਲਿਖ ਰਿਹਾਂ। ਪਹਿਲੇ ਨੰਬਰ 'ਤੇ ਗਾਇਕ ਵਧ ਗਏ, ਕਿਉਂਕਿ ਜਿਹੜੇ ਸਾਜਿੰਦੇ ਸੀ ਉਹ ਸਾਰੇ ਦੇ ਸਾਰੇ ਗਾਇਕ ਬਣ ਗਏ ਅਤੇ ਸਾਜਿੰਦਿਆਂ ਦਾ ਖਾਨਾ ਬਾਹਰ ਜਾਣ ਵਾਲੇ ਕਬੂਤਰ ਪੂਰਾ ਕਰਦੇ ਰਹੇ। ਦੂਜਾ ਨਿਊਯਾਰਕ 'ਚ ਵਕੀਲਾਂ ਦੇ ਦਫਤਰ ਵਧ ਗਏ, ਤੀਜਾ ਇੰਡੀਆ 'ਚ ਟ੍ਰੇਨਿੰਗ ਸੈਂਟਰ ਖੁਲ੍ਹ ਗਏ, ਕਈ ਤਾਂ ਇਥੋਂ ਤੱਕ ਦਾਅਵਾ ਕਰਦੇ ਸੀ ਕਿ ਸਾਡੇ ਟ੍ਰੇਨਿੰਗ ਸੈਂਟਰ ਦਾ ਬੰਦਾ ਬੱਸ ਸਿੱਧਾ ਪਾਸ। ਪੰਜਾਬ ਤੋਂ ਦਿੱਲੀ ਜਾਣ ਵਾਲੇ ਜੀ. ਟੀ. ਰੋਡ 'ਤੇ ਢਾਬਿਆਂ ਦੀ ਚਾਂਦੀ, ਦੇਖੋ ਦੇਖੀ ਢਾਬੇ ਵੀ ਨਵੇਂ ਖੁੱਲ੍ਹੇ। ਪਹਾੜਗੰਜ ਦਿੱਲੀ 'ਚ ਜਿੱਥੇ ਹੋਟਲ ਅਰਾਮ ਨਾਲ ਮਿਲ ਜਾਂਦੇ ਸੀ, ਹੋਟਲਾਂ 'ਚ ਕਮਰਿਆਂ ਦੀ ਮੁਸ਼ਕਿਲ ਹੋਣ ਲੱਗ ਪਈ, ਪਹਾੜਗੰਜ 'ਚ ਰਹਿੰਦੇ ਆਂਢੀਆਂ-ਗੁਆਂਢੀਆਂ ਨੇ ਆਪਣੇ ਚੰਗੇ ਘਰਾਂ ਮੂਹਰੇ ਫੱਟੇ ਲਿਖ ਕੇ ਲਾ ਲਏ ਬਈ, ਇਹ ਫਲਾਣਾ ਹੋਟਲ, ਇਹ ਯੂ. ਐਸ. ਏ. ਹੋਟਲ, ਵਗੈਰਾ.... ਪੰਜਾਬ 'ਚ ਭਾਈ ਰਾਗੀ ਸਿੰਘ ਵੀ ਬੀਜ਼ੀ ਹੋ ਗਏ ਕਿਉਂਕਿ ਜਦੋਂ ਵੀ ਕੋਈ ਕਿਸੇ ਘਰੋਂ ਮੁੰਡਾ ਅਮਰੀਕਾ ਪਹੁੰਚਦਾ ਉਹਦੇ ਪਹੁੰਚਣ ਦੀ ਖੁਸ਼ੀ ਵਿਚ ਬੇਬੇ ਵੱਲੋਂ ਸੁੱਖਿਆ ਅਖੰਡ ਪਾਠ ਕੀਤਾ ਜਾਂਦਾ। ਜਾਅਲੀ ਕਾਗਜ਼ ਪੱਤਰ ਤਿਆਰ ਕਰਨ ਵਾਲੇ ਵੀ ਪੂਰੇ ਸਰਗਰਮ ਰਹੇ। ਕਈ ਮੇਰੇ ਵਰਗੇ ਨਵੇਂ ਪੱਤਰਕਾਰ ਵੀ ਬਣੇ, ਕਿਉਂਕਿ ਜਿਹੜਾ ਬੰਦਾ ਬਾਹਰ ਜਾਣਾ ਹੁੰਦਾ ਸੀ, ਉਸ ਦੀ ਫੋਟੋ ਅਖ਼ਬਾਰ ਵਿਚ ਵੀ ਹੋਣੀ ਜ਼ਰੂਰੀ ਸੀ। ਜਿਵੇਂ ਲਿਖਿਆ ਹੁੰਦਾ, 'ਗਾਇਕੀ 'ਚ ਨਵੀਆਂ ਪੈੜਾਂ ਪਾ ਰਿਹਾ ਬੂਟਾ ਰਾਮ ਮਿਸਤਰੀ' ਉਹਦਾ ਪੂਰਾ ਨਾਂਅ ਲਿਖ ਕੇ ਅਖ਼ਬਾਰ ਦਾ ਪਰੂਫ ਸਾਂਭਿਆ ਜਾਂਦਾ। ਪੰਜਾਬ ਵਿਚ ਵੱਖਰੇ ਤਰੀਕੇ ਤੇ ਨਿਊਯਾਰਕ ਦੇ ਸੁਣ ਲਉ। ਜਦੋਂ ਵੀ ਕੋਈ ਗਰੁੱਪ ਆਉਂਦਾ ਉਨ੍ਹਾਂ ਕੋਲ ਏਅਰਪੋਰਟ 'ਤੇ ਅਧਿਕਾਰੀਆਂ ਨੂੰ ਦਿਖਾਉਣ ਲਈ ਪੂਰੇ ਸਾਜ਼, ਜਿਵੇਂ ਨਵੇਂ ਵਾਜੇ, ਖੁੰਡੇ, ਖੰਜਰੀਆਂ, ਢੋਲਕੀਆਂ ਤੇ ਭੰਗੜੇ ਵਾਲੀਆਂ ਡਰੈੱਸਾਂ, ਮੇਰੇ ਦੋਸਤ ਦੇ ਘਰ ਅਜੇ ਵੀ 13-14 ਖੁੰਡੇ ਰੰਗਦਾਰ ਰੱਸੀਆਂ ਨਾਲ ਬੰਨ੍ਹੇ ਉਸੇ ਤਰ੍ਹਾਂ ਪਏ ਹਨ। ਕਿਸੇ ਦੇ ਘਰ ਢੋਲਕੀ ਨਵੀਂ ਪਈ ਹੈ, ਕਿਸੇ ਘਰ ਵਾਜਾ ਪਿਆ ਹੈ। ਕਿਤੇ ਖੰਜਰੀਆਂ ਪਈਆਂ ਤੇ ਕਿਤੇ ਤੂੰਬੀਆਂ ਪਈਆਂ। ਮੈਨੂੰ ਉਦੋਂ ਦੋ ਤਿੰਨਾਂ ਘਰਾਂ ਤੋਂ ਫੋਨ ਆਏ ਬਈ ਭੌਰਾ ਸਾਹਿਬ

ਤੁਸੀਂ ਇਸ ਲਾਈਨ ਦੇ ਬੰਦੇ ਹੋ ਸਾਡੇ ਆਹ ਸਾਜ਼ ਤਾਂ ਚੁੱਕ ਕੇ ਲੈ ਜਾਉ। ਸਾਡੇ ਨਿਆਣੇ ਵੀ ਖੇਡਣੋਂ ਹਟ ਗਏ ਇਨ੍ਹਾਂ ਨਾਲ। ਸਾਜ਼ਾਂ ਦੀ ਅਮਰੀਕਾ ਵਰਗੇ ਦੇਸ਼ 'ਚ ਬੇਕਦਰੀ ਹੋਣ ਲੱਗੀ ਪਰ ਇਸ ਦੌਰ 'ਚ ਮੇਰਾ ਮਿਲਾਪ ਇਕ ਇਹੋ ਜਿਹੇ ਪ੍ਰੋਮੋਟਰ ਨਾਲ ਹੋਇਆ ਕਿ ਬੱਸ ਗੱਲ ਹੀ ਛੱਡੋ। ਵਿਚਾਰਾ ਆਪ ਤਾਂ ਕਬੂਤਰ ਬਣ ਕੇ ਆਇਆ ਅਤੇ ਸੀ ਵੀ ਕੋਰਾ ਅਨਪੜ੍ਹ। ਆਉਂਦੇ ਸਾਰ ਉਹਨੇ ਆਪਣੇ ਅਮਰੀਕਾ ਰਹਿੰਦੇ ਭਰਾ ਨੂੰ ਸਲਾਹ ਦਿੱਤੀ ਕਿ ਇਹ ਕੰਮ ਆਪਾਂ ਵੀ ਕਰੀਏ। ਤੁਸੀਂ ਯਕੀਨ ਨਹੀਂ ਕਰੋਗੇ ਕਈ ਵਾਰ ਜਦ ਉਹ ਬੰਦਾ ਪੰਜਾਬੀ ਵੀ ਬੋਲਦਾ ਸੀ, ਤਾਂ ਪੰਜਾਬੀ ਬੰਦੇ ਨੂੰ ਵੀ ਉਹਦੀ ਪੰਜਾਬੀ ਸਮਝ ਨਹੀਂ ਸੀ ਆਉਂਦੀ। ਤੇ ਉਨ੍ਹਾਂ ਨੂੰ ਪੰਜਾਬੀ ਦੀ ਟਰਾਂਸਲੇਸ਼ਨ ਕਰਨ ਲਈ ਇਕ ਬੰਦਾ ਰੱਖਣਾ ਪੈਂਦਾ ਸੀ ਕਿ ਸਾਡੀ ਪੰਜਾਬੀ ਦੂਸਰੇ ਬੰਦੇ ਨੂੰ ਪੰਜਾਬੀ 'ਚ ਚੰਗੀ ਤਰ੍ਹਾਂ ਸਮਝਾ ਦੇ, ਉਹਨੂੰ ਤਿੰਨ ਚਾਰ ਸ਼ਬਦ ਅਜੇ ਵੀ ਨਹੀਂ ਕਹਿਣੇ ਆਉਂਦੇ ਜਿਵੇਂ ਮਿਊਜ਼ਿਕ, ਕਾਮੇਡੀਅਨ, ਬੈਨਰ ਅਤੇ ਕਈ ਹੋਰ। ਉਹਨੂੰ ਇਕ ਮਾੜੀ ਆਦਤ ਸੀ ਗੱਪਾਂ ਮਾਰਨ ਦੀ, ਕਿਵੇਂ ਜਿਵੇਂ ਸਾਡਾ ਅਮਰੀਕਾ ਦੀ ਅੰਬੈਸੀ ਵਿਚ ਬੰਦਾ ਲੱਗਾ ਹੈ। ਸਾਡਾ ਏਅਰਪੋਰਟ 'ਤੇ ਪੱਕਾ ਬੰਦਾ ਬੈਠਾ, ਪਰਸੋਂ ਮੈਨੂੰ ਧਰਮਿੰਦਰ ਦਾ ਵੀ ਫੋਨ ਆਇਆ ਕਿ ਸਾਨੂੰ ਵੀ ਮੰਗਵਾਓ। ਸਾਡਾ ਬੰਬੇ ਬਹੁਤ ਵੱਡਾ ਦਫਤਰ ਹੈ। ਸਾਡੇ ਬੰਦੇ ਸਿੱਧੇ ਪਹੁੰਚਦੇ ਹਨ। ਸਾਨੂੰ ਅੰਬੈਸੀ ਪੇਸ਼ ਨਹੀਂ ਕਰਨੇ ਪੈਂਦੇ। ਸ਼ਕਤੀ ਕਪੂਰ ਮੇਰੇ ਗੋਡੇ ਘੁੱਟਦਾ ਰਹਿੰਦਾ ਹੈ ਕਿ ਸਾਡਾ ਵੀ ਖਿਆਲ ਰੱਖੋ। ਅਸੀਂ ਕੀ ਕਰੀਏ? ਅਸੀਂ ਆਪ ਬਹੁਤ ਬਿਜ਼ੀ ਆਂ। ਪਤਾ ਲੱਗਾ ਕਿ ਇਸੇ ਬੰਦੇ ਦਾ ਇਕ ਵਾਰੀ ਕਿਸੇ ਵਜ੍ਹਾ ਕਰਕੇ ਗਰੁੱਪ ਏਅਰਪੋਰਟ 'ਤੇ ਰੋਕ ਲਿਆ, ਵਿਚਾਰੇ ਨੂੰ ਅੰਗਰੇਜ਼ੀ 'ਚ ਦੱਸਣਾ ਨਾ ਆਵੇ ਕਿ ਮੈਂ ਪ੍ਰੋਮੋਟਰ ਆਂ, ਪੰਜਾਬੀ 'ਚ ਏਅਰਪੋਰਟ 'ਤੇ ਹੀ ਗਾਲ੍ਹਾਂ ਕੱਢਦਾ ਫਿਰੇ। ਫਿਰ ਕਿਸੇ ਪੰਜਾਬੀ ਬੰਦੇ ਦੀ ਮਿੰਨਤ ਕੀਤੀ ਅਤੇ ਨਾਲ ਕਈ ਹਜ਼ਾਰ ਡਾਲਰ ਦਿੱਤੇ ਬਈ ਇਨ੍ਹਾਂ ਨੂੰ ਸਮਝਾ ਸਭ ਕੁਝ। ਪੂਰੀ ਘਟਨਾ ਮੈਂ ਲਿਖ ਨਹੀਂ ਰਿਹਾਂ ਕਿਉਂਕਿ ਲੰਬੀ ਹੈ। ਪੈਸਾ ਕਮਾਉਣਾ ਕੋਈ ਮਾੜੀ ਗੱਲ ਨਹੀਂ, ਹਰ ਬੰਦਾ ਕਮਾਉਂਦਾ ਹੈ, ਪਰ ਹੇਰਾਫੇਰੀ ਨਾਲ ਮਾੜਾ ਹੈ। ਦੋ-ਚਾਰ ਗਰੁੱਪ ਲਿਆਂਦੇ ਬਾਅਦ ਵਿਚ ਗੇਮ ਫੇਲ੍ਹ ਹੋ ਗਈ। ਸਾਰਿਆਂ ਨੂੰ ਪਤਾ ਲੱਗ ਗਿਆ। ਵਿਚਾਰੇ ਏਸ ਪ੍ਰੋਮੋਟਰ ਦਾ ਹਾਲ ਬਹੁਤ ਮਾੜਾ ਹੋਇਆ। ਗੱਪੀ ਪ੍ਰੋਮੋਟਰ ਅੱਜਕੱਲ੍ਹ ਅਮਰੀਕਾ ਵਿਚ ਪੈਟਰੋਲ ਪੰਪ 'ਤੇ ਕਾਰਾਂ 'ਚ ਤੇਲ ਪਾਉਂਦੇ ਹਨ। ਭਾਵ ਦਿਹਾੜੀਆਂ ਕਰਦੇ ਹਨ। ਪਰ ਗੱਪਾਂ ਉਸੇ ਤਰ੍ਹਾਂ ਮਾਰਦੇ ਹਨ ਪਰ ਹੁਣ ਕੋਈ ਸੱਚ ਨਹੀਂ ਮੰਨਦਾ। ਮੈਨੂੰ ਇਕ ਗੱਲ ਯਾਦ ਆ ਗਈ ਕਿ ਇਕ ਵਾਰੀ ਇਕ ਬੰਦੇ ਨੂੰ ਬਹੁਤ ਸੋਹਣਾ ਘੋੜਾ ਲੱਭ ਪਿਆ। ਉਹ ਘਰ ਲੈ ਆਇਆ ਅਤੇ ਜਦੋਂ ਲੋਕਾਂ ਨੇ ਉਹਦੇ ਘਰ ਸੋਹਣਾ ਘੋੜਾ ਦੇਖਿਆ ਤਾਂ ਲੋਕ ਪੁੱਛਣ ਲੱਗ ਪਏ, ਤੂੰ ਇਹ ਘੋੜਾ ਕਿੰਨੇ ਦਾ ਲਿਆਂਦਾ, ਉਹ

ਕਹੇ ਬਹੁਤ ਮਹਿੰਗਾ ਲਿਆ, ਬੱਸ ਪੁੱਛੋ ਨਾ। ਦੂਰੋਂ-ਦੂਰੋਂ ਘੋੜੇ ਨੂੰ ਖਰੀਦਣ ਲਈ ਵਪਾਰੀ ਆਉਣ ਲੱਗ ਪਏ। ਪਰ ਉਹ ਵੇਚੇ ਨਾ। ਕਹੇ ਬਹੁਤ ਮਹਿੰਗਾ ਲਿਆਂਦਾ। ਇਕ ਦਿਨ ਉਹਦੇ ਘਰੋਂ ਕੋਈ ਘੋੜੇ ਨੂੰ ਚੋਰੀ ਕਰਕੇ ਲੈ ਗਿਆ। ਦੂਜੇ ਦਿਨ ਲੋਕ ਪੁੱਛਣ। ਤੂੰ ਘੋੜਾ ਵੇਚ ਦਿੱਤਾ। ਕਹਿੰਦਾ ਹੋਰ ਵੇਚ ਦਿੱਤਾ ਕਿੰਨੇ ਦਾ, ਵੇਚਿਆ ਤਾਂ ਅੱਗੋਂ ਜਵਾਬ ਦਿਆ ਕਰੇ ਬੱਸ ਨਾ ਨਫਾ ਹੋਇਆ ਨਾ ਘਾਟਾ ਪਿਆ ਬੱਸ ਜਿੰਨੇ ਦਾ ਲਿਆਂਦਾ ਸੀ, ਉਨੇ ਦਾ ਹੀ ਵੇਚ ਦਿੱਤਾ। ਉਹੀ ਹਾਲ ਪ੍ਰੋਮੋਟਰ ਸਾਹਿਬ ਦਾ ਹੈ। ਮਜ਼ਦੂਰੀ ਕਰਨ ਆਇਆ ਸੀ, ਚਾਰ ਦਿਨ ਦੀ ਚਾਂਦਨੀ ਤੋਂ ਬਾਅਦ ਸਹੀ ਆਪਣੇ ਟਿਕਾਣੇ 'ਤੇ ਆ ਗਿਆ।

○○

6 ਬੱਸ ਅਮਰੀਕਾ ਹੀ ਦੇਖਿਆ, ਮੁੰਡਾ ਨਹੀਂ ਦੇਖਿਆ

ਜਵਾਨੀ ਦਾਅ 'ਤੇ ਲਾਈ ਭੈਣੇ ਤਾਂ ਅਮਰੀਕਾ ਆਈ !

ਦੁਨੀਆ ਦਾ ਕੋਈ ਵੀ ਇਨਸਾਨ ਭਾਵੇਂ ਉਹ ਕਿਸੇ ਵੀ ਦੇਸ਼, ਕਿਸੇ ਵੀ ਜ਼ਾਤ ਜਾਂ ਕਿਸੇ ਵੀ ਧਰਮ ਨਾਲ ਸਬੰਧ ਰੱਖਦਾ ਹੈ। ਉਸ ਦੀ ਹਮੇਸ਼ਾ ਇਹੋ ਫਿਤਰਤ ਰਹੀ ਹੈ ਕਿ ਮੈਂ ਆਪਣਾ ਜੀਵਨ ਕਿਸ ਤਰ੍ਹਾਂ ਅਤੇ ਕਿਹੜੇ ਢੰਗ ਨਾਲ ਸੁਖਾਵਾਂ ਬਣਾਵਾਂ। ਬੰਦਾ ਹਮੇਸ਼ਾ ਇਸੇ ਦੀ ਭਾਲ ਵਿਚ ਨਿੱਤ ਦਿਨ ਮਿਹਨਤ, ਸੰਘਰਸ਼ ਅਤੇ ਔਖੇ ਤੋਂ ਔਖੇ ਤੇ ਗੈਰ-ਕੁਦਰਤੀ ਕੰਮ ਵੀ ਕਰਦਾ ਹੈ। ਪਰ ਬੰਦੇ ਨੂੰ ਸੰਤੁਸ਼ਟੀ ਫੇਰ ਵੀ ਨਹੀਂ ਮਿਲਦੀ। ਮੈਂ ਆਪ ਖੁਦ ਵੀ ਰੋਜ਼ੀ-ਰੋਟੀ ਦੀ ਭਾਲ ਵਿਚ ਹੀ ਘਰੋਂ ਤੁਰਿਆ ਸੀ ਤੇ ਅੱਜ ਇਸੇ ਦੇ ਕਾਰਨ ਹੀ ਅਮਰੀਕਾ ਵਿਚ ਪੱਕਾ ਡੇਰਾ ਲਾਈ ਬੈਠਾ ਹਾਂ। ਪਰ ਕੋਈ ਵੀ ਤਰੱਕੀ ਜਦੋਂ ਅਸੀਂ ਗ਼ਲਤ ਤਰੀਕਾ ਅਪਣਾ ਕੇ ਕਰਦੇ ਹਾਂ ਤਾਂ ਉਸ ਦਾ ਸੁਭਾਵਕ ਹੀ ਲੋਕ ਵਿਰੋਧ ਕਰਦੇ ਹਨ। ਦੁਨੀਆ ਦੀ ਕਚਹਿਰੀ ਵਿਚ ਉਸ ਨੂੰ ਇੱਜ਼ਤ ਅਤੇ

ਮਾਣ-ਮਰਯਾਦਾ ਵਾਲਾ ਸਥਾਨ ਨਹੀਂ ਮਿਲਦਾ, ਇਸੇ ਹੀ ਦੌੜ ਵਿਚ ਅਤੇ ਬਾਹਰਲੇ ਮੁਲਕਾਂ ਦੀ ਚਮਕ-ਦਮਕ ਦੇ ਕਾਰਨ ਪੰਜਾਬ ਦੀਆਂ ਕਈ ਮੁਟਿਆਰਾਂ ਆਪਣੇ ਮਾਪਿਆਂ ਦੇ ਅਰਮਾਨਾਂ ਦੀ ਬਲੀ ਚੜ੍ਹੀਆਂ ਹਨ। ਮਾਂ-ਬਾਪ ਜਿੱਥੇ ਆਪਣੇ ਧੀਆਂ-ਪੁੱਤਰਾਂ ਦੀ ਸੁੱਖ ਮੰਗਦੇ ਹਨ, ਉਥੇ ਉਹ ਆਪਣੀ ਜ਼ਾਤ ਬਰਾਦਰੀ ਵਿਚ ਆਪਣੇ ਆਪ ਨੂੰ ਉੱਚਾ ਦਿਖਾਉਣ ਲਈ ਕਈ ਵਾਰ ਆਪਣੇ ਹੱਥੀਂ ਆਪਣੇ ਹੀ ਲਾਡਾਂ ਅਤੇ ਚਾਵਾਂ ਨਾਲ ਪਾਲੇ ਧੀਆਂ-ਪੁੱਤਰਾਂ ਦੇ ਚਾਅ ਅਤੇ ਸੱਧਰਾਂ ਨੂੰ ਆਪ ਹੀ ਲਿਤਾੜ ਸੁੱਟਦੇ ਹਨ। ਸਭ ਤੋਂ ਪਹਿਲਾਂ ਇਹ ਦੌਰ ਇੰਗਲੈਂਡ ਤੋਂ ਸ਼ੁਰੂ ਹੋਇਆ ਅਤੇ ਹੌਲੀ-ਹੌਲੀ ਕੈਨੇਡਾ ਪਹੁੰਚ ਗਿਆ। ਕੈਨੇਡਾ ਤੋਂ ਹੁੰਦਾ ਹੋਇਆ ਇਹ ਬਿਮਾਰੀਨੁਮਾ ਦੌਰ ਅਮਰੀਕਾ ਵਿਚ ਪੱਕਾ ਡੇਰਾ ਲਾ ਕੇ ਬਹਿ ਗਿਆ।

ਇਸ ਦੌਰ ਦੇ ਵਿਚ ਸੈਂਕੜੇ ਭਰਾਵਾਂ ਦੀਆਂ ਭੈਣਾਂ, ਮਾਵਾਂ ਦੀਆਂ ਧੀਆਂ ਅਤੇ ਪਿਉ ਦੀ ਪੱਗ ਦੀ ਰਖਵਾਲੀ ਦਾ ਵੱਡਾ ਥੰਮ੍ਹ, ਪੰਜਾਬ ਦੀਆਂ ਸੁੰਦਰ ਅਤੇ ਲੱਜਪਾਲ ਮੁਟਿਆਰਾਂ ਸ਼ਿਕਾਰ ਹੋਈਆਂ।

ਅਮਰੀਕਾ ਵਿਚ ਇਸ ਤਰ੍ਹਾਂ ਦੇ ਬਹੁਤ ਜੋੜੇ ਮੈਂ ਰੋਜ਼ਾਨਾ ਦੀ ਜ਼ਿੰਦਗੀ ਵਿਚ ਦੇਖਦਾ ਹਾਂ ਜਿਨ੍ਹਾਂ ਨੂੰ ਦੇਖਦਿਆਂ ਸਾਰ ਮੂੰਹੋਂ ਨਿਕਲ ਹੀ ਜਾਂਦਾ ਹੈ ਕਿ 'ਬੱਸ ਅਮਰੀਕਾ ਹੀ ਦੇਖਿਆ, ਮੁੰਡਾ ਨਹੀਂ ਦੇਖਿਆ।'

ਮੇਰਾ ਇਹ ਲੇਖ ਲਿਖਣ ਦਾ ਮਕਸਦ ਇਹ ਨਹੀਂ ਹੈ ਕਿ ਕੁੜੀਆਂ ਵਿਆਹ ਕਰਵਾ ਕੇ ਇਥੇ ਕਿਉਂ ਆਉਂਦੀਆਂ ਹਨ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਸ ਧੀ ਨੂੰ ਜਾਂ ਭੈਣ ਨੂੰ ਤੁਸੀਂ ਅਮਰੀਕਾ ਦੇ ਲਾਲਚ ਵਿਚ ਆ ਕੇ ਉਹਦੀ ਉਮਰ ਤੋਂ ਵੀ ਪੰਦਰਾਂ ਜਾਂ ਵੀਹ ਸਾਲ ਵੱਡੇ ਮੁੰਡੇ (ਬੁੱਢੇ) ਨਾਲ ਵਿਆਹ ਦਿੰਦੇ ਹੋ, ਉਸ ਦੀ ਵਿਆਹੁਤਾ ਜ਼ਿੰਦਗੀ ਕਿਸ ਤਰ੍ਹਾਂ ਗੁਜ਼ਰਦੀ ਹੈ। ਸ਼ਾਇਦ ਤੁਹਾਨੂੰ ਇਸ ਦਾ ਅੰਦਾਜ਼ਾ ਨਹੀਂ ਹੈ।

ਇਕ ਮੇਰੇ ਵਾਕਫ਼ੀਅਤ ਦੇ ਘੇਰੇ ਵਿਚ ਆਉਣ ਵਾਲਾ ਮੇਰਾ ਇਕ ਮਿੱਤਰ ਜੋ ਆਪ ਤਾਂ ਇਸ ਟਾਈਮ ਕੋਈ ਪੰਜਾਹ ਸਾਲ ਦੇ ਕਰੀਬ ਹੈ, ਪਰ ਉਸ ਦੀ ਧਰਮ ਪਤਨੀ ਪੰਝੀ ਸਾਲਾਂ ਦੀ ਹੈ। ਉਹ ਜਦੋਂ ਵੀ ਕਿਸੇ ਪਾਰਟੀ ਵਿਚ ਜਾਂਦੇ ਹਨ ਤਾਂ ਮੇਰਾ ਮਿੱਤਰ ਆਪਣੀ ਘਰਵਾਲੀ ਤੋਂ ਹਮੇਸ਼ਾ ਦੂਰ-ਦੂਰ ਹੀ ਰਹਿੰਦਾ ਹੈ। ਅਗਰ ਅਚਾਨਕ ਇਕ ਟੇਬਲ 'ਤੇ ਬੈਠ ਜਾਣ ਤਾਂ ਯਾਰ-ਬੇਲੀ ਅਤੇ ਬੁੜ੍ਹੀਆਂ ਬਿਨਾਂ ਝਿਜਕ ਪੁੱਛਣ ਲੱਗ ਪੈਂਦੀਆਂ ਹਨ। 'ਕੀ ਗੱਲ ਹੋਈ ਕੁੜੀ 'ਕੱਲ੍ਹੀ ਆਈ ਆ, ਪ੍ਰਾਹੁਣਾ ਕਿਉਂ ਨਹੀਂ ਨਾਲ ਆਇਆ।' ਉਹ ਬੱਸ ਇਹੀ ਸਮਝਦੇ ਹਨ ਕਿ ਸ਼ਾਇਦ ਇਹ ਇਹਦੇ ਘਰਵਾਲੀ ਨਹੀਂ, ਇਹਦੀ ਕੁੜੀ ਹੋਣੀ ਐ—

ਕਈ ਵਾਰ ਇਹੋ ਜਿਹੇ ਜੋੜਿਆਂ ਦੇ ਬੱਚੇ ਵੀ ਆਪਣੀਆਂ ਮਾਵਾਂ ਨੂੰ ਸਵਾਲ ਕਰਦੇ ਸੁਣੇ ਗਏ ਹਨ 'ਮੰਮੀ-ਮੰਮੀ ਮੇਰਾ ਡੈਡੀ ਕਿਉਂ ਓਲਡ ਹੈ, ਬਾਕੀ ਸਭ ਦੇ ਡੈਡੀ ਤਾਂ ਸੋਹਣੇ ਲੱਗਦੇ ਹਨ।' ਇਹੋ ਜਿਹੀਆਂ ਦਰਜਨਾਂ ਮੁਸ਼ਕਲਾਂ ਵਿਚੋਂ ਉਹ ਗੁਜ਼ਰਦੀ

ਹੈ, ਆਪਣੀ ਉਮਰ ਤੋਂ ਵੱਧ ਭਾਲੇ ਹੋਏ ਬਾਹਰਲੇ ਪਤੀਆਂ ਅਤੇ ਪਤਨੀਆਂ ਦੀ ਜ਼ਿੰਦਗੀ! ਜਦੋਂ ਕਿਤੇ ਸਾਡਾ ਮਿੱਤਰ ਸਾਡੇ ਕੋਲ ਕਿਤੇ ਆਪਣੇ ਮੂਡ ਵਿਚ ਹੁੰਦਾ ਹੈ ਤਾਂ ਕਹਿੰਦਾ ਹੈ ਕਿ ਮਿੱਤਰੋ ਸਦਕੇ ਜਾਵਾਂ ਉਸ ਪਰਮਾਤਮਾ ਦੇ ਜਿਸ ਨੇ ਇਸ ਉਮਰ ਵਿਚ ਕਬੂਤਰੀ ਵਰਗੀ ਜ਼ਨਾਨੀ ਅਤੇ ਅਮਰੀਕਾ ਵਿਚ ਪੱਕੇ ਤੌਰ 'ਤੇ ਰਹਿਣ ਲਈ ਗਰੀਨ ਕਾਰਡ ਦਿੱਤਾ ਹੈ। ਨਹੀਂ ਤਾਂ ਜ਼ਿੰਦਗੀ ਰੁਲ ਜਾਣੀ ਸੀ, ਲੋਕਾਂ ਦੇ ਨਿਆਣੇ ਖਿਡਾਉਂਦਿਆਂ ਦੀ। ਕਈ ਵਾਰ ਬਾਹਰਲੇ ਮੁਲਕਾਂ 'ਚ ਜਦੋਂ ਇਕੱਠੇ ਹੋ ਕੇ ਮੁੰਡੇ-ਖੁੰਡੇ ਸ਼ਰਾਬ ਪੀਂਦੇ ਆ ਤਾਂ ਕਿੰਜ ਗੱਲਾਂ ਕਰਦੇ ਆ, ਬਈ ਇੰਡੀਆ ਜਾਵਾਂਗੇ ਉਥੇ ਜਾ ਕੇ ਆਪਣੇ ਪਸੰਦ ਦੀ ਵਧੀਆ ਪੜ੍ਹੀ ਲਿਖੀ ਕੁੜੀ ਵਿਆਹ ਕੇ ਲਿਆਵਾਂਗੇ ਅਤੇ ਦੂਜਾ ਬੋਲਦਾ ਹੈ, ਜ਼ਿੰਦਗੀ ਦੇ ਮਜ਼ੇ ਲਓ, ਜਦ ਵਿਆਹ ਕਰਵਾਉਣਾ ਹੋਵੇ ਤਾਂ ਇੰਡੀਆ ਦੀ ਟਿਕਟ ਕਟਾਉ। ਪਰੀਆਂ 'ਚੋਂ ਛਾਂਟ ਕੇ ਸੋਹਣੀ ਪਰੀ ਲਿਆਉ। ਇਕ ਵਿਚੋਂ ਫਿਰ ਬਹੁਤ ਹੀ ਸ਼ਰਾਬੀ ਹੋਇਆ ਬੋਲਦਾ ਹੈ। ਉਹ ਭਰਾਵੋ ਇੰਡੀਆ ਵਿਚ ਤਾਂ ਅਮਰੀਕਾ ਦਾ ਪੱਕਾ ਬੰਦਾ ਹੋਵੇ, ਬੱਸ ਉਸ ਕੋਲ ਗਰੀਨ ਕਾਰਡ ਹੋਵੇ ਸਾਹ ਭਾਵੇਂ ਆਵੇ ਨਾ ਆਵੇ। ਕਈ ਤਾਂ ਇਸ ਨੂੰ ਫ਼ਨ ਹੀ ਸਮਝਦੇ ਆ, ਮਹੀਨੇ ਦੇ ਮਹੀਨੇ ਲਈ ਇੰਡੀਆ ਆਉਂਦੇ ਆ, 25-30 ਕੁੜੀਆਂ ਨਾਲ ਮੁਲਾਕਾਤ ਕਰਕੇ ਫਿਰ ਵਾਪਸ ਅਮਰੀਕਾ ਆ ਜਾਂਦੇ ਅਤੇ ਕਈ ਤਾਂ ਕੁੜੀਆਂ ਕੋਲੋਂ ਚੋਰੀ-ਚੋਰੀ ਘਰ ਦਾ ਫੋਨ ਨੰਬਰ ਵੀ ਲੈ ਆਉਂਦੇ ਅਤੇ ਬਾਅਦ ਵਿਚ ਐਵੇਂ ਘੁੱਟ ਪੀ ਕੇ ਠਰਕ ਭੋਰਦੇ ਰਹਿੰਦੇ ਹਨ। ਇਨ੍ਹਾਂ ਸਭ ਦਾ ਦੋਸ਼ੀ ਕੌਣ ਹੈ? ਅਸੀਂ ਸਭ ਜਿਹੜੇ ਥੋੜ੍ਹੀ ਜਿਹੀ ਚਮਕ-ਦਮਕ ਦੇਖੀ ਜਾਂ ਬਾਹਰਲਾ ਮੁਲਕ ਦੇਖਿਆ, ਆਪਣੀ ਲਾਡਾਂ ਅਤੇ ਚਾਵਾਂ ਨਾਲ ਪਾਲੀ ਕੱਚੀ ਲਗਰ ਵਰਗੀ ਮੁਟਿਆਰ ਧੀ ਨੂੰ ਦੁੱਖਾਂ ਦੇ ਸਾਗਰ ਵਿਚ ਰੋੜ੍ਹ ਦਿੰਦੇ ਹਾਂ ਤਾਂ ਹੀ ਤਾਂ ਕਈ ਮੁਟਿਆਰਾਂ ਹਾਉਕਾ ਲੈ ਕੇ ਕਹਿੰਦੀਆਂ ਹਨ ਜਵਾਨੀ ਦਾਅ 'ਤੇ ਲਾਈ, ਭੈਣੇ ਤਾਂ ਅਮਰੀਕਾ ਆਈ।

○○

7

ਕਾਸ਼ ! ਸ਼ਹੀਦ ਭਗਤ ਸਿੰਘ ਪੰਜਾਬੀ ਫ਼ਿਲਮ ਹੁੰਦੀ

ਅੰਤਰ-ਰਾਸ਼ਟਰੀ ਭਾਸ਼ਾਵਾਂ ਵਿਚ ਪੰਜਾਬੀ ਜ਼ੁਬਾਨ ਦਾ 16ਵਾਂ ਸਥਾਨ ਹੋਣਾ ਮਾੜੀ ਮੋਟੀ ਗੱਲ ਨਹੀਂ ਹੈ। ਪੰਜਾਬੀ ਇਤਿਹਾਸ ਦਾ ਇਕ-ਇਕ ਪੰਨਾ, ਮਾਣ ਅਤੇ ਗੌਰਵ ਨਾਲ ਭਰਿਆ ਪਿਆ ਹੈ। ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਜ਼ੁਬਾਨ ਆਪਣੇ ਆਪ ਵਿਚ ਇਕ ਮਿਸਾਲ ਹੈ। ਹੁਣੇ ਜਿਹੇ ਬਾਲੀਵੁੱਡ ਫ਼ਿਲਮ ਇੰਡਸਟਰੀ ਵੱਲੋਂ ਬਹੁਤ ਹੀ ਜ਼ੋਰਾਂ-ਸ਼ੋਰਾਂ ਨਾਲ ਤਿਆਰ ਕੀਤੀਆਂ ਪੰਜ ਫ਼ਿਲਮਾਂ ਦਰਸ਼ਕਾਂ ਦੀ ਕਚਹਿਰੀ ਵਿਚ ਸਜ ਧਜ ਕੇ ਆਈਆਂ ਹਨ। ਇਹ ਪੰਜੇ ਹੀ ਫ਼ਿਲਮਾਂ ਸੱਚੇ ਅਤੇ ਇਨਕਲਾਬੀ ਯੋਧੇ ਸ਼ਹੀਦ ਭਗਤ ਸਿੰਘ ਦੇ ਜੀਵਨ ਸੰਘਰਸ਼ 'ਤੇ ਅਧਾਰਿਤ ਹਨ। ਪੰਜਾਬ ਦਾ ਤਾਂ ਬੱਚਾ-ਬੱਚਾ ਇਸ ਸੂਰਬੀਰ ਤੋਂ ਜਾਣੂ ਹੈ। ਇਨ੍ਹਾਂ ਫ਼ਿਲਮਾਂ ਵਿਚੋਂ ਦੋ

ਫ਼ਿਲਮ ਮੇਕਰ ਤਾਂ ਮੁਕਾਬਲੇ ਦੇ ਤੌਰ 'ਤੇ ਪੇਸ਼ ਹੋਏ। ਪਹਿਲੇ ਨੰਬਰ 'ਤੇ ਸਦਾ ਬਹਾਰ ਪੰਜਾਬੀ ਜੱਟ ਧਰਮਿੰਦਰ ਦੇ ਸਪੂਤ, ਸੰਨੀ ਅਤੇ ਬੌਬੀ ਦਿਉਲ ਅਤੇ ਦੂਜੇ ਨੰਬਰ 'ਤੇ ਟਿਪਸ ਕੰਪਨੀ ਨੇ ਆਪਣਾ ਸਰਮਾਇਆ ਪਾਣੀ ਵਾਂਗ ਫ਼ਿਲਮ 'ਤੇ ਲਾਇਆ।

ਅਸੀਂ ਇਸ ਪਾਸੇ ਵੱਲ ਨਾ ਜਾਈਏ ਕਿ ਇਕੋ ਵਾਰੀ ਇਕੋ ਥੀਮ ਵਾਲੀਆਂ ਫ਼ਿਲਮਾਂ ਬਣਨ ਦਾ ਕਾਰਨ ਕੀ ਹੈ? ਸਾਨੂੰ ਇਸ ਗੱਲ ਲਈ ਸੰਜੀਦਾ ਹੋਣਾ ਪਵੇਗਾ ਕਿ ਫ਼ਿਲਮ ਮੇਕਰ ਦਰਸ਼ਕਾਂ ਦੇ ਦਿਲ ਦੀ ਰੀਝ ਪੂਰੀ ਕਰ ਸਕੇ ਜਾਂ ਨਹੀਂ। ਬੜੇ ਮਜ਼ੇ ਦੀ ਗੱਲ ਹੈ ਅੱਜ ਜਦੋਂ ਅਸੀਂ 'ਨਾਨਕ ਨਾਮ ਜਹਾਜ਼ ਹੈ' ਫ਼ਿਲਮ ਦੇਖਦੇ ਹਾਂ, ਤਾਂ ਦਿਲ ਬਾਗੋ-ਬਾਗ ਹੋ ਜਾਂਦਾ ਹੈ। ਪੰਜਾਬੀ ਧਰਤੀ ਦੇ ਗੁਰੂਆਂ ਦੀ ਫ਼ਿਲਮ ਹਿੰਦੀ ਮੇਕਰਾਂ ਨੇ ਪੰਜਾਬੀ 'ਚ ਬਣਾਈ। ਮੈਂ ਕਈ ਵਾਰ ਸੋਚਦਾਂ ਕਿ ਅਗਰ ਇਹ ਵੀ ਹਿੰਦੀ 'ਚ ਹੁੰਦੀ ਤਾਂ ਕੀ ਹੁੰਦਾ। ਕਿਸ ਤਰ੍ਹਾਂ ਲੱਗਦਾ। ਸਾਨੂੰ ਕਿਸੇ ਵੀ ਭਾਸ਼ਾ ਨਾਲ ਵਿਤਕਰਾ ਨਹੀਂ, ਹਿੰਦੀ ਸਾਡੀ ਰਾਸ਼ਟਰੀ ਭਾਸ਼ਾ ਹੈ। ਅਸੀਂ ਹਿੰਦੀ 'ਚ ਬਣੀਆਂ ਹਜ਼ਾਰਾਂ ਫ਼ਿਲਮਾਂ ਆਪਣੀ ਬੀਤੀ ਜ਼ਿੰਦਗੀ 'ਚ ਦੇਖ ਚੁੱਕੇ ਹਾਂ ਅਤੇ ਅੱਗੋਂ ਦੇਖ ਵੀ ਰਹੇ ਹਾਂ। ਪਰ ਪੰਜਾਬੀ ਹੋਣ ਦੇ ਨਾਤੇ ਅਤੇ ਭਗਤ ਸਿੰਘ ਪੰਜਾਬੀ ਹੋਣ ਦੇ ਬਾਵਜੂਦ ਇਹ ਸਭ ਲਿਖ ਰਿਹਾ ਹਾਂ। ਕੀ ਅੱਜ ਜਿਥੇ ਮੁੰਬਈ ਫ਼ਿਲਮ ਇੰਡਸਟਰੀ, ਹਰ ਹਿੰਦੀ ਫ਼ਿਲਮ 'ਚ ਪੰਜਾਬੀ ਗੀਤ ਪਾ ਰਹੀ ਹੈ। ਪੰਜਾਬੀ ਬੋਲਣ 'ਚ ਹੀਰੋਇਨਾਂ ਮਾਣ ਸਮਝਦੀਆਂ ਹਨ, ਪੰਜਾਬੀ ਦੇ ਡਾਇਲਾਗ ਬੋਲ ਕੇ ਫ਼ਿਲਮ ਨੂੰ ਸ਼ਿੰਗਾਰਿਆ ਜਾਂਦਾ ਹੈ। ਉੱਥੇ ਅੱਜ ਦੂਜੇ ਸਾਰੇ ਦਰਸ਼ਕਾਂ ਦੇ ਨਾਲ ਪੰਜਾਬੀਆਂ ਦੇ ਅਰਮਾਨ ਜਿਉਂ ਦੇ ਤਿਉਂ ਹੀ ਰਹੇ। ਪ੍ਰਦੇਸਾਂ 'ਚ ਇਸ ਗੱਲ ਦਾ ਹਰ ਇਕ ਪੰਜਾਬੀ ਨੂੰ ਯਕੀਨ ਸੀ ਕਿ ਅਗਰ ਹੋਰ ਕੋਈ ਇਹ ਫ਼ਿਲਮ ਪੰਜਾਬੀ 'ਚ ਬਣਾਵੇ ਜਾਂ ਨਾ ਬਣਾਵੇ ਪਰ ਧਰਮਿੰਦਰ ਪਰਿਵਾਰ ਜ਼ਰੂਰ ਇਸ ਨੂੰ ਪੰਜਾਬੀ 'ਚ ਬਣਾਉਣਗੇ।

ਸਭ ਦੇਖਦੇ ਰਹਿ ਗਏ। ਕਿਸੇ ਨੇ ਵੀ ਦਿਲ 'ਚੋਂ ਆਪਣੀ ਭਾਫ਼ ਕੱਢਣ ਦੀ ਲੋੜ ਨਹੀਂ ਸਮਝੀ, ਇਹਨੂੰ ਵੀ ਇਕ ਘਟਨਾ ਸਮਝ ਕੇ ਚੁੱਪ ਧਾਰ ਲਈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਫ਼ਿਲਮ ਇੰਡਸਟਰੀ ਵਿਚ ਘੱਟੋ-ਘੱਟ 60% ਦੇ ਕਰੀਬ ਪੰਜਾਬੀ ਹਨ। ਪਰ ਅਫਸੋਸ.... ਪੰਜਾਬੀ ਸ਼ਹੀਦ ਫ਼ਿਲਮ ਦੇਖਦੇ-ਦੇਖਦੇ, ਏਨੇ ਵੇਗ 'ਚ ਆ ਗਏ ਕਿ ਉਨ੍ਹਾਂ ਨੂੰ ਇਹ ਪਤਾ ਲੱਗਾ ਹੀ ਨਹੀਂ ਕਿ ਸੰਨੀ ਅਤੇ ਬੌਬੀ ਹਿੰਦੀ ਬੋਲਦੇ ਹਨ। ਉਹ ਤਾਂ ਏਸ ਮਾਣ 'ਚ ਹੀ ਫ਼ਿਲਮ ਦੇਖਦੇ ਰਹੇ ਕਿ ਭਗਤ ਸਿੰਘ ਪੰਜਾਬੀ, ਸਾਡੇ ਫ਼ਿਲਮ ਮੇਕਰ ਪੰਜਾਬੀ, ਹਾਂ ਫ਼ਿਲਮ ਦੇਖਣ ਤੋਂ ਬਾਅਦ ਲੋਕ ਕਲੱਬਾਂ 'ਚ, ਪਾਰਟੀਆਂ 'ਚ ਅਤੇ ਘਰਾਂ 'ਚ ਇਹ ਗਿਲਾ ਜ਼ਰੂਰ ਕਰਨ ਲੱਗੇ ਕਿ ਯਾਰ ਸਾਡੇ ਪੰਜਾਬੀ ਤਾਂ ਪੰਜਾਬੀ ਫ਼ਿਲਮ ਨੂੰ ਪੰਜਾਬੀ 'ਚ ਬਣਾਉਂਦੇ। ਮਿਹਨਤ ਪੱਖੋਂ ਦੋਵਾਂ ਭਰਾਵਾਂ ਨੇ ਕੋਈ ਕਸਰ ਨਹੀਂ ਛੱਡੀ। ਇਸ ਪੱਖੋਂ ਦੋਵੇਂ ਸ਼ਾਬਾਸ਼ ਦੇ ਹੱਕਦਾਰ ਹਨ ਅਤੇ ਪੰਜਾਬੀ ਫਿਰ ਵੀ ਭੁੱਲ ਕੇ ਅੱਗੇ ਤੋਂ ਉਨ੍ਹਾਂ 'ਤੇ ਵੱਡੀਆਂ ਆਸਾਂ ਲਾਈ ਬੈਠੇ

ਹਨ। ਹਾਂ ਤਾਂ ਇਕ ਫ਼ਿਲਮ ਮੈਂ ਇਕਬਾਲ ਢਿੱਲੋਂ ਵੱਲੋਂ ਬਣਾਈ ਦੇਖੀ ਜੋ ਮੈਨੂੰ ਕਾਫੀ ਪਸੰਦ ਆਈ, ਜਿਸ ਦਾ ਨਾਂਅ ਸੀ, 'ਸ਼ਹੀਦ-ਏ-ਆਜ਼ਮ ਭਗਤ ਸਿੰਘ' ਇਸ ਫ਼ਿਲਮ ਨੇ ਇਸ ਨਾਂਅ ਦੀ ਕਦਰ ਪਾਈ ਹੈ। ਪਰ ਢਿੱਲੋਂ ਸਾਹਿਬ ਲਈ ਵੀ ਅਸੀਂ ਪੰਜਾਬੀ ਦਾ ਟੀਕਾ ਜ਼ਰੂਰ ਲਾਵਾਂਗੇ। ਇਨ੍ਹਾਂ ਨੇ ਹਿੰਦੀ ਪੰਜਾਬ ਵਾਲੀ ਬੋਲ ਕੇ ਕੁਝ ਦਰਦ ਘੱਟ ਕਰ ਦਿੱਤਾ। ਪਰ ਮੈਂ ਇਕ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਅਗਰ ਇਨ੍ਹਾਂ 'ਚੋਂ ਇਕ ਵੀ ਫ਼ਿਲਮ ਪੰਜਾਬੀ ਜ਼ੁਬਾਨ ਵਿਚ ਹੁੰਦੀ ਤਾਂ ਸੁਪਰ ਹਿੱਟ ਹੁੰਦੀ, ਬੇਸ਼ਕ ਫ਼ਿਲਮ ਮੇਕਰਾਂ ਨੇ ਬਿਜ਼ਨੈੱਸ ਪੱਖ ਨੂੰ ਲੈ ਕੇ ਹਿੰਦੀ ਦਾ ਸਹਾਰਾ ਲਿਆ। ਪਰ ਫਾਇਦਾ ਕੀ ਹੋਇਆ, ਆਲੋਚਕਾਂ ਦੀ ਭੀੜ ਇਕੱਠੀ ਕਰ ਲਈ। 'ਸ਼ਹੀਦ-ਏ-ਮੁਹੱਬਤ', 'ਮਾਹੌਲ ਠੀਕ ਹੈ' ਅਤੇ 'ਸ਼ਹੀਦ ਊਧਮ ਸਿੰਘ' ਵਰਗੀਆਂ ਫ਼ਿਲਮਾਂ ਨੂੰ ਇਕੱਲੇ ਪੰਜਾਬੀ ਹੀ ਨਹੀਂ ਹਿੰਦੀ, ਉਰਦੂ, ਗੁਜਰਾਤੀ ਅਤੇ ਖਾਸ ਕਰਕੇ ਏਧਰ ਅਮਰੀਕਾ ਵਿਚ ਗਿਯਾਨਾ ਵਾਲੇ ਦਰਸ਼ਕ ਸਭ ਦੇਖਦੇ ਹਨ।

ਜਦੋਂ ਸੂਰਜ ਚੜ੍ਹਦਾ ਹੈ ਤਾਂ ਸਭ ਦੇਖਦੇ ਹਨ। ਸਵਾਲ ਇਹ ਹੈ ਕਿ ਪੇਸ਼ਕਾਰੀ ਵਧੀਆ ਹੋਵੇ, ਅੱਜ 'ਟਾਈਟੈਨਿਕ', 'ਹੈਂਰੀ ਪਾਟਰ' ਵਰਗੀਆਂ ਅੰਗਰੇਜ਼ੀ ਫ਼ਿਲਮਾਂ ਪੂਰੇ ਵਰਲਡ ਵਿਚ ਬਿਜ਼ਨੈੱਸ ਕਰ ਰਹੀਆਂ ਹਨ। ਕੀ ਕਾਰਨ ਹੈ? ਸਾਨੂੰ ਗੰਭੀਰਤਾ ਨਾਲ ਸੋਚਣਾ ਪਵੇਗਾ। ਪੰਜਾਬੀ ਫ਼ਿਲਮ ਇੰਡਸਟਰੀ ਤਾਂ ਪਹਿਲਾਂ ਹੀ ਬੰਦ ਵਰਗੀ ਹੈ। ਅਗਰ ਇਸੇ ਤਰ੍ਹਾਂ ਹੁੰਦਾ ਰਿਹਾ ਤਾਂ ਪੰਜਾਬੀ ਸਭਿਆਚਾਰ ਨੂੰ ਖੋਰਾ ਲੱਗਣਾ ਸ਼ੁਰੂ ਹੋ ਜਾਵੇਗਾ। ਜਿਸ ਲਈ ਮੁੜ ਕੁਰਬਾਨੀਆਂ ਦੇਣੀਆਂ ਪੈ ਸਕਦੀਆਂ ਹਨ।

○○

8

ਲਵ ਮੈਰਿਜ ਬਨਾਮ ਮਤਲਬ ਮੈਰਿਜ

ਦੁਨੀਆਂ ਦਾ ਕੋਈ ਹੀ ਐਸਾ ਦੇਸ਼ ਜਾਂ ਕਬੀਲਾ ਹੋਵੇਗਾ, ਜਿੱਥੇ ਮੁਹੱਬਤ ਵਰਗੀ ਸੱਚੀ ਤੇ ਸੁੱਚੀ ਨਿਆਮਤ ਨਾ ਹੁੰਦੀ ਹੋਵੇਗੀ। ਇਹ ਮੁਹੱਬਤਾਂ ਬਿਨਾਂ ਇਨਸਾਨ ਅਧੂਰਾ ਹੈ। ਇਹ ਮੁਹੱਬਤ ਜਾਂ ਪਿਆਰ ਕਿਸੇ ਵੀ ਕਿਸਮ ਦਾ ਹੋ ਸਕਦਾ ਹੈ। ਭੈਣ-ਭਰਾ ਦਾ ਪਿਆਰ, ਮਾਂ-ਪੁੱਤ, ਯਾਰਾਂ-ਦੋਸਤਾਂ ਦਾ ਪਿਆਰ, ਦੇਸ਼ ਦਾ, ਕੌਮ ਦਾ ਆਦਿ। ਪਰ ਇਸ ਪਿਆਰ 'ਚ ਇਕ ਰਿਸ਼ਤਾ ਅਹਿਮ ਉੱਭਰ ਕੇ ਸਾਰੇ ਦਾ ਸਾਰਾ ਧਿਆਨ ਆਪਣੇ ਵੱਲ ਖਿੱਚ ਲੈਂਦਾ ਹੈ। ਅਗਰ ਇਹ ਕਹਿ ਲਈਏ ਕਿ ਜੋੜ (ਰਿਸ਼ਤਾ) ਸਾਰੇ ਰਿਸ਼ਤਿਆਂ ਵਿਚੋਂ ਹੀਰੇ ਵਾਂਗ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਆਉ ਅੱਜ ਆਪਾਂ ਗੱਲ ਕਰੀਏ ਅੱਜ ਦੇ ਚਰਚਿਤ ਰਿਸ਼ਤੇ, ਲਵ ਮੈਰਿਜ ਦੇ ਰਿਸ਼ਤੇ ਦੀ, ਭਾਵ ਪਿਆਰ ਵਿਆਹ ਦਾ ਜੋੜ।

ਮੈਂ ਉਹੀ ਲਿਖ ਰਿਹਾ ਹਾਂ ਜੋ ਮੈਂ ਆਪਣੀ ਜ਼ਿੰਦਗੀ ਵਿਚ ਦੇਖਿਆ, ਅਨੁਭਵ ਕੀਤਾ। ਕੋਈ ਜ਼ਮਾਨਾ ਸੀ, ਜਦ ਇਸ ਵਿਆਹ ਦੀ ਚਰਚਾ ਸਾਰੇ ਦੇਸ਼ ਵਿਚ ਜਾਂ ਸਾਰੀ ਜ਼ਾਤ ਬਿਰਾਦਰੀ ਵਿਚ ਅੱਜ ਦੀ ਵੱਡੀ ਖ਼ਬਰ 11 ਸਤੰਬਰ ਵਾਂਗ ਸੁਣੀ ਜਾਂਦੀ ਸੀ ਅਤੇ ਉਸ ਜੋੜੇ ਨੂੰ ਕਈ ਵਾਰ ਤਾਂ ਜ਼ਾਤ ਬਿਰਾਦਰੀ ਵਿਚੋਂ ਵੀ ਸ਼ੇਕ ਦਿੱਤਾ ਜਾਂਦਾ ਸੀ ਪਰ ਅੱਜ ਦੌਰ ਇਹ ਹੈ ਕਿ ਕੁਝ ਮਾਪੇ ਇਸੇ ਵਿਚ ਹੀ ਆਪਣਾ ਮਾਣ ਸਮਝਦੇ ਹਨ ਕਿ ਉਨ੍ਹਾਂ ਦਾ ਮੁੰਡਾ ਜਾਂ ਕੁੜੀ ਲਵ ਮੈਰਿਜ ਕਰਵਾ ਰਹੇ ਹਨ। ਇਹ ਦੌਰ ਇੰਡੀਆ ਵਿਚ ਵੀ ਕਾਫੀ ਸਰਗਰਮ ਹੈ ਜਾਂ ਇਹ ਕਹਿ ਲਈਏ ਕਿ ਸਾਰੇ ਸੰਸਾਰ ਨੂੰ ਹੀ ਅੱਜ ਇਸ ਸੰਦਰਭ ਵਿਚੋਂ ਲੰਘਣਾ ਪੈ ਰਿਹਾ ਹੈ। ਲਵ ਮੈਰਿਜ ਕੋਈ ਮਾੜੀ ਚੀਜ਼ ਨਹੀਂ, ਪਿਆਰ, ਮੁਹੱਬਤ ਕਰਨਾ ਬਹੁਤ ਚੰਗੀ ਗੱਲ ਹੈ। ਆਪੋ ਵਿਚੋਂ ਦੋਨੋਂ ਪਾਰਟੀਆਂ ਇਕ ਦੂਜੇ ਨੂੰ ਚੰਗੀ ਤਰ੍ਹਾਂ ਨਾਲ ਸਮਝ ਲੈਂਦੀਆਂ ਹਨ। ਆਉਣ ਵਾਲੀ ਜ਼ਿੰਦਗੀ ਖੂਬਸੂਰਤ ਬਣਨ ਦੇ ਸੌ ਫੀਸਦੀ ਚਾਂਸ ਬਣ ਜਾਂਦੇ ਹਨ। ਪਰ ਮੇਰੇ ਇਸ ਲੇਖ ਨੂੰ ਪੜ੍ਹ ਕੇ ਲਵ ਮੈਰਿਜਾਂ ਨਹੀਂ ਕਰਵਾਉਣੀਆਂ ਸ਼ੁਰੂ ਕਰ ਦੇਣੀਆਂ। ਖੂਬਸੂਰਤ ਜ਼ਿੰਦਗੀ ਬਹੁਤ ਘੱਟ ਜੋੜਿਆਂ ਦੀ ਬਣਦੀ ਹੈ। ਨਹੀਂ ਤਾਂ ਖੱਜਲ ਖੁਆਰੀ ਜ਼ਿਆਦਾ ਹੁੰਦੀ ਹੈ।

ਇਹ ਪਿਆਰ ਵਿਆਹ ਕਾਮਯਾਬ ਕਿਥੇ ਤੇ ਕਿਵੇਂ ਰਹਿ ਸਕਦੇ। ਅਗਰ ਪਿਆਰ ਤੁਹਾਡਾ ਤੁਹਾਡੀ ਹੀ ਜ਼ਾਤ-ਬਿਰਾਦਰੀ ਵਿਚ ਹੈ। ਭਾਵ ਜਦੋਂ ਇਸ ਤਰ੍ਹਾਂ ਹੋਵੇਗਾ, ਦੋਵਾਂ ਪਰਿਵਾਰਾਂ ਨੂੰ ਇਕ ਦੂਜੇ ਪ੍ਰਤੀ ਸਮਝਣ ਦਾ ਅਤੇ ਰੀਤੀ ਰਿਵਾਜ਼ਾਂ ਦਾ ਬਹੁਤਾ ਸਾਹਮਣਾ ਨਹੀਂ ਕਰਨਾ ਪਵੇਗਾ। ਇਹ ਗੱਲ ਅਸੀਂ ਜ਼ਰੂਰ ਮੰਨਦੇ ਹਾਂ ਕਿ ਪਿਆਰ ਕਰਨ ਵਾਲੇ ਜ਼ਾਤਾਂ-ਪਾਤਾਂ ਨਹੀਂ ਦੇਖਦੇ ਪਰ ਇਥੇ ਨਾਲ ਦੀ ਨਾਲ ਇਹ ਵੀ ਦੱਸ ਦਈਏ ਕਿ ਬਹੁਤੇ ਇਹੋ ਜਿਹੇ ਰਿਸ਼ਤੇ ਮਤਲਬ ਲਈ ਹੀ ਹੁੰਦੇ ਹਨ। ਪਿੱਛੇ ਜਿਹੇ ਨਿਊਯਾਰਕ ਵਿਚ ਵੀ ਲਵ ਮੈਰਿਜ ਦਾ ਦੌਰ ਕਾਫ਼ੀ ਸਰਗਰਮੀ ਫੜਦਾ-ਫੜਦਾ ਹੁਣ ਪੂਰੇ ਜੋਬਨ 'ਤੇ ਹੈ। ਇਥੇ ਬਹੁਤ ਪਿਆਰ ਵਿਆਹ ਕਿਹੜੀਆਂ ਚੀਜ਼ਾਂ ਨੂੰ ਮੁੱਖ ਰੱਖ ਕੇ ਹੁੰਦੇ ਹਨ? ਮੁੰਡਾ ਕੱਚਾ ਹੁੰਦਾ ਹੈ ਭਾਵ ਉਹ ਅਮਰੀਕਾ 'ਚ ਸੈਟਲ ਨਹੀਂ ਹੋ ਸਕਿਆ ਹੁੰਦਾ। ਆਖਰ ਚਾਰ ਪੰਜ ਸਾਲ ਬਾਅਦ ਉਹਨੂੰ ਇਹੋ ਇਕ ਸੌਖਾ ਤਰੀਕਾ ਪੱਕੇ ਹੋਣ ਦਾ ਸੁੱਝਦਾ ਹੈ। ਕੁੜੀਆਂ ਦੀ ਭਾਲ 'ਚ ਆਸ਼ਕ ਚੱਕਰ ਸ਼ੁਰੂ ਕਰ ਦਿੰਦਾ ਹੈ। ਕਾਲਜਾਂ ਅਤੇ ਗੁਰੂ ਘਰਾਂ ਦੇ ਦੁਆਲੇ ਸੋਹਣੀਆਂ ਕਾਰਾਂ ਲੈ ਕੇ ਘੁੰਮਣਾ ਬਗੈਰਾ-ਬਗੈਰਾ। ਉਸ ਟਾਈਮ ਉਹਦੇ ਜਾਲ ਵਿਚ ਕੁੜੀ ਆਵੇ ਜਾਂ ਵਿਆਹੀ ਹੋਈ ਔਰਤ ਉਹ ਆਪਣਾ ਪਿਆਰ ਮਜਨੂੰ ਵਾਂਗ ਨਿਸ਼ਾਵਰ ਕਰ ਦਿੰਦਾ ਹੈ। ਨਾ ਜ਼ਾਤ, ਨਾ ਬਿਰਾਦਰੀ, ਨਾ ਸੋਹਣੀ, ਨਾ ਚੰਗੀ ਮਾੜੀ, ਬੱਸ ਉਹਦੇ ਦਿਮਾਗ਼ ਵਿਚ ਇਹੋ ਕੁੱਤਾ ਫਸਿਆ ਹੁੰਦਾ ਹੈ ਮੈਂ ਪੱਕਾ ਕਿੱਦਾਂ ਹੋਣਾ ਹੈ। ਥੋੜ੍ਹੇ ਚਿਰ ਬਾਅਦ ਮੁਲਾਕਾਤਾਂ, ਲੰਚ, ਡਿਨਰ ਅਤੇ ਕੌਫੀ ਦੀਆਂ ਮਿੱਠੀਆਂ-ਮਿੱਠੀਆਂ ਚੁਸਕੀਆਂ, ਆਖਰ ਗੱਲ ਦੋਵਾਂ ਦੇ ਦਿਮਾਗ਼ ਵਿਚ ਉਸ ਮਛੇਰੇ ਵਾਂਗ ਆਉਂਦੀ ਹੈ ਜਿਹੜਾ ਸਵੇਰ ਤੋਂ ਮੱਛੀ ਫੜਨ ਲਈ ਕੁੰਡੀ ਲਾ ਕੇ ਬੈਠਾ-ਬੈਠਾ ਸੋਚਦਾ ਬਈ ਕੁੰਡੀ ਪਾਣੀ ਵਿਚੋਂ ਬਾਹਰ ਕੱਢ ਕੇ ਤਾਂ

ਵੇਖੀਏ ਕਿ ਮੱਛੀ ਫਸੀ ਕਿ ਨਹੀਂ। ਬਸ ਉਸੇ ਤਰ੍ਹਾਂ ਜਦੋਂ ਇਹ ਜੋੜਾ ਇਕ ਦੂਜੇ ਦੇ ਬਿਲਕੁਲ ਲਾਗੇ ਹੁੰਦਾ ਤਾਂ ਆਪਣੇ ਪਰਿਵਾਰਾਂ ਬਾਰੇ, ਆਪਣੇ ਰਹਿਣ-ਸਹਿਣ ਬਾਰੇ ਤੇ ਅਖੀਰ ਵਿਚ ਅਮਰੀਕਾ ਵਿਚ ਕਿਸ ਸਥਿਤੀ ਵਿਚ ਰਹਿੰਦੇ ਹਨ। ਕਈ ਵਾਰ ਤਾਂ ਇੰਜ ਹੁੰਦਾ ਹੈ ਕਿ ਦੋਨੋਂ ਮੁੰਡਾ ਕੁੜੀ ਕੱਚੇ ਨਿਕਲਦੇ ਹਨ। ਕੁੜੀ ਮੁੰਡੇ ਕੋਲ ਇਸ ਕਰਕੇ ਆਉਂਦੀ ਹੈ ਕਿ ਮੈਂ ਪੱਕੀ ਹੋ ਜਾਵਾਂਗੀ ਤੇ ਮੁੰਡਾ ਕੁੜੀ ਕੋਲ ਵੀ ਇਸੇ ਇਰਾਦੇ ਨਾਲ ਆਉਂਦਾ ਹੈ। ਪਰ ਫਾਇਰ ਜਦੋਂ ਦੋਵਾਂ ਦਾ ਫੋਕਾ ਨਿਕਲਦਾ ਤਾਂ ਬਿਨਾਂ ਦੱਸਿਆਂ ਦੋਨੋਂ ਉਡਾਰੀ ਕਿਸੇ ਹੋਰ ਥਾਂਹ ਮਾਰ ਜਾਂਦੇ ਹਨ। ਬਹੁਤ ਘੱਟ ਹਨ ਜੋ ਪਿਆਰ ਵਿਆਹ ਹਨ। ਬਹੁਤੇ ਤਾਂ ਮਤਲਬ ਦੇ ਵਿਆਹ ਹਨ। ਇਹ ਬਿਮਾਰੀ ਸਿਰਫ ਇਥੇ ਨੌਜਵਾਨਾਂ ਵਿਚ ਹੀ ਨਹੀਂ ਸਗੋਂ ਇਹ ਤਾਂ ਵਿਆਹੇ ਹੋਇਆਂ ਵਿਚ ਵੀ ਜ਼ਿਆਦਾ ਹੈ। ਕਈਆਂ ਪਰਿਵਾਰਾਂ ਵਿਚ 2-2 ਬੱਚੇ ਵੀ ਹਨ। ਅੰਤ ਸੁਣੀਦਾ ਹੈ ਕਿ ਫਲਾਣੇ ਦੀ ਘਰਵਾਲੀ ਫਲਾਣੇ ਨਾਲ ਰਹਿਣ ਲੱਗ ਪਈ, ਬੜੇ ਹੀ ਆਰਾਮ ਨਾਲ। ਇਹਦੇ ਵਿਚ ਵੀ ਕਈ ਕਾਰਨ ਸਾਹਮਣੇ ਆਏ ਹਨ। ਕਈ ਔਰਤਾਂ ਇਸ ਰੰਗਲੀ ਧਰਤੀ 'ਤੇ ਆ ਕੇ ਹਮੇਸ਼ਾ ਰੰਗਲੇ ਸੁਪਨਿਆਂ ਦੀ ਹੀ ਤਸਵੀਰ ਬਣ ਕੇ ਰਹਿਣਾ ਚਾਹੁੰਦੀਆਂ ਹਨ। ਭਾਵ ਉਹ ਕੋਈ ਹੋਰ ਤਕੜਾ ਬਿਜ਼ਨੈੱਸਮੈਨ ਜਾਂ ਵਧੀਆ ਆਪਣੇ ਤੋਂ ਘੱਟ ਉਮਰ ਦਾ ਜਵਾਨ ਲੱਭ ਲੈਂਦੀਆਂ ਹਨ। ਕਈ ਬੰਦੇ ਵੀ ਇਸੇ ਤਰ੍ਹਾਂ ਹੀ ਕਰਦੇ ਹਨ। ਆਪਣੇ ਇੰਡੀਆ ਤੋਂ ਆਏ ਬੱਚੇ ਅਤੇ ਜ਼ਨਾਨੀ ਛੱਡ ਕੇ ਕਿਤੇ ਹੋਰ ਆਲ੍ਹਣਾ ਪਾ ਲੈਂਦੇ ਹਨ ਕਿਉਂਕਿ ਇਥੇ ਕਿਸੇ ਨੇ ਇੰਡੀਆ ਵਾਂਗ ਪੰਚਾਇਤਾਂ ਜਾਂ ਹੋਰ ਰਿਸ਼ਤੇਦਾਰਾਂ ਨੇ ਡਰਾਉਣਾ ਜਾਂ ਸਮਝਾਉਣਾ ਤੱਕ ਨਹੀਂ ਹੁੰਦਾ। ਪਰ ਇਹੋ ਜਿਹੇ ਲੋਕ ਸਾਰੀ ਕੌਮ ਵਿਚ ਹੁੰਦੇ ਹਨ ਇਕ ਜਾਂ ਦੋ ਫੀਸਦੀ ਹੀ ਹਨ ਪਰ ਸਾਰੀ ਕੌਮ ਨੂੰ ਬਦਨਾਮੀ ਦਾ ਦਾਗ਼ ਲਾ ਦਿੰਦੇ ਹਨ। ਇਥੇ ਕੁੜੀਆਂ ਮੁੰਡਿਆਂ ਦਾ ਸਰੇਆਮ ਮਿਲਣਾ, ਇਸ ਦਾ ਇਕ ਕਾਰਨ ਇਹ ਵੀ ਹੈ ਕਿ ਵਿਦੇਸ਼ੀ ਮਾਪੇ ਆਪਣੇ ਬੱਚਿਆਂ ਵੱਲ ਬਿਲਕੁਲ ਧਿਆਨ ਨਹੀਂ ਦਿੰਦੇ। ਬੰਦਾ ਅਤੇ ਜ਼ਨਾਨੀ ਦੋਵੇਂ ਕੰਮਾਂ 'ਤੇ ਲੱਗੇ ਹੋਣ ਕਾਰਨ ਕਈ ਵਾਰ ਉਹ ਆਪਣੇ ਬੱਚਿਆਂ ਨੂੰ ਤਾਂ ਕੀ, ਆਪ ਵੀ ਇਕ ਘਰ ਵਿਚ ਰਹਿਣ ਦੇ ਬਾਵਜੂਦ ਹਫਤਾ-ਹਫਤਾ ਨਹੀਂ ਮਿਲਦੇ। ਕੰਮ ਕਰਨਾ ਕੋਈ ਮਾੜੀ ਗੱਲ ਨਹੀਂ, ਪਰ ਜਿਨ੍ਹਾਂ ਲਈ ਅਸੀਂ ਕੰਮ ਕਰ ਰਹੇ ਹਾਂ ਅਗਰ ਉਹੀ ਸਾਡੇ ਕੋਲ ਨਹੀਂ ਤਾਂ ਫਿਰ ਇਨ੍ਹਾਂ ਡਾਲਰਾਂ ਨੂੰ ਅਸੀਂ ਕੀ ਕਰਨਾ ਹੈ? ਹੋਰ ਵੀ ਬਹੁਤ ਘਾਟਾਂ ਹਨ, ਵਿਦੇਸ਼ੀ ਮਾਪਿਆਂ ਵਿਚ ਜਿਸ ਦਾ ਕਾਰਨ ਲਵ ਮੈਰਿਜ ਬਣਦਾ ਜਾ ਰਿਹਾ ਹੈ। ਸਾਡਾ ਤਾਂ ਦੇਸੀ ਅਤੇ ਵਿਦੇਸ਼ੀ ਮਾਪਿਆਂ ਨੂੰ ਇਹੀ ਸੁਝਾਅ ਹੈ ਕਿ ਆਪਣੇ ਬੱਚਿਆਂ ਪ੍ਰਤੀ ਸੁਚੇਤ ਹੋਵੋ ਤਾਂ ਕਿ ਅਸੀਂ ਉਨ੍ਹਾਂ ਨੂੰ ਪੂਰੇ ਰਸਮਾਂ, ਰਿਵਾਜਾਂ ਅਨੁਸਾਰ ਆਪੋ-ਆਪਣੇ ਘਰੀਂ ਵਸਾਈਏ। ਬਜਾਏ ਕਿ ਕੋਰਟ ਕਚਿਹਰੀਆਂ ਦੇ ਧੱਕੇ ਖਾਣ ਨਾਲੋਂ ਅਤੇ ਕਮਿਊਨਿਟੀ ਵਿਚ ਸਿਰ ਨੀਵਾਂ ਕਰਕੇ ਤੁਰਨ ਨਾਲੋਂ ਅਸੀਂ ਆਪਣੇ ਬੱਚਿਆਂ ਨੂੰ ਆਪਣਾ ਸੱਭਿਆਚਾਰ ਸਮਝਾਈਏ।

OO

9

ਕੋਠੀਆਂ ਵਾਲੇ ਸਰਦਾਰ



ਪ੍ਰਮਾਤਮਾ ਹਰ ਇਕ ਇਨਸਾਨ ਨੂੰ ਤਰੱਕੀਆਂ ਬਖਸ਼ੇ, ਅਸੀਂ ਰੱਬ ਅੱਗੇ ਇਹੀ ਪ੍ਰਾਰਥਨਾ ਕਰਦੇ ਹਾਂ ਅਸੀਂ ਘਰੋਂ ਰੋਜ਼ੀ-ਰੋਟੀ ਦੀ ਭਾਲ 'ਚ ਵਿਦੇਸ਼ਾਂ ਨੂੰ ਆਪਣੀ ਮੰਜ਼ਿਲ ਮੰਨ ਕੇ ਸਫਰ ਸ਼ੁਰੂ ਕੀਤਾ ਸੀ ਅਤੇ ਪ੍ਰਮਾਤਮਾ ਨੇ ਸਾਨੂੰ ਸਭ ਨੂੰ ਮੰਜ਼ਿਲ 'ਤੇ ਪਹੁੰਚਾ ਕੇ ਚੰਗਾ ਰੁਜ਼ਗਾਰ, ਚੰਗਾ ਰਹਿਣ ਸਹਿਣ, ਭਾਵ ਜੀਵਨ ਦਾ ਹਰ ਸੁੱਖ ਪ੍ਰਦਾਨ ਕੀਤਾ। ਮੈਂ ਗੱਲ ਉਨ੍ਹਾਂ ਵਿਦੇਸ਼ੀਆਂ ਦੀ ਕਰ ਰਿਹਾ ਹਾਂ ਜਿਨ੍ਹਾਂ ਨੇ ਅੱਜ ਤੋਂ ਕੋਈ ਦਹਾਕਾ ਜਾਂ ਦੋ ਦਹਾਕੇ ਪਹਿਲਾਂ ਆਪਣਾ ਵਿਦੇਸ਼ੀ ਜੀਵਨ ਸ਼ੁਰੂ ਕੀਤਾ। ਹਰ ਇਨਸਾਨ ਭਟਕੇ ਹੋਏ ਰਾਹੀ ਦੀ ਤਰ੍ਹਾਂ ਆਪਣੀ ਮੰਜ਼ਿਲ ਲੱਭਦਾ ਫਿਰਦਾ ਹੈ। ਬੇਸ਼ੱਕ ਉਹ ਦੁਨੀਆ ਦੇ ਕਿਸੇ ਵੀ ਹਿੱਸੇ 'ਚ ਹੋਵੇ। ਅੱਜ ਅਸੀਂ ਆਪਣੇ ਪਾਠਕਾਂ ਨਾਲ ਇਕ ਗੱਲ ਸਾਂਝੀ ਕਰਨ ਜਾ ਰਹੇ ਹਾਂ, ਜਿਹੜੀ ਇਕੱਲੇ ਵਤਨ ਵਾਸੀਆਂ ਨੂੰ ਹੀ ਨਹੀਂ

ਬਲਕਿ ਵਿਦੇਸ਼ੀਆਂ ਨੂੰ ਵੀ ਚੁੱਭਦੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਜਦੋਂ ਅਸੀਂ ਆਪਣੇ ਵਤਨ ਤੋਂ ਕਿਸੇ ਹੋਰ ਦੇਸ਼ ਦੀ ਤਿਆਰੀ ਕਰਦੇ ਹਾਂ ਤਾਂ ਸਾਡਾ ਮੁੱਖ ਮਕਸਦ ਆਪਣੀ ਜ਼ਿੰਦਗੀ ਨੂੰ ਵਧੀਆ ਤਰੀਕੇ ਨਾਲ ਗੁਜ਼ਾਰਨਾ ਅਤੇ ਆਪਣੇ ਘਰ ਪਰਿਵਾਰ ਨੂੰ ਚੰਗਾ ਜੀਵਨ ਬਤੀਤ ਕਰਨ ਦੀਆਂ ਸੁੱਖ ਸਹੂਲਤਾਂ ਪ੍ਰਦਾਨ ਕਰਨੀਆਂ ਹੁੰਦਾ ਹੈ। ਅਸੀਂ ਜਦੋਂ ਵਿਦੇਸ਼ਾਂ ਦਾ ਸੁਪਨਾ ਲੈਂਦੇ ਆਂ, ਤਾਂ ਇਥੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸਾਡਾ ਆਪਣੇ ਦੇਸ਼ ਵਿਚ ਸਾਡੇ ਸੁਭਾਅ ਮੁਤਾਬਿਕ ਜਾਂ ਫਿਰ ਅੱਜ ਦੀ ਦੁਨੀਆ ਦੇ ਮੁਕਾਬਲੇ ਅਸੀਂ ਜ਼ੀਰੋ ਹਾਂ। ਮਤਲਬ ਘਰ 'ਚ ਸਰਦਾ ਨਹੀਂ, ਸਾਡੀਆਂ ਲੋੜਾਂ ਤੇ ਵੱਧ ਖਰਚੇ ਕਾਰਨ ਅਸੀਂ ਦਿਨੋ-ਦਿਨ ਕਰਜ਼ੇ ਦੇ ਭਾਰ ਥੱਲੇ ਦੱਬਦੇ ਜਾਂਦੇ ਹਾਂ। ਸੌ ਵਿਚੋਂ ਮੇਰੇ ਖਿਆਲ ਮੁਤਾਬਿਕ 5% ਉਹ ਲੋਕ ਹੁੰਦੇ ਹੋਣਗੇ, ਜਿਨ੍ਹਾਂ ਕੋਲ ਦੇਸ਼ ਵਿਚ ਹੀ ਪੈਸੇ ਦੇ ਨਾਲ-ਨਾਲ ਕੋਠੀਆਂ, ਕਾਰਾਂ ਤੇ ਐਸ਼ੋ-ਇਸ਼ਰਿਤ ਵਾਲਾ ਜੀਵਨ ਹੈ ਅਤੇ ਉਹ ਲੋਕ ਸਿਰਫ ਸੈਰ ਲਈ ਜਾਂ ਫਿਰ ਬਿਜ਼ਨੈੱਸ ਕਰਨ ਲਈ ਵਿਦੇਸ਼ਾਂ 'ਚ ਜਾਂਦੇ ਹੋਣਗੇ। ਪਰ ਬਾਕੀ 95% ਤਾਂ ਸਿਰਫ ਰੋਜ਼ੀ-ਰੋਟੀ ਦੀ ਭਾਲ 'ਚ ਹੀ ਨਿਕਲਦੇ ਹਨ।

ਮੈਂ ਪਹਿਲਾਂ ਸੋਚਦਾ ਹੁੰਦਾ ਸੀ ਕਿ ਮਸ਼ੀਨਾਂ ਕਿਵੇਂ ਕੰਮ ਕਰਦੀਆਂ ਹੋਣਗੀਆਂ। ਪਰ ਹੁਣ ਜਦ ਆਪ ਮਸ਼ੀਨਾਂ ਤੋਂ ਵੱਧ ਕੰਮ ਕਰੀਦਾ ਹੈ ਤਾਂ ਪਤਾ ਲੱਗਾ ਕਿ ਮਸ਼ੀਨਾਂ ਕਿੰਜ ਕੰਮ ਕਰਦੀਆਂ ਹਨ। ਅਸੀਂ ਇਥੇ ਦਸ-ਦਸ, ਵੀਹ-ਵਾਹ ਸਾਲ ਲਾ ਕੇ ਸੋਹਣੇ ਪੈਸੇ ਕਮਾਏ। ਪਰਿਵਾਰ ਸੈੱਟ ਕੀਤੇ। ਜਿਨ੍ਹਾਂ ਕੋਲ ਸਿਰਫ ਬਲਦਾਂ ਨਾਲ ਖੇਤੀ ਦੇ ਸਾਧਨ ਸੀ, ਉਨ੍ਹਾਂ ਨੇ ਨਾ ਸਿਰਫ ਟਰੈਕਟਰ ਹੀ ਖਰੀਦੇ ਸਗੋਂ, ਹੋਰ ਜ਼ਮੀਨਾਂ ਵੀ ਮੁੱਲ ਲਈਆਂ। ਜਿਹੜੇ ਗੈਰ ਜ਼ਿਮੀਂਦਾਰ ਸਨ, ਉਨ੍ਹਾਂ ਚੰਗੀਆਂ ਕੋਠੀਆਂ ਸ਼ਹਿਰਾਂ 'ਚ ਵੱਡੇ-ਵੱਡੇ ਪਲਾਟ ਜਾਂ ਕੋਈ ਹੋਰ ਬਿਜ਼ਨੈੱਸ ਕਰ ਲਿਆ। ਪਰ ਇਸ ਸਾਰੀ ਤਰੱਕੀ ਪਿੱਛੇ ਸਾਨੂੰ ਇਥੇ ਕਿੱਦਾਂ ਅਤੇ ਕਿਸ ਤਰ੍ਹਾਂ ਦੇ ਕੰਮ ਕਰਨੇ ਪਏ ਜਿਵੇਂ ਰੈਸਟੋਰੈਂਟਾਂ ਵਿਚ ਭਾਂਡੇ ਮਾਂਜਣੇ, ਰੋਟੀਆਂ ਪਕਾਉਣੀਆਂ, ਗਾਹਕਾਂ ਕੋਲੋਂ ਵੇਟਰ ਬਣ ਕੇ ਆਰਡਰ ਲੈਣੇ। ਰਾਜ ਮਿਸਤਰੀਆਂ ਨਾਲ ਦਿਹਾੜੀਆਂ ਲਾਉਣੀਆਂ, ਪੰਪਾਂ ਉੱਤੇ ਪੈਟਰੋਲ ਪਾਉਣ ਦਾ ਕੰਮ, ਟੈਕਸੀ ਚਲਾਉਣ ਦਾ ਕੰਮ, ਫੈਕਟਰੀਆਂ 'ਚ ਅਤੇ ਹੋਰ ਅਨੇਕਾਂ ਇਹੋ ਜਿਹੇ ਮਿਹਨਤੀ ਕੰਮ ਕਰਨੇ, ਫਿਰ ਓਵਰ ਟਾਈਮ ਲਾਉਣੇ, ਭੁੱਖੇ ਪੇਟ ਰਹਿ ਕੇ ਵੀ ਕੰਮ ਕਰੀ ਜਾਣਾ। ਇਸ ਤਰ੍ਹਾਂ ਲੱਖਾਂ ਕੋਸ਼ਿਸ਼ਾਂ ਕਰਕੇ ਅਸੀਂ ਗਰੀਬੀ ਰੇਖਾ ਤੋਂ ਥੋੜ੍ਹਾ ਉੱਤੇ ਆਉਂਦੇ ਹਾਂ। ਜਦੋਂ ਸਾਡੇ ਕੋਲ ਇੰਡੀਆ 'ਚ ਸਭ ਕੁਝ ਬਣ ਜਾਂਦਾ ਹੈ। ਜ਼ਮੀਨ ਜਾਇਦਾਦ, ਟਰੈਕਟਰ, ਪਲਾਟ, ਕੋਠੀਆਂ, ਟਰੱਕ ਅਤੇ ਹੋਰ ਕਈ ਤਰ੍ਹਾਂ ਦੇ ਬਿਜ਼ਨੈੱਸ ਤਾਂ ਫਿਰ ਬਾਹਰ ਅਸੀਂ ਕਿਸ ਤਰ੍ਹਾਂ ਗੱਲਾਂ ਕਰਦੇ ਆਂ ਜਿਵੇਂ ਖਾਨਦਾਨੀ ਰਈਸ ਹੋਈਏ। ਮੈਂ ਇਕ ਦਿਨ ਇਕ ਰੈਸਟੋਰੈਂਟ 'ਚ ਖਾਣਾ ਖਾ ਰਿਹਾ ਸੀ, ਦੋ ਪੰਜਾਬੀ ਭਰਾ ਆਪਸ 'ਚ ਗੱਲਾਂ ਕਰ ਰਹੇ ਸਨ। ਪਹਿਲਾ ਬੋਲਿਆ 'ਮੇਰੀ ਸਲਾਹ ਹੁਣ ਇਹ ਆ ਬੀ ਜਲੰਧਰ ਵਾਲੀ ਕੋਠੀ ਵੇਚ ਕੇ ਚੰਡੀਗੜ੍ਹ ਕੋਠੀ ਪਾਵਾਂ। ਤੁਹਾਨੂੰ ਪਤਾ ਬਈ

ਹੁਣ ਜਲੰਧਰ 'ਚ ਬੱਚਿਆਂ ਦਾ ਭਵਿੱਖ ਏਨਾ ਵਧੀਆ ਨਹੀਂ ਨਾਲੇ ਸ਼ਹਿਰ 'ਚ ਗੰਦ ਬਹੁਤ ਵਧ ਗਿਆ। ਉਹਦੀ ਵਿਚੋਂ ਗੱਲ ਕੱਟ ਕੇ ਦੂਜਾ ਬੋਲਿਆ ਮੈਂ ਤੈਨੂੰ ਦੱਸਾਂ ਕੋਠੀਆਂ 'ਚ ਕੁਛ ਨਹੀਂ ਰੱਖਿਆ ਮੈਂ ਦਿੱਲੀ ਦੋ ਪਲਾਟ ਲਏ ਆ ਬਸ ਆਉਣ ਵਾਲੇ ਸਾਲਾਂ 'ਚ ਕਰੋੜਾਂ ਦੇ ਹੋ ਜਾਣਗੇ। ਪਹਿਲਾ ਫੇਰ ਬੋਲਿਆ, ਉਂਝ ਤਾਂ ਅਸੀਂ ਵੀ ਦਿੱਲੀ ਰਹਿਣ ਦਾ ਵਿਚਾਰ ਬਣਾਉਂਦੇ ਆਂ, ਜਦੋਂ ਇੰਡੀਆ ਜਾਈਦਾ ਸਾਲੀ ਪੰਜਾਬ ਦੀ ਵਾਟ ਹੀ ਨਹੀਂ ਮੁੱਕਦੀ। ਪਰ ਕੀ ਕਰੀਏ ਬਾਪੂ ਕਹਿੰਦਾ ਮੈਂ ਪਿੰਡ ਛੱਡ ਕੇ ਨਹੀਂ ਕਿਤੇ ਜਾਣਾ।

ਹੁਣ ਪਿੰਡ ਵੀ ਸੁੱਖ ਨਾਲ ਸਾਡਾ ਜੁਗਾੜ ਬਹੁਤ ਵੱਡਾ ਹੈ। 15 ਤਾਂ ਭਈਏ ਰੱਖੇ ਆ। 100 ਖੇਤ ਜ਼ਮੀਨ ਆ। ਤੈਨੂੰ ਪਤਾ ਏਨੀ ਜਾਇਦਾਦ ਛੱਡ ਕੇ ਕਿੱਥੇ ਹੋਰ ਜਾਇਆ ਜਾਂਦਾ। ਬਾਪੂ ਤਾਂ ਕਹਿੰਦਾ ਛੱਡ ਪਰ੍ਹਾਂ ਬਾਹਰ, ਐਥੇ ਆ ਜਾ ਆਪਣੇ ਘਰ ਕਾਹਦਾ ਘਾਟਾ ਐਵੇਂ ਪ੍ਰਦੇਸਾਂ 'ਚ ਪਸ਼ੂਆਂ ਵਾਂਗੂੰ ਟੁੱਟ-ਟੁੱਟ ਮਰਦਾਂ। ਦੂਜਾ ਬੋਲਿਆ ਅਸੀਂ ਆਪਣੇ ਬਾਪੂ ਨੂੰ ਸ਼ਹਿਰ ਆਉਣ ਜਾਣ ਲਈ ਛੋਟੀ ਜਿਹੀ ਸਕੂਟਰੀ ਲੈ ਦਿੱਤੀ ਬਈ ਆਪੇ ਜਿਹੜੀ ਤੇਰੀ ਚੀਜ਼ ਨੂੰ ਰੂਹ ਕਰਦੀ ਆ ਸ਼ਹਿਰੋਂ ਜਾ ਕੇ ਲੈ ਆਇਆ। ਐਨੇ ਨੂੰ ਉਨ੍ਹਾਂ ਨੇ ਘੜੀਆਂ ਦੇਖੀਆਂ ਤਾਂ, ਉਬੜਵਾਹੇ ਉੱਠੇ ਕਹਿੰਦੇ ਚਲ ਭਰਾਵਾ ਕੰਮ ਕਰੀਏ, ਐਵੇਂ ਘੰਟਾ ਗੱਲਾਂ 'ਚ ਹੀ ਗੁਜ਼ਾਰ ਦਿੱਤਾ। ਤੇ ਉਹ ਦੋਨੋਂ ਆਪਣੀ-ਆਪਣੀ ਟੈਕਸੀ ਲੈ ਕੇ ਫਿਰ ਕੰਮ ਕਰਨ ਲੱਗ ਪਏ। ਮੇਰੇ ਦੋਸਤ ਦਾ ਦੋਸਤ ਪਿਛਲੇ ਸਾਲ ਇਟਲੀ ਚਲਾ ਗਿਆ। ਮੇਰੇ ਦੋਸਤ ਨੇ ਉਹਨੂੰ ਅਮਰੀਕਾ ਤੋਂ ਫੋਨ ਕੀਤਾ ਕਿ ਕੰਮਕਾਰ ਮਿਲ ਗਿਆ ਠੀਕ-ਠਾਕ ਹੈ। ਅੱਗੋਂ ਉਹਦੇ ਇਟਲੀ ਵਾਲੇ ਦੋਸਤ ਦਾ ਫੋਨ ਆਇਆ ਭਰਾਵਾ ਇਹ ਗੱਲ ਤੈਨੂੰ ਹੀ ਦੱਸਣ ਲੱਗਾ ਆਂ ਅੱਗੇ ਨਾ ਕਿਸੇ ਨੂੰ ਦੱਸੀਂ, ਨਾ ਹੀ ਘਰਦਿਆਂ ਨੂੰ ਦੱਸੀਂ। ਮੇਰਾ ਦੋਸਤ ਕਹਿੰਦਾ ਦੱਸ ਤਾਂ ਸਹੀ। ਕੀ ਕੰਮ ਕਰਦਾ ਆਂ, ਅੱਗੋਂ ਇਟਲੀ ਵਾਲਾ ਕਹਿੰਦਾ ਇਥੇ ਕੰਮ ਕਾਜ ਬਹੁਤ ਮੁਸ਼ਕਿਲ ਮਿਲਦਾ ਹੈ ਅਤੇ ਦੂਜਾ ਜ਼ੁਬਾਨ ਦੀ ਬੜੀ ਸਮੱਸਿਆ ਹੈ। ਮੈਂ ਤਾਂ ਹੋਰ ਕੋਈ ਕੰਮ ਨਾ ਲੱਭਦਾ ਦੇਖ ਕੇ ਹੁਣ ਇਥੇ ਬੱਕਰੀਆਂ ਅਤੇ ਗਾਵਾਂ ਚਾਰਨ ਦਾ ਕੰਮ ਸ਼ੁਰੂ ਕਰ ਲਿਆ, ਘਰਦਿਆਂ ਨੂੰ ਮੈਂ ਦੱਸਿਆ ਨਹੀਂ ਬਈ ਮੈਂ ਬੱਕਰੀਆਂ ਚਾਰਦਾ ਹਾਂ। ਮੈਂ ਘਰ ਪੈਸੇ ਭੇਜੇ ਉਨ੍ਹਾਂ ਮੇਰੀ ਪਹਿਲੀ ਕਮਾਈ ਸਮਝ ਕੇ ਅਖੰਡ ਪਾਠ ਰੱਖਵਾ ਦਿੱਤਾ, ਹੁਣ ਜਦੋਂ ਮੈਂ ਇੰਡੀਆ ਤੋਂ ਆਈ ਅਖੰਡ ਪਾਠ ਵਾਲੀ ਮੂਵੀ ਦੇਖੀ ਉਹਦੇ ਵਿਚ ਭਾਈ ਅਰਦਾਸ ਵਿਚ ਕਹਿੰਦਾ ਹੈ ਕਿ ਅਸੀਂ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਇਟਲੀ ਵਾਲੇ ਸਰਦਾਰ ਦੇ ਕੰਮ 'ਚ ਪ੍ਰਮਾਤਮਾ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰੇ। ਹੋਰ ਪੰਜਾਂ ਸਾਲਾਂ ਬਾਅਦ ਇਹ ਵੀ ਸਾਡਾ ਭਰਾ ਜੱਦੀ ਪੁਸ਼ਤੀ ਕੋਠੀਆਂ ਵਾਲਾ ਸਰਦਾਰ ਬਣ ਜਾਵੇਗਾ।

○○

10

ਬਾਬਾ ਵੈਦ ਰੋਗੀਆਂ ਦਾ...

ਜੋਤਿਸ਼ ਦਾ ਪਸਾਰਾ ਦਿਨੋ-ਦਿਨ ਘਟਣ ਦੀ ਬਜਾਏ ਵਧਦਾ ਜਾ ਰਿਹਾ ਹੈ। ਜੋਤਿਸ਼, ਹੱਥ ਦੇਖਣਾ ਅਤੇ ਬਾਬੇ ਜਿਹੜੇ ਅੱਜਕਲ੍ਹ ਫੋਨਾਂ ਉੱਤੇ ਹੀ ਤੁਹਾਡੀ ਜ਼ਿੰਦਗੀ ਬਦਲ ਕੇ ਰੱਖ ਦਿੰਦੇ ਹਨ। ਇਨ੍ਹਾਂ ਸਭ ਦਾ ਪਹਿਲਾ ਤੇ ਪੱਕਾ ਗਾਹਕ ਔਰਤ ਹੈ। ਔਰਤ ਬੇਸ਼ੱਕ ਅੱਜ ਕਾਫੀ ਜਾਗਰੂਕ ਹੋ ਚੁੱਕੀ ਹੈ, ਪਰ ਫਿਰ ਵੀ 80% ਔਰਤਾਂ ਅੰਧਵਿਸ਼ਵਾਸ ਨੂੰ ਕਾਫੀ ਵਧਾ ਫੁਲਾ ਰਹੀਆਂ ਹਨ। ਔਰਤ ਹੀ ਬੰਦੇ ਨੂੰ ਪ੍ਰੇਰਦੀ ਹੈ ਕਿ ਫਲਾਣਾ ਬਾਬਾ ਬਹੁਤ ਚੰਗਾ ਹੈ। ਬੇਸ਼ੱਕ ਕੁਝ ਬੰਦੇ ਵੀ ਘੱਟ ਐਜੂਕੇਸ਼ਨ ਦੇ ਕਾਰਨ ਜਾਂ ਫਿਰ ਘਰੇਲੂ ਕਈ ਤਰ੍ਹਾਂ ਦੇ ਝਗੜਿਆਂ ਕਾਰਨ ਇਨ੍ਹਾਂ ਦੇ ਧੱਕੇ ਚੜ੍ਹ ਜਾਂਦੇ ਹਨ ਪਰ ਇਨ੍ਹਾਂ ਦੇ ਨਾਲ-ਨਾਲ ਮੀਡੀਆ ਵੀ ਕਿਸੇ ਗੱਲੋਂ ਪਿੱਛੇ ਨਹੀਂ ਰਿਹਾ। ਅੱਜ ਦਾ ਟੀ. ਵੀ. ਮੀਡੀਆ, ਪੇਪਰ, ਨਿਊਜ਼ ਮੀਡੀਆ, ਪੂਰੇ ਜ਼ੋਰਾਂ ਨਾਲ ਇਹੋ ਜਿਹੇ ਅਖੌਤੀ

ਤੇ ਪਾਖੰਡੀ ਚੇਲਿਆਂ ਬਾਬਿਆਂ ਦਾ ਖੂਬ ਪ੍ਰਚਾਰ ਕਰਦੇ ਹਨ। ਇਹਦਾ ਇਕ ਕਾਰਨ ਇਹ ਵੀ ਹੈ ਕਿ ਬਾਬੇ ਇਕ ਤਾਂ ਐਡ ਕਰਨ ਲਈ ਪੈਸਾ ਖੁੱਲ੍ਹਾ ਦਿੰਦੇ ਹਨ ਕਿਉਂਕਿ ਹੱਥੀਂ ਤਾਂ ਮਿਹਨਤ ਨਹੀਂ ਕੀਤੀ ਹੁੰਦੀ ਅਤੇ ਦੂਜਾ ਦਿੰਦੇ ਵੀ ਕੈਸ਼ ਉਸੇ ਵੇਲੇ ਹਨ।

ਅੱਜ ਅਸੀਂ ਇਕ ਝਾਤ ਆਪਣੇ ਪਾਠਕਾਂ ਦੀ ਜ਼ਰਾ ਵਿਦੇਸ਼ੀ ਬਾਬਿਆਂ 'ਤੇ ਪੁਆਉਂਦੇ ਹਾਂ। ਅੱਜਕਲ੍ਹ ਵਿਦੇਸ਼ਾਂ ਵਿਚ ਜਿਥੇ ਦਿਨੋ ਦਿਨ ਏਸ਼ੀਅਨ ਵਧ ਰਹੇ ਹਨ ਉਸੇ ਰਫਤਾਰ ਨਾਲ ਬਾਬੇ ਵੀ ਵਧਦੇ ਜਾ ਰਹੇ ਹਨ। ਬਾਹਰਲੀਆਂ ਅਖ਼ਬਾਰਾਂ ਅਤੇ ਟੈਲੀਵਿਜ਼ਨਾਂ 'ਤੇ ਅਗਰ ਬਾਬੇ ਜਾਂ ਹੱਥ ਦੇਖਣ ਵਾਲੇ ਆਪਣੀ ਐਡ ਅੱਜ ਬੰਦ ਕਰ ਦੇਣ ਤਾਂ, ਅੱਧੇ ਟੀ. ਵੀ. ਚੈਨਲ ਅਤੇ ਤਕਰੀਬਨ ਅੱਧ ਤੋਂ ਜ਼ਿਆਦਾ ਅਖ਼ਬਾਰਾਂ ਬੰਦ ਹੋ ਸਕਦੀਆਂ ਹਨ ਕਿਉਂਕਿ ਟੀ. ਵੀ. ਚੈਨਲਾਂ 'ਤੇ ਵੀ ਇਨ੍ਹਾਂ ਦੀ ਹੀ ਐਡ ਆਉਂਦੀ ਹੈ ਅਤੇ ਅਖ਼ਬਾਰਾਂ 'ਤੇ ਵੀ ਪੂਰੇ ਸਫ਼ੇ ਦੀ ਐਡ ਇਹ ਬਾਬੇ ਹੀ ਕਰਵਾ ਸਕਦੇ ਹਨ। ਹੋਰ ਕਿਸੇ ਬਿਜ਼ਨੈੱਸਮੈਨ ਦੇ ਵੱਸ ਦਾ ਰੋਗ ਨਹੀਂ ਹੈ। ਇਥੇ ਇਹ ਇਸ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਦੇ ਹਨ। ਜਿਵੇਂ ਕੋਈ ਪੱਕਾ ਨਹੀਂ ਹੋਇਆ ਤਾਂ ਬਾਬੇ ਪੱਕਾ ਕਰਵਾ ਦਿੰਦੇ ਹਨ। ਕਿਸੇ ਦਾ ਇਮੀਗ੍ਰੇਸ਼ਨ 'ਚ ਕੇਸ ਅੜਿਆ ਹੈ, ਉਹ ਵਕੀਲ ਨਹੀਂ ਬਾਬੇ ਹੱਲ ਕਰਵਾ ਸਕਦੇ ਹਨ। ਕਿਸੇ ਦਾ ਕੋਈ ਰਿਸ਼ਤੇਦਾਰ ਇੰਡੀਆ ਤੋਂ ਨਹੀਂ ਆ ਰਿਹਾ, ਵੀਜ਼ਾ ਨਹੀਂ ਲੱਗ ਰਿਹਾ, ਇਹ ਬਾਬੇ ਝੱਟ ਵੀਜ਼ਾ ਲਗਵਾ ਦਿੰਦੇ ਹਨ। ਇਹ ਸਿਰਫ ਕਹਿਣ ਦੀਆਂ ਗੱਲਾਂ ਹਨ ਕਿਉਂਕਿ ਵੀਜ਼ਾ ਉਹਦਾ ਉਦੋਂ ਆਪੇ ਲੱਗ ਜਾਂਦਾ ਜਦੋਂ ਉਹਦੇ ਮਿਹਨਤ ਨਾਲ ਕਮਾਏ ਡਾਲਰ ਬਾਬਾ ਜੀ ਦੀ ਝੋਲੀ ਵਿਚ ਜਾ ਸਜਦੇ ਹਨ। ਕਿਸੇ ਦਾ ਤਲਾਕ ਨਹੀਂ ਹੁੰਦਾ, ਉਹ ਬਾਬੇ ਕਰਵਾ ਦਿੰਦੇ ਹਨ। ਖ਼ੈਰ ਇਹਦੇ 'ਤੇ ਏਨੀ ਮਿਹਨਤ ਨਹੀਂ ਕਰਨੀ ਪੈਂਦੀ।

ਕਈ ਵਾਰੀ ਤਾਂ ਬੰਦਾ ਆਪੇ ਹੀ ਆਪਣੀ ਜ਼ਨਾਨੀ ਨੂੰ ਕਹਿ ਦਿੰਦਾ ਹੈ ਕਿ ਅਗਰ ਮੇਰੇ ਤੋਂ ਜ਼ਿਆਦਾ ਬਾਬਾ ਜੀ ਦੀਆਂ ਗੱਲਾਂ ਮੰਨਣੀਆਂ ਤਾਂ ਫਿਰ ਉਹਦੇ ਕੋਲ ਹੀ ਚਲੀ ਜਾ, ਮੈਨੂੰ ਕਾਹਤੋਂ ਪ੍ਰੇਸ਼ਾਨ ਕਰਦੀ ਆਂ। ਇਨ੍ਹਾਂ ਚੇਲਿਆਂ ਬਾਬਿਆਂ ਦੇ 10-20 ਬੰਦੇ ਅਤੇ ਬੁੜ੍ਹੀਆਂ ਰੱਖੇ ਹੁੰਦੇ ਹਨ। ਜਿਹੜੇ ਸ਼ਰਧਾਲੂ ਬਣ ਕੇ ਉਹ ਵੀ ਤੁਹਾਡੇ ਨਾਲ ਹੀ ਬੈਠੇ ਰਹਿੰਦੇ ਹਨ ਕਿਉਂਕਿ ਕਈ ਵਾਰੀ ਮੇਰੇ ਵਰਗੇ ਇਨ੍ਹਾਂ ਨੂੰ ਜਦੋਂ ਸੱਚੀਆਂ ਸੁਣਾਉਣ ਜਾਂਦੇ ਹਨ ਤਾਂ ਇਨ੍ਹਾਂ ਦੇ ਪਾਲਤੂ ਕੁੱਤੇ ਵਾਂਗ ਪਾਲੇ ਚੇਲੇ, ਭਾਵ ਸ਼ਰਧਾਲੂ ਤੁਹਾਨੂੰ ਬੋਲਣ ਹੀ ਨਹੀਂ ਦਿੰਦੇ। ਬੋਲੋਗੇ ਤਾਂ ਧੌਣ 'ਤੇ ਗੋਡਾ ਫੇਰ ਦਿੰਦੇ ਹਨ। ਬਾਅਦ ਵਿਚ ਕਹਿਣਗੇ ਸਾਡੇ ਬਾਬਿਆਂ ਨੂੰ ਮਾੜਾ ਚੰਗਾ ਬੋਲਦਾ ਸੀ, ਇਸ ਲਈ ਅਸੀਂ ਨਹੀਂ ਬਰਦਾਸ਼ਤ ਕਰ ਸਕਦੇ। ਇਸ ਲਈ ਇਨ੍ਹਾਂ ਦੇ ਡੇਰਿਆਂ 'ਤੇ ਸ਼ਰੀਫ ਅਤੇ ਸਮਝਦਾਰ ਬੰਦਾ ਜਾਂਦਾ ਹੀ ਨਹੀਂ।

ਬੜੀ ਹੈਰਾਨੀ ਦੀ ਗੱਲ ਹੈ ਕਿ ਜਿਹੜੀ ਅਮਰੀਕਾ, ਕੈਨੇਡਾ ਅਤੇ ਯੂਰਪ ਦੇ ਡਾਕਟਰ ਬਿਮਾਰੀ ਨਹੀਂ ਹਟਾ ਸਕਦੇ, ਉਹ ਬਾਬੇ ਕਹਿੰਦੇ ਹਨ, ਅਸੀਂ 24 ਘੰਟੇ ਵਿਚ

ਤੰਦਰੁਸਤ ਕਰ ਦੇਵਾਂਗੇ। ਭਾਵ ਦੁਨੀਆ ਦਾ ਕੋਈ ਵੀ ਦੁੱਖ ਜਾਂ ਤਕਲੀਫ ਹੈ ਬੱਸ ਇਨ੍ਹਾਂ ਨੂੰ ਮਿਲੋ ਤੁਰੰਤ ਛੁਟਕਾਰਾ ਹੋ ਜਾਵੇਗਾ। ਇਥੇ ਨਿਊਯਾਰਕ ਦੀ ਇਕ ਗੱਲ ਹੈ ਕਿ ਇਕ ਮੁੰਡੇ ਦੀ ਮਾਂ, ਆਪਣੇ ਪੁੱਤ ਨੂੰ ਜਿਹਨੇ ਆਪਣੀ ਮਾਂ ਨੂੰ ਇੰਡੀਆ ਤੋਂ ਅਮਰੀਕਾ ਆਪਣੇ ਕੋਲ ਸੱਦਿਆ ਸੀ, ਬਈ ਚੱਲੋ ਬੇਬੇ ਚਾਰ ਦਿਨ ਸੁੱਖ ਦੇ ਕੱਢ ਲਵੇਗੀ। ਬੇਬੇ ਦਾ ਪੁੱਤ ਰੋਜ਼ਾਨਾ ਕੰਮ ਤੋਂ ਆ ਕੇ ਇਕ ਦੋ ਪੈੱਗ ਲਾ ਲੈਂਦਾ ਸੀ, ਵੈਸੇ ਇਹ ਕੋਈ ਵੱਡੀ ਗੱਲ ਨਹੀਂ ਇਥੇ ਹਰ ਆਦਮੀ ਇਕ ਦੋ ਪੈੱਗ ਰੋਜ਼ਾਨਾ ਤਕਰੀਬਨ ਲਾ ਹੀ ਲੈਂਦਾ ਹੈ। ਇਕ ਸਾਰੇ ਦਿਨ ਦੀ ਥਕਾਵਟ ਦੂਜਾ ਇਥੇ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਵੀ ਘੇਰੀ ਰੱਖਦੀਆਂ ਹਨ। ਬੇਬੇ ਨੇ ਸੋਚਿਆ ਕਿ ਮੇਰਾ ਪੁੱਤ ਤਾਂ ਰੋਜ਼ ਸ਼ਰਾਬ ਪੀਂਦਾ ਹੈ, ਇਹ ਤਾਂ ਬਹੁਤ ਮਾੜੀ ਗੱਲ ਹੈ। ਬੇਬੇ ਨੇ ਕਿਤੇ ਹੋਰ ਬੇਬੇ ਕੋਲ ਗੱਲ ਕੀਤੀ ਉਹ ਸਮਝ ਲਉ ਕਿ ਬਾਬਾ ਜੀ ਦੇ ਬਿਲਕੁਲ ਨੇੜਿਉਂ ਨਿਕਲੀ, ਉਹਨੂੰ ਝੱਟ ਸਲਾਹ ਦਿੱਤੀ ਫਲਾਣੇ ਬਾਬੇ ਕੋਲ ਲੈ ਜਾਈਂ, ਪਰ ਆਪਣੇ ਪੁੱਤ ਕੋਲ ਮੇਰਾ ਨਾਂਅ ਨਾ ਦੱਸੀਂ। ਖੈਰ ਬੇਬੇ ਆਪਣੇ ਮਿਹਨਤੀ ਪੁੱਤ ਨੂੰ ਬਿਨਾਂ ਦੱਸੇ ਬਾਬੇ ਕੋਲ ਲੈ ਗਈ। ਜਦ ਉਥੇ ਗਏ, ਉਹ ਹੈਰਾਨ ਬਈ ਬੇਬੇ ਐਥੇ ਮੈਨੂੰ ਕਿਉਂ ਲੈ ਆਈ। ਮੁੰਡਾ ਵਿਚਾਰਾ ਏਸ ਗੱਲੋਂ ਚੁੱਪ ਰਿਹਾ ਕਿ ਹੁਣ ਬੋਲਿਆ ਤਾਂ ਮੇਰੀ ਮਾਂ ਦੀ ਹੀ ਬੇਇੱਜ਼ਤੀ ਹੋਣੀ ਆ, ਬਸ ਦੜ ਵੱਟ ਕੇ ਤਮਾਸ਼ਾ ਦੇਖਣ ਵਿਚ ਭਲੀ ਹੈ।

ਉਸ ਪੰਡਤਨੁਮਾ ਬਾਬੇ ਨੇ 100 ਡਾਲਰ ਆਪਣੀ ਮੁੱਢਲੀ ਫੀਸ ਦੱਸੀ ਤਾਂ ਬੇਬੇ ਨੇ ਝੱਟ ਆਪਣੇ ਪੁੱਤ ਦੇ ਕਮਾਏ ਡਾਲਰ ਉਸ ਚਾਤਰ ਪੰਡਤ ਦੇ ਪੈਰਾਂ ਵਿਚ ਰੱਖ ਦਿੱਤੇ, ਮੁੰਡਾ ਸਾਰਾ ਸੀਨ ਦੇਖਦਾ ਰਿਹਾ। ਪੰਡਤ ਨੇ ਪਤਾ ਨਹੀਂ ਕੀ ਯੰਤਰ-ਮੰਤਰ ਜਿਹਾ ਪੜ੍ਹ ਕੇ ਇਕ ਤਵੀਤ ਜਿਹਾ ਬੇਬੇ ਨੂੰ ਮੁੰਡੇ ਦੀ ਬਾਂਹ 'ਤੇ ਬੰਨ੍ਹਣ ਲਈ ਦੇ ਦਿੱਤਾ। ਬੇਬੇ ਮੱਥਾ ਟੇਕ ਕੇ ਕਹਿੰਦੀ ਚੱਲ ਪੁੱਤ ਘਰ ਚਲੀਏ, ਮੁੰਡਾ ਕਹਿੰਦਾ ਬੇਬੇ ਤੂੰ ਚੱਲ ਜ਼ਰਾ ਬਾਹਰ ਖੜ੍ਹ ਮੈਂ ਆਇਆ ਇਕ ਮਿੰਟ ਵਿਚ ਹੀ। ਬੇਬੇ ਚੱਲ ਪਈ, ਪਿੱਛੋਂ ਮੁੰਡੇ ਨੇ ਕੱਢੀਆਂ ਲਾਲ ਅੱਖਾਂ, ਪੰਡਤ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਕਹਿੰਦਾ, ਪੰਡਤਾ ਉਹ ਮੇਰੇ ਵਾਲਾ 100 ਡਾਲਰ ਕਿੱਦਾਂ ਮੋੜਨਾ। ਪੰਡਤ ਨੇ ਜਦ ਉਹਦਾ ਗੁੱਸਾ ਦੇਖਿਆ ਤਾਂ ਡਰਦਾ ਮਾਰਾ 100 ਕੋਲੋਂ ਹੋਰ ਦੇਣ ਨੂੰ ਫਿਰੇ। ਕਹਿੰਦਾ ਭਰਾਵਾ ਆਪਣਾ 100 ਡਾਲਰ ਚੱਕ ਤੇ ਜਾ, ਤੂੰ ਤਾਂ ਬਿਨਾਂ ਪੀਤੀ ਤੋਂ ਏਨਾ ਗੁੱਸੇ 'ਚ ਆ ਜਾਨਾਂ, ਜੇ ਕਿਤੇ ਪੀਤੀ 'ਤੇ ਮੇਰੇ ਡੇਰੇ ਆ ਗਿਆ ਤਾਂ ਪਤਾ ਨਹੀਂ ਕੀ ਹਾਲ ਕਰੇਂਗਾ। ਉਹ ਮੁੰਡਾ ਨਾਲੇ ਸਾਨੂੰ ਗੱਲ ਦੱਸੇ ਤੇ ਨਾਲੇ ਪੰਡਤ ਨੂੰ ਹੋਰ ਤਿੰਨ ਚਾਰ ਕਰਾਰੀਆਂ ਗਾਲ੍ਹਾਂ ਕੱਢ ਦਿਆ ਕਰੇ।

ਇਥੇ ਇੰਡੀਆ ਵਾਂਗ ਡੇਰੇ ਨਹੀਂ ਹਨ। ਇਥੇ ਤਾਂ ਇਹ ਜਿਹੜੇ ਅਪਾਰਟਮੈਂਟ ਵਿਚ ਰਹਿੰਦੇ ਆ, ਉਹਦਾ ਹੀ ਇਕ ਕਮਰਾ ਲਾਲ ਜਾਂ ਹਰਾ ਰੰਗ ਲੈਂਦੇ ਆ, ਮੋਹਰਲੇ ਕਮਰੇ ਵਿਚ ਬਾਬਾ ਦੁਖੀਆਂ ਦੇ ਦੁੱਖ ਦੂਰ ਕਰਦਾ ਹੁੰਦਾ, ਪਿਛਲੇ ਕਮਰੇ 'ਚ ਬਾਬੇ ਦੇ

ਨਿਆਣੇ ਰੋਂਦੇ ਹੁੰਦੇ ਆ, ਜਾਂ ਫਿਰ ਟੈਲੀਵਿਜ਼ਨ 'ਤੇ ਫ਼ਿਲਮਾਂ ਦੇਖਣ ਲੱਗੇ ਹੁੰਦੇ ਆ, ਇਨ੍ਹਾਂ ਵਿਚੋਂ ਅੱਧੇ ਬਾਬਿਆਂ ਜਾਂ ਪੰਡਤਾਂ ਕੋਲ ਆਪ ਪੱਕੇ ਪੇਪਰ ਨਹੀਂ ਹਨ। ਪਰ ਦੂਜਿਆਂ ਨੂੰ ਪੱਕੇ ਕਰਵਾ ਦਿੰਦੇ ਆ।

ਇਕ ਬੜੀ ਪੁਰਾਣੀ ਗੱਲ ਹੈ, ਤਕਰੀਬਨ ਸਭ ਨੂੰ ਪਤਾ ਹੋਵੇਗਾ ਕਿ ਇਕ ਵਾਰੀ ਇਕ ਜੱਟ ਦੇ ਘਰ ਇਕ ਪੰਡਤ ਆ ਵੜਿਆ ਜੱਟ ਖੇਤਾਂ 'ਚ ਕੰਮ ਕਰਨ ਗਿਆ ਸੀ, ਘਰ ਇਕੱਲੀ ਜੱਟੀ ਸੀ, ਪੰਡਤ ਨੇ 'ਕੱਲੀ ਜੱਟੀ ਦੇਖ ਕੇ ਮਿੱਠੀਆਂ-ਮਿੱਠੀਆਂ ਗੱਲਾਂ ਕਰਕੇ ਜੱਟੀ ਭਰਮਾ ਲਈ, ਜੱਟੀ ਕਹੇ ਬਾਬਾ ਜੀ ਆ ਫੜੋ ਦਾਣੇ, ਪੈਸੇ, ਕੱਪੜੇ ਤੇ ਹੋਰ ਕਈ ਕੁਝ। ਉੱਧਰ ਜੱਟ ਉਡੀਕੇ ਬਈ ਅੱਜ ਲਾਣੇਦਾਰਨੀ ਰੋਟੀ ਲੈ ਕੇ ਪਤਾ ਨਹੀਂ ਕਿਉਂ ਨਹੀਂ ਆਈ। ਖੈਰ ਉਹ ਉਡੀਕ ਕੇ ਆਪੇ ਹੀ ਘਰ ਆ ਗਿਆ, ਕਿਸਮਤ ਦਾ ਮਾਰਿਆ ਪੰਡਤ ਅਜੇ ਆਪਣੇ ਦਾਣੇ ਬੰਨ੍ਹਦਾ ਹੀ ਸੀ ਕਿ ਜੱਟ ਨੂੰ ਦੇਖ ਕੇ ਬੜਾ ਗੁੱਸਾ ਆਇਆ। ਬਈ ਇਹ ਦਾਣੇ ਕਿਵੇਂ ਸਾਡੇ ਘਰੋਂ ਲੈ ਚੱਲਿਆ, ਜੱਟ ਕਹਿੰਦਾ ਪੰਡਤਾ ਇਹ ਦਾਣੇ ਤੇ ਬਾਕੀ ਦਾ ਸਾਰਾ ਸਾਮਾਨ ਚੁੱਪ ਕਰਕੇ ਰੱਖ ਦੇ। ਪੰਡਤ ਕਹਿੰਦਾ, ਸਰਦਾਰ ਜੀ ਗੁੱਸੇ ਨਾ ਹੋਵੋ, ਇਹ ਤਾਂ ਮੈਂ ਸਰਦਾਰਨੀ ਜੀ ਨੂੰ ਸੱਚੀਆਂ ਗੱਲਾਂ ਦੱਸ ਕੇ ਆਪਣੀ ਮਿਹਨਤ ਲਈ ਆ। ਪੁੱਛ ਲਵੋ ਸਰਦਾਰਨੀ ਜੀ ਨੂੰ। ਜੱਟ ਨੇ ਗੁੱਸੇ 'ਚ ਆਏ ਇਕ ਪਰੈਣ ਪੰਡਤ ਦੇ ਜੜ ਦਿੱਤੀ, ਪੰਡਤ ਕਹਿੰਦਾ ਸਰਦਾਰ ਜੀ ਨਾ ਮਾਰੋ ਮੈਂ ਤਾਂ ਤੁਹਾਨੂੰ ਤੁਹਾਡੇ ਆਉਣ ਵਾਲੇ ਜੀਵਨ ਬਾਰੇ ਸੱਚੀਆਂ ਗੱਲਾਂ ਦੱਸਦਾ ਆਂ, ਉਧਰੋਂ ਜੱਟੀ ਵੀ ਭੱਜੀ ਆਈ ਨਾ ਮਾਰੋ ਪੰਡਤ ਜੀ ਨੂੰ ਇਨ੍ਹਾਂ ਦੀ ਪੱਤਰੀ ਸੱਚ ਬੋਲਦੀ ਹੈ। ਜੱਟ ਕਹਿੰਦਾ ਇਹਨੂੰ ਆਪਣੀ ਕਿਸਮਤ ਬਾਰੇ ਨਹੀਂ ਸੀ ਪਤਾ ਕਿ ਅੱਜ ਮੇਰੇ ਕੁੱਟ ਪੈਣੀ ਆ ਮੈਂ ਘਰੋਂ ਨਾ ਬਾਹਰ ਜਾਵਾਂ। ਸੋ ਇਹ ਗੱਲ ਹੈ ਬਈ ਝੂਠੇ ਪਾਖੰਡਾਂ ਦੇ ਸਹਾਰਿਆਂ ਨਾਲੋਂ ਉਸ ਪ੍ਰਮਾਤਮਾ 'ਤੇ ਭਰੋਸਾ ਰੱਖੋ ਅਤੇ ਸੱਚੇ ਦਿਲੋਂ ਲਗਨ ਨਾਲ ਕੰਮ ਕਰੋ, ਸਭ ਕੰਮ ਠੀਕ ਹੁੰਦੇ ਜਾਂਦੇ ਹਨ। ਜਿਹਨੇ ਤੁਹਾਨੂੰ ਜੀਵਨ ਦਿੱਤਾ, ਉੱਪਰ ਵਾਲਾ ਰੱਬ ਤੁਹਾਡੇ ਜੀਵਨ ਦੀਆਂ ਲੋੜਾਂ ਵੀ ਪੂਰੀਆਂ ਕਰਦਾ ਹੈ। ਭਟਕਣ ਨਾਲੋਂ ਚੰਗਾ ਹੈ ਕਿ ਪਹਿਲਾਂ ਹੀ ਸਿੱਧਾ ਤੇ ਸੱਚਾ ਜੀਵਨ ਮਾਰਗ ਬਣਾਈਏ।

○○

11

ਡਾਲਰ ਵੀ ਕਮਾਓ ਪੌਂਡ ਵੀ ਕਮਾਓ ਪਰ ਇੱਜ਼ਤਾਂ ਜ਼ਰੂਰ ਬਚਾਓ...



ਇੱਜ਼ਤ ਸ਼ਬਦ ਹਰ ਇਕ ਦੀ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ। ਇੱਜ਼ਤ ਇਨਸਾਨ ਦੇ ਵਿਅਕਤੀਗਤ ਦੀ ਪ੍ਰੋੜ੍ਹਤਾ ਕਰਦੀ ਹੈ। ਭਾਵੇਂ ਇਨਸਾਨ ਆਪਣੇ ਚੰਗੇ ਕੰਮਾਂ ਕਰਕੇ, ਚੰਗੇ ਸੁਭਾਅ ਕਰਕੇ ਅਤੇ ਮਿੱਠ ਬੋਲੜਾ ਹੋਣ ਦੇ ਨਾਲ-ਨਾਲ ਸੱਚ ਬੋਲਣ ਦੇ ਯੋਗ ਹੋਣਾ, ਇਨਸਾਨ ਦੀ ਦੂਜੇ ਲੋਕਾਂ ਵਿਚ ਉਹਦੇ ਵਰਗੇ ਬਣਾਏ ਰੱਬ ਦੇ ਦੂਸਰੇ ਬੰਦਿਆਂ ਵਿਚ ਆਦਰ ਮਾਣ ਵਧ ਜਾਂਦਾ ਹੈ ਜਾਂ ਇਹ ਕਹਿ ਲਈਏ ਕਿ ਇਕ ਦਿਲ ਤੋਂ ਦੂਸਰੇ ਦਿਲ ਤੱਕ ਆਪਣਾ ਵਿਸ਼ਵਾਸ ਕਾਇਮ ਕਰਨ ਲਈ ਇਸ ਵਿਚਾਲੇ ਜੋ ਅਸੀਂ ਇਕ ਪੁਲ ਦੇ ਰੂਪ ਵਿਚ ਭਾਵਨਾ ਤਿਆਰ ਕੀਤੀ ਹੈ, ਉਹ ਇੱਜ਼ਤ ਹੈ। ਸਿਆਣੇ ਕਹਿੰਦੇ ਹਨ ਕਿ ਇੱਜ਼ਤ ਬਣਾਉਣ ਲਈ ਬੰਦੇ ਦੀ ਜ਼ਿੰਦਗੀ ਬੀਤ ਜਾਂਦੀ ਹੈ। ਪਰ ਗੁਆਉਣ ਲੱਗਿਆਂ ਇਕ ਪਲ ਵੀ ਨਹੀਂ ਲੱਗਦਾ ਜਾਂ ਅਸੀਂ

ਆਪਣੀ ਜ਼ਿੰਦਗੀ ਵਿਚ ਕਈ ਇਹੋ ਜਿਹੀਆਂ ਗੱਲਾਂ ਸੁਣੀਆਂ ਹਨ ਜਿਨ੍ਹਾਂ ਤੋਂ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਇੱਜ਼ਤ ਸ਼ਬਦ ਬੰਦੇ ਦੀ ਜ਼ਿੰਦਗੀ ਵਿਚ ਕਿੰਨਾ ਅਹਿਮੀਅਤ ਰੱਖਦਾ ਹੈ।

ਇੱਜ਼ਤ ਦੇ ਝੰਡੇ ਸਾਡੇ ਆਪਣੇ ਮੁਲਕ ਭਾਰਤ ਵਿਚ ਕਾਫੀ ਬੁਲੰਦ ਹਨ। ਮੈਂ ਦੇਖਿਆ ਇੰਡੀਆ ਵਿਚ ਹਰ ਬੰਦਾ ਇਕ ਦਿਨ ਵਿਚ ਇਸ ਸ਼ਬਦ ਦਾ ਦਸ ਤੋਂ ਜ਼ਿਆਦਾ ਵਾਰ ਇਸਤੇਮਾਲ ਕਰਦਾ ਹੈ। ਪਰ ਇਸ ਦੇ ਮੁਕਾਬਲੇ ਪੱਛਮੀ ਦੇਸ਼ ਇਸ ਪਾਕ ਸ਼ਬਦ ਤੋਂ ਕਾਫੀ ਅਨਜਾਣ ਹਨ। ਅੱਜ ਅਸੀਂ ਆਪਣੇ ਪਾਠਕਾਂ ਨਾਲ ਕਿਹੜੀ ਇੱਜ਼ਤ ਅਤੇ ਕਿਸ ਤਰ੍ਹਾਂ ਤੇ ਕਿੱਥੇ ਖਰਾਬ ਹੁੰਦੀ ਹੈ ਬਾਰੇ ਗੱਲ ਕਰਨ ਜਾ ਰਹੇ ਹਾਂ ਕਿ ਵਿਦੇਸ਼ਾਂ ਵਿਚ ਵੱਸਦੇ ਸਾਰੇ ਵਿਦੇਸ਼ੀ ਇਸ ਤਰ੍ਹਾਂ ਨਹੀਂ ਹਨ ਕਿ ਉਹ ਆਪਣੀ ਇੱਜ਼ਤ ਨਹੀਂ ਕਾਇਮ ਰੱਖਣਾ ਚਾਹੁੰਦੇ। ਪਰ ਕਈਆਂ ਦੇ ਵੱਸ ਦੀ ਗੱਲ ਨਹੀਂ ਅਤੇ ਕਈਆਂ ਨੇ ਬੇਵੱਸ ਹੋ ਕੇ ਅੱਖਾਂ ਮੀਟ ਲਈਆਂ ਅਤੇ ਇਸ ਤੋਂ ਇਲਾਵਾ ਕਈਆਂ ਨੇ ਹਾਰ ਮੰਨ ਕੇ ਆਪਣੀ ਬੇਇੱਜ਼ਤੀ ਨੂੰ ਹੀ ਆਪਣੀ ਇੱਜ਼ਤ ਸਮਝਣਾ ਸ਼ੁਰੂ ਕਰ ਦਿੱਤਾ ਹੈ, ਨਿਊਯਾਰਕ ਵਿਚ ਬੀਤੇ ਸਾਲ ਇਕ ਬਜ਼ੁਰਗ ਇੰਡੀਆ ਤੋਂ ਆਇਆ, ਜਿਸ ਨੂੰ ਜੋ ਅਮਰੀਕਾ ਵਿਚ ਆਪਣੇ ਪਰਿਵਾਰ ਸਮੇਤ ਰਹਿ ਰਹੇ ਪੁੱਤ ਨੇ ਸੱਦਿਆ। ਉਸ ਦੇ ਆਪਣੇ ਵੀ ਦੋ ਤਿੰਨ ਬੱਚੇ ਸਨ, ਜੋ ਅਮਰੀਕਾ ਦੀ ਹੀ ਧਰਤੀ 'ਤੇ ਪੈਦਾ ਹੋਏ ਸਨ। ਬਜ਼ੁਰਗ ਬਾਬੇ ਨੇ ਆਪਣੇ ਪੋਤਿਆਂ ਅਤੇ ਪੋਤੀਆਂ ਕੋਲ ਪਹੁੰਚ ਕੇ ਰੱਬ ਦਾ ਸ਼ੁਕਰ ਕੀਤਾ। ਵੈਸੇ ਤਾਂ ਹਰ ਇਕ ਬੰਦੇ ਦਾ ਮਾਂ ਬਾਪ ਇੰਡੀਆ ਵਿਚ ਇੱਜ਼ਤਦਾਰ ਹੁੰਦਾ ਹੈ। ਪਰ ਇਹ ਬਜ਼ੁਰਗ ਪਿੰਡ ਦਾ ਕਈ ਸਾਲ ਸਰਪੰਚ ਰਹਿਣ ਕਰਕੇ ਆਮ ਬੰਦੇ ਤੋਂ ਜ਼ਿਆਦਾ ਹੀ ਨਾਮਵਰ ਇਨਸਾਨ ਬਣ ਗਿਆ ਸੀ। ਸਮਾਂ ਬੀਤਦਾ ਗਿਆ, ਬਾਬੇ ਸਰਪੰਚ ਦੇ ਦਿਨ ਤੀਆਂ ਵਾਂਗ ਗੁਜ਼ਰ ਰਹੇ ਸਨ ਕਿ ਅਚਾਨਕ ਇਕ ਦਿਨ ਬੱਚੇ ਟੀ. ਵੀ. ਦੇਖ ਰਹੇ ਸੀ ਅਤੇ ਬਾਬਾ ਵੀ ਬੱਚਿਆਂ ਕੋਲ ਬੈਠਾ ਸੀ। ਬਾਬੇ ਦੇ ਨੂੰਹ ਪੁੱਤ ਆਪਣੇ ਕੰਮਾਂ ਕਾਰਾਂ 'ਤੇ ਗਏ ਸਨ। ਬੱਚੇ ਟੀ. ਵੀ. ਉੱਪਰ ਕਾਰਟੂਨ ਦੇਖ ਰਹੇ ਸੀ। ਬਾਬਾ ਹਰ ਰੋਜ਼ ਜੋ ਵਿਦੇਸ਼ਾਂ ਵਿਚ ਪੰਜਾਬੀ ਪ੍ਰੋਗਰਾਮ ਟੀ. ਵੀ. 'ਤੇ ਚਲਦੇ ਹਨ ਦੇਖਦਾ ਹੁੰਦਾ ਸੀ ਕਿਉਂਕਿ ਇਕ ਤਾਂ ਉਹਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ ਕਿ ਉਹ ਬੱਚਿਆਂ ਵਾਲੇ ਕਾਰਟੂਨਾਂ ਦੀਆਂ ਗੱਲਾਂ ਸਮਝ ਸਕੇ, ਦੂਜਾ ਆਪਣਾ ਵਤਨ ਤਾਜ਼ਾ ਛੱਡਿਆ ਹੋਣ ਕਰਕੇ ਉਹਨੂੰ ਆਪਣੇ ਮੁਲਕ ਦੇ ਹੀ ਜ਼ਿਆਦਾ ਪ੍ਰੋਗਰਾਮ ਚੰਗੇ ਲੱਗਦੇ ਸਨ। ਉਹਨੇ ਘੜੀ ਦੇਖੀ ਅਤੇ ਆਪਣੇ ਪੋਤੇ ਨੂੰ ਜਿਸ ਦੀ ਉਮਰ ਤਕਰੀਬਨ ਅੱਠ ਕੁ ਸਾਲ ਦੀ ਹੋਵੇਗੀ ਕਿਹਾ ਪੁੱਤ ਪੰਜਾਬੀ ਚੈਨਲ ਲਾ ਦੇ। ਬੱਚੇ ਨੇ ਗੌਰ ਨਾ ਕੀਤੀ। ਬਾਬੇ ਨੇ ਫੇਰ ਬੇਨਤੀ ਦੇ ਰੂਪ ਵਿਚ ਪਿਆਰ ਨਾਲ ਕਿਹਾ ਪੁੱਤ ਪੰਜਾਬੀ ਚੈਨਲ ਲਾ ਦੇ, ਬਾਬੇ ਨੂੰ ਡਰ ਸੀ ਕਿ ਪ੍ਰੋਗਰਾਮ ਨਿਕਲ ਨਾ ਜਾਵੇ। ਪਰ ਬੱਚੇ ਕਾਰਟੂਨਾਂ ਵਿਚ ਐਨੇ ਮਗਨ ਸੀ ਕਿ ਉਨ੍ਹਾਂ ਨੂੰ ਰੱਬ ਵੀ ਕਹੇ ਕਿ ਚੈਨਲ ਚੇਂਜ ਕਰੋ ਤਾਂ ਫੇਰ ਵੀ ਨਹੀਂ

ਕਰਨਗੇ। ਬਾਬੇ ਨੇ ਤਿੰਨ ਚਾਰ ਵਾਰ ਆਪਣੇ ਪੋਤੇ ਨੂੰ ਪੁਚਕਾਰਿਆ, ਪਰ ਪੋਤਾ ਟੱਸ ਤੋਂ ਮੱਸ ਨਾ ਹੋਇਆ। ਬਾਬੇ ਨੇ ਜਿਵੇਂ ਆਪਣੇ ਇੰਡੀਆ ਵਾਲੇ ਪੋਤਿਆਂ ਨੂੰ ਦਬਕਾ ਮਾਰ ਲੈਂਦਾ ਸੀ, ਬੱਸ ਇਵੇਂ ਮਾੜਾ ਜਿਹਾ ਦਬਕਾ ਮਾਰਿਆ.... ਬੱਸ ਫਿਰ ਕੀ ਸੀ, ਪੋਤੇ ਨੇ 'ਯੂ ਟਰਾਈ ਟੂ ਬੀਟ ਮੀ, ਔਹ ਮਾਈ ਗਾਡ ਦਿਸ ਓਲਡ ਮੈਨ ਸੋ ਬੈਡ।' ਬਾਬੇ ਨੂੰ ਸਮਝ ਤਾਂ ਲੱਗੀ ਨਾ ਪਰ ਉਹਨੂੰ ਪਤਾ ਲੱਗਾ ਕਿ ਪੋਤੇ ਨੇ ਮੈਨੂੰ ਬੁਰਾ ਭਲਾ ਕਿਹਾ। ਉਹ ਕਹਿੰਦਾ ਆ ਲੈਣ ਦੇ ਤੇਰੇ ਡੈਡੀ ਨੂੰ ਉਹ ਬੰਦਾ ਬਣਾਊਗਾ ਤੈਨੂੰ। ਇੰਨੀ ਗੱਲ ਸੁਣਦੇ ਸਾਰ ਪੋਤੇ ਨੇ ਪੁਲਿਸ ਨੂੰ ਫੋਨ ਕਰ ਦਿੱਤਾ। ਪੰਜਾਂ ਮਿੰਟਾਂ ਵਿਚ ਪੁਲਿਸ ਏਦਾਂ ਆ ਗਈ ਜਿਵੇਂ ਸ਼ੈਤਾਨ ਨੂੰ ਯਾਦ ਕਰੀਦਾ ਹੈ। ਨਾਲ ਇਕ ਐਂਬੂਲੈਂਸ ਚੀਕਾਂ ਮਾਰਦੀ ਭੱਜੀ ਆਈ। ਪੁਲਿਸ ਨੇ ਆਉਂਦਿਆਂ ਹੀ ਬਾਬੇ ਦੇ ਪੋਤੇ ਤੋਂ ਪੁੱਛਿਆ ਅਤੇ ਬਾਬੇ ਨੂੰ ਹੱਥਕੜੀਆਂ ਲਾ ਕੇ ਕਾਰ ਵਿਚ ਬਿਠਾ ਕੇ ਪੁਲਿਸ ਸਟੇਸ਼ਨ ਲੈ ਗਏ। ਸ਼ੁਕਰ ਕਰੋ ਕਿ ਇਥੇ ਪੁਲਿਸ, ਪੰਜਾਬ ਦੀ ਪੁਲਿਸ ਵਾਂਗ ਕੁੱਟਦੀ ਨਹੀਂ। ਪਰ ਬਾਬਾ ਸਰਪੰਚ ਅੰਦਰੋਂ ਅੰਦਰੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਸ਼ਾਮ ਨੂੰ ਉਹਦਾ (ਬਾਬੇ ਦਾ) ਪੁੱਤ ਅਤੇ ਨੂੰਹ ਕੰਮ ਤੋਂ ਘਰ ਆਏ। ਦੇਖਿਆ ਬਾਪੂ ਹੁਰੀਂ ਹੈ ਨਹੀਂ ਤਾਂ ਪੁੱਛਿਆ, ਪੁੱਛਣ 'ਤੇ ਪਤਾ ਲੱਗਾ ਕਿ ਬਾਪੂ ਥਾਣੇ ਬੈਠਾ ਹੈ। ਵਿਚਾਰੇ ਪੁੱਤ ਨੂੰ ਵੀ ਆਪਣੇ ਬੱਚਿਆਂ 'ਤੇ ਅੰਦਰੋਂ ਅੰਦਰੀ ਗੁੱਸਾ ਆਇਆ, ਪਰ ਤਾਜ਼ਾ ਕਾਂਡ ਦੇਖ ਕੇ ਉਹਨੇ ਆਪਣੇ ਮੁੰਡੇ ਨੂੰ ਕੁਝ ਨਹੀਂ ਆਖਿਆ ਅਤੇ ਥਾਣੇ ਭੱਜ ਗਿਆ ਜਾ ਕੇ ਪੁਲਿਸ ਵਾਲਿਆਂ ਨੂੰ ਆਪਣੇ ਦੇਸ਼ ਦੇ ਕਲਚਰ ਬਾਰੇ ਸਮਝਾਇਆ, ਵਾਸਤਾ ਪਾਇਆ ਤਾਂ ਜਾ ਕੇ ਜ਼ਮਾਨਤ 'ਤੇ ਸਰਪੰਚ ਬਾਬੇ ਨੂੰ ਉਨ੍ਹਾਂ ਛੱਡਿਆ।

ਬਾਪੂ ਨੂੰ ਉਹਦਾ ਪੁੱਤ ਰਸਤੇ ਵਿਚ ਬਾਪੂ ਦੇ ਪੈਰੀਂ ਹੱਥ ਲਾਵੇ। ਮਿੰਨਤਾ ਕਰੇ ਬਾਪੂ ਜੀ, ਮੇਰਾ ਕੋਈ ਕਸੂਰ ਨਹੀਂ। ਬਾਪੂ ਜੀ ਤੇਰਾ ਪੁੱਤ ਤਾਂ ਤੇਰੀ ਇੱਜ਼ਤ ਕਰਦਾ ਹੈ। ਬਾਪੂ ਜੀ ਐਵੇਂ ਦਿਲ 'ਤੇ ਨਾ ਲਾਇਓ, ਪਰ ਬਾਪੂ ਗੁੰਮਸੁੰਮ ਬੈਠਾ ਕੁਝ ਨਹੀਂ ਬੋਲ ਰਿਹਾ ਸੀ। ਉਹਦਾ ਪੁੱਤ ਤਰਲੇ ਕੱਢ ਰਿਹਾ ਸੀ ਕਿ ਬਾਪੂ ਜੀ ਤੁਸੀਂ ਮੇਰੇ ਛਿੱਤਰ ਮਾਰ ਲਵੋ ਮੈਂ ਨਹੀਂ ਬੁਰਾ ਮਨਾਉਂਦਾ, ਪਰ ਕੀ ਕਰਾਂ ਇਸ ਮੁਲਕ ਦੇ ਕਾਨੂੰਨ ਹੀ ਇਸ ਤਰ੍ਹਾਂ ਦੇ ਹਨ। ਖੈਰ ਬਾਪੂ ਭਰਿਆ ਪੀਤਾ ਘਰ ਪਹੁੰਚਿਆ ਨੂੰਹ ਨੇ ਵੱਖਰੀਆਂ ਮਿੰਨਤਾਂ ਤੇ ਹਾੜ੍ਹੇ ਕੱਢੇ ਪਰ ਬਾਪੂ ਬੋਲੇ ਕੁਝ ਨਾ ਆਪਣਾ ਚੁੱਪ ਕਰਕੇ ਸਾਮਾਨ ਬੰਨ੍ਹੀ ਜਾਵੇ। ਘੰਟੇ ਵਿਚ ਬਾਪੂ ਨੇ ਆਪਣਾ ਸਾਮਾਨ ਤਿਆਰ ਕਰਕੇ ਚੁੱਪ ਖੋਲ੍ਹੀ ਅਤੇ ਬੋਲਿਆ ਕਿ ਮੇਰੀ ਅੱਜ ਦੀ ਹੀ ਇੰਡੀਆ ਦੀ ਟਿਕਟ ਓ ਕੇ ਕਰਵਾ ਦੇਵੋ ਮੈਂ ਹੁਣ ਦੋ ਪਲ ਨਹੀਂ ਹੋਰ ਰਹਿ ਸਕਦਾ ਇਥੇ। ਮੈਨੂੰ ਰਾਹ ਗਲੀ ਜਾਂਦੇ ਨੂੰ, ਲੋਕ ਸਰਦਾਰ ਜੀ ਸਰਪੰਚ ਜੀ ਕਹਿ ਕੇ ਸਤਿ ਸ੍ਰੀ ਅਕਾਲ ਬੁਲਾਉਂਦੇ ਆ। ਮੈਂ ਅੱਜ ਤੱਕ ਕਿਸੇ ਤੋਂ ਉਏ ਨਹੀਂ ਅਖਵਾਈ ਅਤੇ ਮੈਂ ਲੋਕਾਂ ਨੂੰ ਥਾਣੇ ਤੋਂ ਛੁਡਵਾ ਕੇ ਲਿਆਉਂਦਾ ਰਿਹਾ। ਆਹ ਤੇਰਾ ਨਿੱਕਾ ਜਿਹਾ ਛੋਕਰਾ ਜਿਹਨੇ ਮੇਰੇ ਹੱਥ ਕੜੀ ਲਗਵਾ ਦਿੱਤੀ। ਤੁਸੀਂ ਡਾਲਰ ਕਮਾਉਣ

ਪਿੱਛੇ ਹੀ ਲੱਗੇ ਹੋ।

ਬਾਬਾ ਖਿਝ ਕੇ ਬੋਲਿਆ। ਕੁਝ ਆਪਣੇ ਬੱਚਿਆਂ ਨੂੰ ਵੱਡਿਆਂ ਦੀ ਇੱਜ਼ਤ ਕਰਨਾ ਨਹੀਂ ਦੱਸ ਸਕਦੇ। ਇਨ੍ਹਾਂ ਨੂੰ ਮਾੜਾ ਮੋਟਾ ਦੱਸੋ ਕਿ ਬਾਪ ਦਾ ਬਾਪ ਕੀ ਹੁੰਦਾ ਹੈ। ਖੈਰ ਬਾਬਾ ਆਪਣੀ ਜ਼ਿੱਦ ਪੁਗਾ ਗਿਆ ਅਤੇ ਉਸੇ ਦਿਨ ਹੀ ਇੰਡੀਆ ਆ ਗਿਆ। ਇੰਡੀਆ ਵਿਚ ਬਾਬੇ ਨੂੰ ਉਸ ਦੇ ਹਾਣੀ ਜਾਂ ਪਿੰਡ ਵਾਲੇ ਪੁੱਛਦੇ ਹੋਣੇ ਆ ਸੁਣਾ ਬਈ ਸਰਪੰਚਾ ਬਾਹਰਲੀਆਂ ਮੌਜਾਂ, ਤਾਂ ਬਾਬੇ ਨੂੰ ਝੁਣਝੁਣੀ ਜਿਹੀ ਆ ਜਾਂਦੀ ਹੋਵੇਗੀ, ਹੱਥਕੜੀ ਵਾਲਾ ਸੀਨ ਯਾਦ ਕਰਕੇ।

ਇਥੇ ਹੀ ਬੱਸ ਨਹੀਂ ਇਕ ਹੋਰ ਘਟਨਾ ਜੋ ਹੁਣੇ ਹੀ ਵਾਪਰੀ ਹੈ। ਇਕ ਪੰਜਾਬੀ ਪਰਿਵਾਰ ਦੀ ਲੜਕੀ ਘਰੋਂ ਭੱਜ ਗਈ ਅਤੇ ਦੋਸਤ ਨਾਲ ਰਹਿਣ ਲੱਗ ਪਈ। ਥੋੜ੍ਹੇ ਦਿਨਾਂ ਬਾਅਦ ਘਰ ਵਾਪਿਸ ਆਈ। ਘਰਦਿਆਂ ਨੇ ਪੁੱਛਗਿੱਛ ਕੀਤੀ। ਮਾੜਾ-ਮੋਟਾ ਘੂਰਿਆ। ਘੂਰਨਾ ਤਾਂ ਪੈਂਦਾ ਹੀ ਹੈ। ਇੱਜ਼ਤ ਦਾ ਸਵਾਲ ਹੈ ਮਾੜੀ ਮੋਟੀ ਗੱਲ ਨਹੀਂ। ਪਰ ਕੁੜੀ ਦੇ ਸਿਰ 'ਤੇ ਇਸ਼ਕ ਦਾ ਭੂਤ ਸਵਾਰ ਸੀ, ਉਸ ਨੇ ਵੀ ਝੱਟ ਪੁਲਿਸ ਨੂੰ ਫੋਨ ਕੀਤਾ ਅਤੇ ਕਿਹਾ ਕਿ ਮੇਰੇ ਘਰ ਦੇ ਮੈਨੂੰ ਅੰਡਰ ਪ੍ਰੈਸ਼ਰ ਰੱਖਣਾ ਚਾਹੁੰਦੇ ਹਨ। ਮੈਂ ਆਪਣੇ ਬੁਆਏ ਫਰੈਂਡ ਨੂੰ ਮਿਲਣ ਜਾਂਦੀ ਹਾਂ ਤਾਂ ਇਹ ਇਤਰਾਜ਼ ਕਰਦੇ ਆ। ਕੁੜੀ ਦੇ ਮਾਂ-ਬਾਪ ਨੇ ਪੁਲਿਸ ਨੂੰ ਬਥੇਰਾ ਕਿਹਾ ਕਿ ਸਾਡਾ ਕਲਚਰ ਹੋਰ ਹੈ। ਸਾਡਾ ਸਭਿਆਚਾਰ ਇਹ ਨਹੀਂ ਹੈ ਪਰ ਪੁਲਿਸ ਵਾਲੇ ਕਹਿੰਦੇ ਕਿ ਅਗਰ ਅਮਰੀਕਾ ਵਿਚ ਰਹਿਣਾ ਹੈ ਤਾਂ ਬੱਚੇ ਇਥੋਂ ਦਾ ਕਲਚਰ ਵੀ ਤਾਂ ਅਪਨਾਉਣਗੇ ਹੀ। ਉਹ ਵੀ ਕੁੜੀ ਦੇ ਮਾਂ-ਬਾਪ ਨੂੰ ਉਹਦੀਆਂ ਅੱਖਾਂ ਸਾਹਮਣੇ ਹੱਥਕੜੀਆਂ ਲਾ ਕੇ ਥਾਣੇ ਲੈ ਗਏ।

ਇਹ ਹੈ ਕੁਝ ਝਲਕੀਆਂ ਬੇਵਕੂਫ ਬੱਚਿਆਂ ਦੀਆਂ ਅਤੇ ਕੰਮ-ਕਾਰਾਂ ਵਿਚ ਵਿਅਸਤ ਮਾਪਿਆਂ ਦੀਆਂ ਜਿਹੜੇ ਆਪਣੇ ਬੱਚਿਆਂ ਦਾ ਪੂਰਾ-ਪੂਰਾ ਧਿਆਨ ਨਹੀਂ ਰੱਖਦੇ। ਅਗਰ ਅਸੀਂ ਇੰਡੀਆ ਵਿਚ ਵੀ ਪੂਰਾ ਧਿਆਨ ਨਾ ਦਿੱਤਾ ਤਾਂ ਬੱਚੇ ਇੰਡੀਆ ਵਿਚ ਵੀ ਅਮਰੀਕਾ-ਕੈਨੇਡਾ ਤੇ ਹੋਰ ਪੱਛਮੀ ਦੇਸ਼ਾਂ ਵਾਂਗ ਹੋ ਜਾਣਗੇ। ਜਿਸ ਦਾ ਅੰਦਾਜ਼ਾ ਮੈਂ ਇਸ ਵਾਰੀ ਇੰਡੀਆ ਆ ਕੇ ਮਹਿਸੂਸ ਕੀਤਾ ਕਿਉਂਕਿ ਇੰਡੀਆ ਦਾ ਕਲਚਰ ਵੀ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ।

○○

12

ਤੁਰ ਗਿਆ ਪ੍ਰਦੇਸਾਂ ਨੂੰ

ਸਿਆਣਿਆਂ ਨੇ ਕਿਹਾ ਹੈ, ਬਈ ਕੰਧ ਉਹਲੇ ਪ੍ਰਦੇਸ ਹੁੰਦਾ ਹੈ। ਪਰ ਜਿਹੜੇ ਸੱਚਮੁੱਚ ਹੀ ਪ੍ਰਦੇਸ ਤੁਰ ਗਏ ਹਨ। ਇਕ ਝਾਤ ਅੱਜ ਉਨ੍ਹਾਂ ਪ੍ਰਦੇਸੀਆਂ 'ਤੇ ਮਾਰੀਏ। ਪਹਿਲਾਂ ਤੁਸੀਂ ਸਾਡੇ ਕਾਲਮ ਵਿਚ ਅਕਸਰ ਪ੍ਰਦੇਸੀਆਂ ਦੀ ਜ਼ਿੰਦਗੀ ਕਿਸ ਤਰ੍ਹਾਂ ਗੁਜ਼ਰ ਰਹੀ ਹੈ, ਕੀ-ਕੀ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ, ਵਤਨੋਂ ਦੂਰ ਆ ਕੇ ਵਸੇ ਪ੍ਰਦੇਸੀ। ਅੱਜ ਅਸੀਂ ਆਪਣੇ ਪਾਠਕਾਂ ਨਾਲ ਉਨ੍ਹਾਂ ਪ੍ਰਦੇਸੀਆਂ ਦੀ ਗੱਲ ਕਰਨ ਜਾ ਰਹੇ ਹਾਂ ਜਿਨ੍ਹਾਂ ਨੇ ਪਿੱਛਾ ਮੁੜ ਕੇ ਕਦੀ ਵੀ ਨਹੀਂ ਦੇਖਿਆ ਅਤੇ ਉਹ ਭੁੱਲ ਹੀ ਗਏ ਹਨ ਕਿ ਉਹ ਕਿੱਥੇ ਰਹਿੰਦੇ ਸੀ, ਕਿੱਥੇ ਜੰਮੇ ਸੀ ਜਾਂ ਕਿਹੜੇ ਦੇਸ਼ ਦੇ ਹਨ। ਸਭ ਤੋਂ ਪਹਿਲਾਂ ਅੱਜ ਤੋਂ ਕੋਈ ਅਠਾਰਾਂ ਕੁ ਸਾਲ ਪਹਿਲਾਂ ਇੰਡੀਆ ਤੋਂ ਫਰਾਂਸ ਆਏ ਇਕ ਨੌਜਵਾਨ ਦੀ ਗੱਲ ਕਰਨ ਲੱਗਾਂ, ਜਿਹੜਾ ਘਰਦਿਆਂ ਦਾ ਇਕੱਲਾ ਹੀ

ਮੁੰਡਾ ਸੀ ਅਤੇ ਉਹ ਵੀ ਰੋਟੀ ਦੀ ਭਾਲ ਵਿਚ ਬਾਹਰ ਆ ਗਿਆ। ਪਿਤਾ ਚੰਗੀ ਸਰਵਿਸ ਕਰਦਾ ਸੁਣਿਆ ਸੀ। ਖ਼ੈਰ! ਅਰਾਮ ਦੀ ਜ਼ਿੰਦਗੀ ਕਿਸ ਨੂੰ ਨਹੀਂ ਚੰਗੀ ਲੱਗਦੀ। ਉਹ ਪ੍ਰਦੇਸੀ ਬਣ ਕੇ ਫਰਾਂਸ ਆ ਗਿਆ, ਸੋਹਣਾ ਸੁਨੱਖਾ, ਪਤਲਾ ਸਰੀਰ, ਤਿੱਖੇ ਨੈਣ ਨਕਸ਼, ਬਾਹਰ ਆਉਣ ਨਾਲ ਉਸ ਦਾ ਰੂਪ ਹੋਰ ਵੀ ਨਿੱਖਰ ਆਇਆ। ਉਹ ਸਿਲਾਈ ਦਾ ਕੰਮ ਜਾਣਦਾ ਸੀ ਅਤੇ ਉਹ ਆਉਂਦਾ ਹੀ ਕੰਮ ਕਰਨ ਲੱਗ ਪਿਆ। ਜਿਹੜੇ ਟਾਈਮ ਮੈਂ ਉਸ ਨੂੰ ਦੇਖਿਆ, ਮੈਂ ਵੀ ਉਸ ਵਕਤ ਪੈਰਿਸ ਹੀ ਰਹਿੰਦਾ ਸੀ। ਉਸ ਟਾਈਮ ਉਹ ਠੀਕ-ਠਾਕ ਪੈਸੇ ਕਮਾਉਂਦਾ ਸੀ। ਉਦੋਂ ਉਸ ਦੀ ਉਮਰ ਮਸਾਂ ਅਠਾਰਾਂ-ਉੱਨੀ ਸਾਲ ਦੀ ਹੋਵੇਗੀ। ਉਹ ਉਦੋਂ ਹੀ ਕੁਝ ਜ਼ਿਆਦਾ ਸ਼ਰਾਬ ਪੀਣ ਵਾਲੇ ਲੋਕਾਂ ਨਾਲ ਬੈਠਣ ਉੱਠਣ ਲੱਗ ਪਿਆ ਤੇ ਅੱਲ੍ਹੜ ਉਮਰੇ ਹੀ ਚੰਗੀ ਸ਼ਰਾਬ ਪੀਣ ਲੱਗ ਪਿਆ। ਉਸ ਤੋਂ ਬਾਅਦ ਮੈਂ ਤਾਂ ਅਮਰੀਕਾ ਆ ਗਿਆ ਅਤੇ ਜਦੋਂ ਬਾਅਦ ਵਿਚ ਮੈਂ ਦੋ ਤਿੰਨ ਬਾਰ ਪੈਰਿਸ ਗਿਆ ਉਸ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਉਹ ਇਕ ਫਰੈਂਚ ਕੁੜੀ ਨਾਲ ਚਲਾ ਗਿਆ। ਕਿਸੇ ਹੋਰ ਸ਼ਹਿਰ, ਪਰ ਦੱਸਣ ਵਾਲਿਆਂ ਅਨੁਸਾਰ ਉਹ ਨਸ਼ੇ ਦੀ ਸਿਗਰਟ ਜ਼ਿਆਦਾ ਪੀਣ ਲੱਗ ਪਿਆ ਸੀ।

ਬੰਦੇ ਦੀ ਜ਼ਿੰਦਗੀ ਦਾ ਇਹ ਆਖਰੀ ਨਸ਼ਾ ਵੀ ਕਹਿ ਲਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਪਤਾ ਲੱਗਾ ਕਿ ਪਿੱਛੇ ਉਸ ਦੇ ਮਾਂ-ਬਾਪ ਵੀ ਉਡੀਕ-ਉਡੀਕ ਕੇ ਵਿਚਾਰੇ ਹਾਰ ਗਏ। ਨਾ ਉਸ ਦਾ ਕੋਈ ਪਤਾ ਲੱਗਦਾ ਨਾ ਕੋਈ ਥਾਂ ਟਿਕਾਣਾ। ਰੱਬ ਹੀ ਹੁਣ ਤਾਂ ਉਸ ਨੂੰ ਸੁਮੱਤ ਬਖਸ਼ ਸਕਦਾ ਹੈ। ਉਹ ਜਵਾਨੀ ਮੈਂ ਆਪਣੇ ਅੱਖੀਂ ਰੁਲਦੀ ਦੇਖੀ। ਇਸ ਤੋਂ ਬਾਅਦ ਪੈਰਿਸ ਤੋਂ ਹੀ ਜਾਣਦਾ ਇਕ ਸਾਡਾ ਮਿੱਤਰ ਬੇਲੀ ਜੋ ਅੱਜਕਲ੍ਹ ਅਮਰੀਕਾ ਦਾ ਹੀ ਹੈ, ਉਹਦੀ ਵੀ ਜ਼ਿੰਦਗੀ ਬਾਰੇ ਥੋੜ੍ਹਾ ਚਾਨਣਾ ਪਾ ਦੇਣਾ ਠੀਕ ਸਮਝਦਾ ਹਾਂ।

ਉਸ ਇਨਸਾਨ ਨੇ ਅੱਜ ਤੱਕ ਆਪਣਾ ਸਹੀ ਨਾਂਅ ਅਤੇ ਆਪਣਾ ਸਹੀ ਪਿੰਡ ਜਾਂ ਸ਼ਹਿਰ ਨਹੀਂ ਦੱਸਿਆ। ਬਈ ਉਹ ਕਿਥੋਂ ਦਾ ਹੈ, ਛੇ ਫੁੱਟ ਲੰਬਾ ਗੋਰਿਆਂ ਵਰਗਾ ਸੋਹਣਾ ਜਵਾਨ। ਦੇਖਣ ਨੂੰ ਕਿਸੇ ਹੀਰੋ ਤੋਂ ਘੱਟ ਨਹੀਂ। ਥੋੜ੍ਹਾ ਹੀ ਪੜ੍ਹਿਆ ਸ਼ਾਇਦ ਇਕ ਦੋ ਜਮਾਤਾਂ, ਕੰਮ ਨੂੰ ਵੀ ਸ਼ੇਰ ਬੱਸ ਉਸ ਨੂੰ ਵੀ ਨਸ਼ਿਆਂ ਨੇ ਖਾ ਲਿਆ। ਪਰ ਉਹ ਕੰਮ ਕਰਦਾ ਹੈ। ਪੈਸੇ ਕਮਾਉਂਦਾ ਹੈ, ਕਰਦਾ ਪਤਾ ਨਹੀਂ ਕੀ ਹੈ ਉਨ੍ਹਾਂ ਪੈਸਿਆਂ ਦਾ। ਅੱਜ ਤੱਕ ਕੱਚਾ ਅਤੇ ਛੜਾ ਹੀ ਫਿਰਦਾ ਹੈ। ਬੱਸ ਇਹ ਕਹਿ ਲਓ ਕਿ ਉਹਨੇ ਵੀ ਆਪਣੀ ਜ਼ਿੰਦਗੀ ਦਾ ਛੋਟਾ ਜਿਹਾ ਘੇਰਾ ਬਣਾਇਆ ਹੈ, ਉਸ ਵਿਚੋਂ ਉਹ ਅੱਜ ਤੱਕ ਨਹੀਂ ਬਾਹਰ ਆ ਸਕਿਆ। ਇਕ ਹੋਰ ਇਥੇ ਪੰਜਾਬੀ ਭਾਈ ਸਾਹਿਬ ਨੇ ਜਿਹੜੇ ਨਾ ਤਾਂ ਕੰਮ ਕਰਦੇ ਆ ਨਾ ਦਿਮਾਗੀ ਤੌਰ 'ਤੇ ਹੀ ਕੋਈ ਮੁਸ਼ਕਿਲ ਹੈ। ਪਰ ਪੈਸੇ ਮੰਗਣ ਦੀ ਆਦਤ ਪੈ ਗਈ ਹੈ। ਜੀਨ ਦੀ ਪੈਂਟ ਪਾ ਕੇ ਚੰਗਾ ਟੌਹਰ ਕੱਢ ਕੇ, ਬੱਸ

ਇਹੀ ਕਹੇਗਾ, ਮੇਰਾ ਬਟੂਆ ਘਰ ਰਹਿ ਗਿਆ ਭਾ ਜੀ ਘਰ ਜਾਣ ਦਾ ਕਿਰਾਇਆ ਤਾਂ ਦੇ ਦੇਵੋ ਜਾਂ ਕਹੇਗਾ ਮੇਰੀ ਗਰਲ ਫਰੈਂਡ ਮੈਨੂੰ ਇਕੱਲੇ ਨੂੰ ਬਾਰ ਵਿਚ ਛੱਡ ਗਈ ਮੇਰੇ ਪੈਸੇ ਵੀ ਨਾਲ ਲੈ ਗਈ ਭਾ ਜੀ ਮੈਨੂੰ ਘਰ ਜਾਣ ਜੋਗੇ ਪੈਸੇ ਤਾਂ ਦੇ ਦਿਉ।

ਉਹਨੂੰ ਤਕਰੀਬਨ ਸਾਰੇ ਹੀ ਜਾਣਦੇ ਹਨ ਤੇ ਨਾਲ ਹੀ ਇਹ ਵੀ ਕਹਿੰਦੇ ਹਨ ਕਿ ਇਸ ਦੇ ਘਰ ਦੇ ਵੀ ਕਹਿੰਦੇ ਹੋਣੇ ਆ ਕਿ ਸਾਡਾ ਮੁੰਡਾ ਅਮਰੀਕਾ ਗਿਆ ਹੈ।

ਇਕ ਹੋਰ ਪੰਜਾਬੀ ਭਰਾ ਹੈ ਜਿਹੜਾ ਇਥੇ ਇੰਡੀਅਨ ਮਾਰਕੀਟ ਵਿਚ ਸਵੇਰੇ ਸ਼ਾਮ ਸ਼ਰਾਬ ਨਾਲ ਰੱਜ ਕੇ ਫਿਰਦਾ ਰਹਿੰਦਾ ਹੈ। ਜਾਂ ਉੱਚੀ-ਉੱਚੀ ਗਾਲ੍ਹਾਂ ਕੱਢੀ ਜਾਵੇਗਾ। ਉਧਰੋਂ ਦੁਕਾਨ ਵਿਚ ਗਾਹਕ ਵੜੇ ਹੁੰਦੇ ਆ, ਉੱਤੋਂ ਉਹ ਆ ਕੇ ਆਪਣਾ ਲੈਕਚਰ ਸ਼ੁਰੂ ਕਰ ਦਿੰਦਾ। ਦੁਕਾਨਦਾਰ ਮਿੰਨਤਾ ਕਰਦਾ ਤੇ ਨਾਲੇ ਉਸ ਨੂੰ ਇਕ ਦੋ ਡਾਲਰ ਦਿੰਦਾ ਤੇ ਖਹਿੜਾ ਛੁਡਾਉਂਦਾ। ਇਸ ਤਰ੍ਹਾਂ ਦੇ ਹਰ ਇਕ ਸ਼ਹਿਰ ਵਿਚ ਹਰ ਇਕ ਦੇਸ਼ ਵਿਚ ਤੁਹਾਨੂੰ ਹਰ ਕੌਮ ਦੇ ਲੋਕ ਮਿਲ ਜਾਣਗੇ ਜਿਹੜੇ ਕਿਸੇ ਨਾ ਕਿਸੇ ਕਾਰਨ ਆਪਣੀ ਜ਼ਿੰਦਗੀ ਦੀ ਲੀਹ ਤੋਂ ਉੱਖੜ ਗਏ ਅਤੇ ਦੁਬਾਰਾ ਲੀਹ 'ਤੇ ਆਉਣ ਦੀ ਹਿੰਮਤ ਨਹੀਂ ਕੀਤੀ ਜਾਂ ਨਹੀਂ ਹੋਈ। ਪਰ ਜ਼ਿੰਦਗੀ ਨੂੰ ਇਸ ਤਰ੍ਹਾਂ ਪਸ਼ੂਆਂ ਵਾਂਗ ਜਿਊਣਾ ਵੀ ਤਾਂ ਜ਼ਿੰਦਗੀ ਨਹੀਂ। ਇਕ ਪ੍ਰਦੇਸੀ ਪਿੱਛੇ ਪਤਾ ਨਹੀਂ ਕਿੰਨੇ ਪਰਿਵਾਰ ਇੰਡੀਆ ਵਿਚ ਪਲਦੇ ਆ, ਅਗਰ ਇੰਜਣ ਹੀ ਤਬਾਹ ਹੋ ਗਿਆ ਤਾਂ ਬਾਕੀ ਗੱਡੀ ਦਾ ਕੀ ਹੋਵੇਗਾ।

ਚੰਗੇ ਮੁਲਕਾਂ ਵਿਚ ਆ ਕੇ ਚੰਗੇ ਬਣਨ ਦੀ ਸੋਚ ਰੱਖਣੀ ਚਾਹੀਦੀ ਹੈ ਤਾਂ ਕਿ ਜਦ ਅਸੀਂ ਕਿਤੇ ਇੰਡੀਆ ਜਾਈਏ ਤਾਂ ਸਾਡੇ 'ਤੇ ਉਸ ਮੁਲਕ ਦਾ ਪ੍ਰਭਾਵ ਹੋਵੇ, ਚੰਗੇ ਗੁਣ ਹੋਣ ਤਾਂ ਫੇਰ ਹੀ ਦੂਸਰਾ ਬੰਦਾ ਪ੍ਰਭਾਵਿਤ ਹੋ ਕੇ ਆਖੇਗਾ ਕਿ ਇਹ ਬੰਦਾ ਚੰਗੇ ਮੁਲਕ ਵਿਚੋਂ ਆਇਆ, ਉਥੇ ਲੋਕ ਚੰਗੇ ਹੁੰਦੇ ਹੋਣਗੇ। ਅਗਰ ਅਸੀਂ ਹਜ਼ਾਰਾਂ ਮੀਲ ਦੂਰ ਆ ਕੇ ਵੀ ਆਪਣੀ ਸੋਚ ਦਾ ਘੋੜਾ ਗ਼ਲਤ ਪਾਸੇ ਹੀ ਦੱਬੀ ਰੱਖਣਾ ਹੈ ਤਾਂ ਸਾਨੂੰ ਆਪਣੇ ਸਾਕ ਸਬੰਧੀਆਂ ਜਾਂ ਆਪਣੇ ਘਰ ਵਾਲਿਆਂ ਦਾ ਮਿਹਨਤਾਂ ਨਾਲ ਇਕੱਠਾ ਕੀਤਾ ਪੈਸਾ ਜਿਹੜਾ ਉਹ ਸਾਡੇ ਬਾਹਰ ਆਉਣ ਲਈ ਲਾਉਂਦੇ ਆ ਬਰਬਾਦ ਨਹੀਂ ਕਰਨਾ ਚਾਹੀਦਾ। ਅਸੀਂ ਆਪਣੀ ਤਾਂ ਜ਼ਿੰਦਗੀ ਦਾਅ 'ਤੇ ਲਾਉਂਦੇ ਹੀ ਹਾਂ ਪਰ ਜੋ ਸਾਡੀ ਬਦੌਲਤ ਸੁਨਹਿਰੇ ਸੁਪਨੇ ਦੇਖਦੇ ਆ, ਅਸੀਂ ਉਨ੍ਹਾਂ ਦੀ ਜ਼ਿੰਦਗੀ ਵੀ ਬਰਬਾਦ ਕਰਦੇ ਆਂ ਜਿਹੜੇ ਸਾਡੀਆਂ ਯਾਦਾਂ ਵਿਚ ਆਖਦੇ ਹਨ

"ਤੁਰ ਗਿਆ ਪ੍ਰਦੇਸਾਂ ਨੂੰ।
ਜਿਨ੍ਹਾਂ ਦੀਆਂ ਲਈਆਂ ਬੁੱਕਲਾਂ,
ਕਿੰਝ ਧੋਈਏ ਖੇਸਾਂ ਨੂੰ।"

○○

13

ਦੋਵਾਂ ਭੈਣਾਂ ਨੇ ਹੁਣ ਇੰਡੀਆ ਨਹੀਂ ਜਾਣਾ

ਮੈਂ ਇੰਡੀਆ ਤੋਂ ਇਲਾਵਾ ਹੋਰ ਕੋਈ ਦਸ-ਬਾਰਾਂ ਦੇਸ਼ਾਂ ਦਾ ਸਫ਼ਰ ਕੀਤਾ ਹੈ। ਹਰ ਮੁਲਕ ਦੇ ਮਿਲਵਰਤਣ ਅਤੇ ਸੁਭਾਅ ਦਾ ਨਿੱਘ ਮਾਣਿਆ ਹੈ ਅਤੇ ਹਰ ਮੁਲਕ ਦੇ ਏਅਰਪੋਰਟਾਂ ਦੇ ਕਰਮਚਾਰੀਆਂ ਦਾ ਬੋਲ-ਚਾਲ ਦਾ ਸਲੀਕਾ ਮੈਂ ਖੁਦ ਹੰਢਾਇਆ ਹੈ। ਪਰ ਜੋ ਸੁਆਦ ਇੰਡੀਆ ਦੇ ਏਅਰਪੋਰਟ 'ਤੇ ਆਉਂਦਾ ਹੈ, ਉਹ ਹੋਰ ਕਿਧਰੇ ਵੀ ਨਹੀਂ ਮਿਲਦਾ ਹੈ। ਮੇਰੇ ਨਾਲ ਤਾਂ ਸ਼ਾਇਦ ਏਨੀਆਂ ਨਹੀਂ ਵਪਾਰੀਆਂ ਪਰ ਜਦ ਮੈਂ ਕਦੇ ਵੀ ਇੰਡੀਆ ਜਾਂਦਾ, ਮੈਂ ਤਕਰੀਬਨ ਆਏ ਸਾਲ ਇੰਡੀਆ ਜਾਂਦਾ ਹਾਂ। ਤਾਂ ਨਵੀਆਂ ਗੱਲਾਂ, ਘਟਨਾਵਾਂ ਦੇਖਣ ਨੂੰ ਮਿਲਦੀਆਂ ਹਨ। ਇਸ ਵਾਰ ਮੈਂ ਗਰਮੀਆਂ ਵਿਚ ਜਦ ਇੰਡੀਆ ਤੋਂ ਅਮਰੀਕਾ ਜਾਣ ਲੱਗਾ ਤਾਂ ਏਅਰਪੋਰਟ 'ਤੇ ਤਕਰੀਬਨ ਉਡਾਨਾਂ ਰਾਤ ਦੇ ਟਾਈਮ ਹੀ ਚਲਦੀਆਂ ਹਨ। ਮੈਂ ਕੋਈ ਇਕ ਵਜੇ ਦਾਖਲ ਹੋਇਆ

ਅਤੇ ਆਪਣੇ ਜ਼ਰੂਰੀ ਕਾਗਜ਼ ਭਰ ਕੇ ਕਤਾਰ ਵਿਚ ਲੱਗ ਗਿਆ। ਜਿਸ ਵਿਚ ਮੇਰੇ ਅੱਗੇ ਇਕ ਸਰਦਾਰ ਜੀ ਵੀ ਖੜ੍ਹੇ ਸਨ। ਮੇਰੇ ਹੱਥ ਵਿਚ ਫਾਰਮ ਭਰਿਆ ਦੇਖ ਕੇ ਬੋਲੇ ਭਾ ਜੀ ਇਹ ਫਾਰਮ ਕਿਥੋਂ ਲਿਆ, ਮੈਂ ਇਸ਼ਾਰਾ ਕਰਕੇ ਕਿਹਾ ਕਿ ਉਹ ਸਾਹਮਣੇ ਕਾਊਂਟਰ 'ਤੇ ਬੜੇ ਪਏ ਆ ਚੱਕ ਲਿਆਉ। ਉਨ੍ਹਾਂ ਫਾਰਮ ਲਿਆਂਦਾ ਮੇਰੇ ਵਾਲਾ ਫਾਰਮ ਮੰਗ ਕੇ, ਉਹ ਉਸ ਦੀ ਨਕਲ ਕਰਕੇ ਭਰਨ ਲੱਗ ਪਏ। ਜਦੋਂ ਮੈਨੂੰ ਉਨ੍ਹਾਂ ਫਾਰਮ ਵਾਪਿਸ ਦਿੱਤਾ, ਮੈਂ ਪੁੱਛਿਆ ਤੁਸੀਂ ਵੀ ਨਿਊਯਾਰਕ ਜਾ ਰਹੇ ਹੋ, ਉਹ ਕਹਿੰਦਾ ਨਹੀਂ ਜੀ ਮੈਂ ਇਟਲੀ ਜਾਣਾ ਹੈ। ਮੇਰੇ ਤੋਂ ਪਿੱਛੇ ਇਕ, ਨੌਜਵਾਨ ਖੜ੍ਹਾ ਸੀ, ਉਹ ਕਹਿੰਦੈ ਮੈਂ ਪੈਰਿਸ ਜਾਣਾ ਹੈ। ਮੈਂ ਸੋਚਿਆ ਸਫ਼ਰ ਲੰਬਾ ਹੈ ਸ਼ਾਇਦ ਕੋਈ ਸਾਥੀ ਮਿਲ ਜਾਵੇ। ਚਲੋ ਸੋਚਿਆ ਅੱਧੀ ਵਾਟ ਤਾਂ ਕੱਟ ਜਾਵੇਗੀ। ਏਨੇ ਨੂੰ ਸਰਦਾਰ ਹੁਰਾਂ ਦੀ ਵਾਰੀ ਆ ਗਈ, ਕਰਦਿਆਂ-ਕਰਦਿਆਂ ਅੱਧਾ ਘੰਟਾ ਲੱਗ ਗਿਆ। ਮੈਂ ਸੋਚਿਆ ਬਾਈ ਦਾ ਪੰਗਾ ਪੈ ਗਿਆ। ਉਹ ਭੋਲਾ ਸਰਦਾਰ ਦੇਸੀ ਮੈਡਮ ਦੇ ਤਰਲੇ ਪਾਵੇ। ਪਰ ਗੱਲ ਨਾ ਬਣੇ। ਰੱਸੀਆਂ ਨਾਲ ਮਸਾਂ ਬੰਨ੍ਹੇ ਅਟੈਚੀ ਵਿਚਾਰੇ ਨੇ ਮਸਾ ਹੀ ਬਿਲਟ ਤੋਂ ਵਾਪਿਸ ਉਤਾਰੇ। ਮੈਂ ਪੁੱਛਿਆ ਭਾ ਜੀ ਕੀ ਗੱਲ ਹੋ ਗਈ। ਉਹ ਕਹਿੰਦਾ ਇਹ ਜੋ ਮੇਰਾ ਟਰੈਵਲ ਡਾਕੂਮੈਂਟ ਹੈ। ਜਿਹੜਾ ਇਟਲੀ ਤੋਂ ਇਸ਼ੂ ਹੋਇਆ ਹੈ। ਜੇਬ 'ਚ ਪਾਉਣ ਕਰਕੇ ਗਰਮੀ ਨਾਲ ਭਿੱਜ ਗਿਆ, ਮੈਂ ਦੱਸ ਦਿਆਂ ਇਹ ਅਗਸਤ ਮਹੀਨੇ ਦੀ ਗੱਲ ਹੈ। ਭਿੱਜਣ ਕਰਕੇ ਵੈਸੇ ਤਾਂ ਉੱਪਰ ਪਲਾਸਟਿਕ ਚੜ੍ਹੀ ਹੋਈ ਹੈ। ਪਰ ਫੇਰ ਵੀ ਥੋੜ੍ਹੀ ਕਿਤੇ ਜਿਥੇ ਪੈੱਨ ਨਾਲ ਦਸਤਖਤ ਕੀਤੇ ਆ ਸਿਆਹੀ ਫੈਲ ਗਈ। ਉੱਪਰ ਮੇਰੇ ਬੱਚਿਆਂ ਦੇ ਫੋਟੋ ਲੱਗੇ ਆ, ਮੇਰਾ ਲੱਗਾ ਹੈ। ਪਰ ਮੈਡਮ ਕਹਿੰਦੀ ਤੂੰ ਉਡਾਨ ਨਹੀਂ ਕਰ ਸਕਦਾ, ਪਹਿਲਾਂ ਸਵੇਰੇ ਜਾ ਕੇ ਦਿੱਲੀ 'ਚ ਇਟਲੀ ਅਬੈਂਸੀ ਤੋਂ ਇਹ ਸਹੀ ਕਰਵਾ ਕੇ ਲਿਆ। ਰਾਤ ਦੇ ਢਾਈ ਵਜੇ ਸਨ। ਉਹ ਲਾਚਾਰ ਸਰਦਾਰ ਜੀ ਪੰਜਾਬ ਤੋਂ ਦਿੱਲੀ ਦੇ ਸਫ਼ਰ ਦਾ ਭੰਨਿਆ, ਇਧਰ ਉਧਰ ਦੇਖੇ, ਦੁੱਖ ਦੀ ਗੱਲ ਕਿ ਉਹਨੂੰ ਚੜ੍ਹਾਉਣ ਆਏ ਵੀ ਵਾਪਿਸ ਮੁੜ ਗਏ। ਮੈਂ ਕਿਹਾ ਸੁਪਰਵਾਈਜ਼ਰ ਨੂੰ ਮਿਲ ਵਾਸਤਾ ਪਾ ਸ਼ਾਇਦ ਤੇਰੀ ਗੱਲ ਸੁਣੀ ਜਾਵੇ। ਇੰਨੀ ਗੱਲ ਕਹਿਣ ਤੋਂ ਬਾਅਦ ਮੈਂ ਤਾਂ ਆਪਣਾ ਬੋਰਡਿੰਗ ਪਾਸ ਲੈ ਕੇ ਤੁਰ ਪਿਆ ਪਰ ਮੈਂ ਵੇਟਿੰਗ ਰੂਮ ਵਿਚ ਬੈਠਾ ਵੀ ਉਸ ਸਰਦਾਰ ਬਾਰੇ ਸੋਚੀ ਗਿਆ। ਇਹ ਤਾਂ ਸਿਰਫ ਛੋਟੀ ਜਿਹੀ ਝਲਕੀ ਹੈ। ਪਤਾ ਤਾਂ ਇਕ ਦਿਨ ਉਥੇ ਬੈਠ ਕੇ ਲੱਗਦਾ ਹੈ ਅਤੇ ਆ ਹੁਣ ਪਿਛਲੇ ਮਹੀਨੇ ਹੀ ਮੇਰੇ ਇਕ ਦੋਸਤ ਦੀਆਂ ਦੋ ਲੜਕੀਆਂ ਅਤੇ ਵਾਈਫ ਇੰਡੀਆ ਜਾ ਕੇ ਆਈਆਂ ਹਨ। ਉਨ੍ਹਾਂ ਕੁੜੀਆਂ ਕੋਲ ਇੰਡੀਆ ਦਾ ਨਾਂਅ ਵੀ ਲੈ ਦਿਉ ਤਾਂ ਉਹ ਡਰ ਜਾਂਦੀਆਂ ਹਨ। ਹੋਇਆ ਇੰਜ ਕਿ ਜਦ ਉਹ ਇੰਡੀਆ ਗਈਆਂ ਦਿੱਲੀ ਏਅਰਪੋਰਟ 'ਤੇ ਇਮੀਗਰੇਸ਼ਨ ਕਾਊਂਟਰ 'ਤੇ ਹੀ ਪੰਗਾ ਪੈ ਗਿਆ। ਪੰਗਾ ਇਸ ਗੱਲ ਦਾ ਪੈ ਗਿਆ ਕਿ ਇਕ ਕੁੜੀ ਕੋਲ ਇੰਡੀਅਨ ਪਾਸਪੋਰਟ ਸੀ, ਬਾਕੀ ਉਸ ਦੀ ਭੈਣ ਅਤੇ ਮਾਂ ਕੋਲ ਅਮਰੀਕਨ

ਪਾਸਪੋਰਟ ਸਨ। ਮੈਂ ਦੱਸ ਦਿਆਂ ਕਿ ਇਥੇ ਬਹੁਤੇ ਪਰਿਵਾਰਾਂ 'ਚ ਇਸੇ ਤਰ੍ਹਾਂ ਹੀ ਹੈ। ਕੋਈ ਇੰਡੀਅਨ ਪਾਸਪੋਰਟ ਹੀ ਰੱਖ ਕੇ ਖੁਸ਼ ਹੈ ਅਤੇ ਕਈ ਅਮਰੀਕਨ ਪਾਸਪੋਰਟ ਰੱਖਦੇ ਹਨ। ਪਰ ਸੋਚਣ ਤੇ ਦੱਸਣ ਵਾਲੀ ਗੱਲ ਇਹ ਹੈ ਕਿ ਇਸ 'ਚ ਇੰਡੀਆ ਦੀ ਇਮੀਗ੍ਰੇਸ਼ਨ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਣੀ ਚਾਹੀਦੀ। ਉਨ੍ਹਾਂ ਦੇ ਦੱਸਣ ਅਨੁਸਾਰ ਇਮੀਗ੍ਰੇਸ਼ਨ ਅਫਸਰ ਇਸੇ ਗੱਲ 'ਤੇ ਅੜਿਆ ਰਿਹਾ ਕਿ ਤੂੰ ਅਮਰੀਕਨ ਪਾਸਪੋਰਟ ਕਿਉਂ ਨਹੀਂ ਲਿਆ। ਉਸ ਸਮਝਦਾਰ ਕੁੜੀ ਨੇ ਬੜੇ ਹੀ ਤਰੀਕੇ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਮੇਰਾ ਜਾਂ ਸਾਡਾ ਨਿੱਜੀ ਮਾਮਲਾ ਹੈ, ਇਸ ਵਿਚ ਤੁਹਾਨੂੰ ਕੋਈ ਦਿਲਚਸਪੀ ਨਹੀਂ ਲੈਣੀ ਚਾਹੀਦੀ। ਮੇਰੇ ਕੋਲ ਇੰਡੀਅਨ ਵੈਲਡ ਪਾਸਪੋਰਟ ਹੈ। ਅਮਰੀਕਨ ਗਰੀਨ ਕਾਰਡ ਹੈ। ਅਗਰ ਮੌਜੂਦਾ ਪੇਪਰਾਂ ਵਿਚ ਤੁਹਾਨੂੰ ਕੋਈ ਖਰਾਬੀ ਨਜ਼ਰ ਆਉਂਦੀ ਹੈ ਤਾਂ ਤੁਸੀਂ ਗੱਲ ਕਰ ਸਕਦੇ ਹੋ। ਪਰ ਪਤਾ ਨਹੀਂ ਉਸ ਹਰਿਆਣਵੀ ਅਫਸਰ ਦੇ ਦਿਮਾਗ਼ ਵਿਚ ਗੱਲ ਕਿਉਂ ਨਾ ਵੜੇ। ਵੈਸੇ ਆਪਣੇ ਪਾਠਕਾਂ ਦੀ ਜਾਣਕਾਰੀ ਲਈ ਦੱਸ ਦੇਈਏ ਕਿ ਇਮੀਗ੍ਰੇਸ਼ਨ ਦਾ ਕੰਮ ਹੈ ਕਿ ਯਾਤਰੀ ਜੋ ਕਾਗਜ਼ਾਂ 'ਤੇ ਯਾਤਰਾ ਕਰ ਰਿਹਾ ਹੈ, ਉਹ ਠੀਕ ਹਨ ਅਤੇ ਜਾਂ ਇਹ ਯਾਤਰੀ ਸਾਡੇ ਰਿਕਾਰਡ ਮੁਤਾਬਿਕ ਪੁਲਿਸ ਨੂੰ ਲੋੜੀਂਦਾ ਤਾਂ ਨਹੀਂ ਜਾਂ ਟਰੈਵਲ ਦਸਤਾਵੇਜ਼ਾਂ ਨੂੰ ਆਪੇ ਹੀ ਹੱਥ ਨਾਲ ਹੀ ਰੀਨੀਊ ਤਾਂ ਨਹੀਂ ਕੀਤਾ ਅਤੇ ਹੋਰ ਛੋਟੀਆਂ-ਛੋਟੀਆਂ ਗੱਲਾਂ ਜੋ ਸਿਰਫ ਯਾਤਰੀ ਅਤੇ ਅਤੇ ਉਸ ਦੇ ਯਾਤਰਾ ਪੱਤਰਾਂ ਨਾਲ ਸਬੰਧ ਰੱਖਦੀਆਂ ਹਨ, ਚੈੱਕ ਕਰ ਸਕਦੇ ਹਨ। ਕੁੜੀ ਨੇ ਬਥੇਰਾ ਕਿਹਾ ਮੈਂ ਅਮਰੀਕਨ ਪਾਸਪੋਰਟ ਚਾਹਵਾਂ ਤਾਂ ਕੱਲ੍ਹ ਲੈ ਸਕਦੀ ਆਂ, ਪਰ ਮੈਂ ਇੰਡੀਅਨ ਪਾਸਪੋਰਟ ਹੀ ਰੱਖਣਾ ਚਾਹੁੰਦੀ ਹਾਂ। ਉਹ ਟੱਸ ਤੋਂ ਮੱਸ ਨਾ ਹੋਵੇ। ਕੁੜੀ ਕਹਿੰਦੀ ਕਿ ਫੇਰ ਤੁਹਾਨੂੰ ਇਹ ਵੀ ਇਤਰਾਜ਼ ਹੋਣਾ ਕਿ ਤੁਸੀਂ ਭੈਣਾਂ ਹੀ ਕਿਉਂ ਆਈਆਂ ਭਰਾ ਨੂੰ ਕਿਉਂ ਨਹੀਂ ਨਾਲ ਲਿਆਂਦਾ ਅਤੇ ਜਦੋਂ ਹੋਰ ਕਈ ਕੁੜੀ ਨੇ ਅੰਗਰੇਜ਼ੀ ਵਿਚ ਸਵਾਲ ਕੀਤੇ ਤਾਂ ਵਿਚਾਰਾ ਹਿੰਦੀ ਦਾ ਬਣਿਆ ਅਫਸਰ ਤੇਜ਼ ਅੰਗਰੇਜ਼ੀ ਸਮਝਣ ਤੋਂ ਅਸਮਰੱਥ ਹੋ ਕਿ ਕੋਈ ਦੋ ਘੰਟੇ ਬਾਅਦ ਵਿਚਾਰੀਆਂ ਛੱਬੀ ਘੰਟੇ ਦੇ ਸਫ਼ਰ ਦੀਆਂ ਭੰਨੀਆਂ ਕੁੜੀਆਂ ਆਪਣੀ ਮਾਂ ਸਮੇਤ ਘਰ ਪਹੁੰਚੀਆਂ ਤੇ ਹੁਣ ਵਾਪਸ ਆ ਕੇ ਕਹਿੰਦੀਆਂ ਅਸੀਂ ਸ਼ਾਇਦ ਹੁਣ ਕਦੇ ਵੀ ਇੰਡੀਆ ਨਹੀਂ ਜਾਵਾਂਗੀਆਂ।

ਇਕ ਛੋਟੀ ਜਿਹੀ ਘਟਨਾ ਹੋਰ ਚੇਤੇ ਆ ਗਈ। ਵੈਸੇ ਤਾਂ ਬਹੁਤ ਹਨ ਪਰ ਬਾਕੀ ਫੇਰ ਕਿਤੇ। ਮੇਰੇ ਨਾਂਅ ਤੋਂ ਵਾਕਿਫ਼ ਇਕ ਸੱਜਣ ਮੈਨੂੰ ਮਿਲਿਆ, ਕਹਿੰਦਾ ਜਦੋਂ ਮੈਂ ਇੰਡੀਆ ਤੋਂ ਆਇਆ ਤਾਂ ਮੈਨੂੰ ਏਅਰਪੋਰਟ 'ਤੇ ਕਹਿੰਦੇ ਤੇਰਾ ਤਾਂ ਗਰੀਨ ਕਾਰਡ ਨਕਲੀ ਹੈ। ਕਹਿੰਦਾ ਮੈਂ ਕਿਹਾ ਅੱਗੇ ਕਈ ਵਾਰ ਇਸੇ ਗਰੀਨ ਕਾਰਡ 'ਤੇ ਇੰਡੀਆ ਆ ਚੁੱਕਾ ਆਂ, ਹੁਣ ਇਹ ਨਕਲੀ ਕਿਵੇਂ ਹੋ ਗਿਆ। ਖੈਰ ਉਹਨਾਂ ਤਾਂ ਬਿਠਾ ਲਿਆ। ਕਹਿੰਦਾ ਮੈਂ ਕਿਹਾ ਕਿ ਮੈਨੂੰ ਅਮਰੀਕਨ ਅਬੈਂਸੀ ਦਾ ਨੰਬਰ ਦਿਉ ਜਾਂ

ਆਪ ਫੋਨ ਕਰਕੇ ਪਤਾ ਕਰ ਲਵੋ ਕਿ ਮੇਰਾ ਗਰੀਨ ਕਾਰਡ ਅਸਲੀ ਹੈ ਜਾਂ ਨਕਲੀ। ਕਹਿੰਦਾ ਉਹਨਾਂ ਆਪੇ ਹੀ ਫੋਨ ਕੀਤਾ ਅੱਗੋਂ ਅਮਰੀਕਨ ਅਬੈਂਸੀ ਵਾਲਿਆਂ ਨੇ ਚੰਗੀ ਤਾੜਨਾ ਕੀਤੀ, ਕਹਿੰਦੇ ਗਰੀਨ ਕਾਰਡ ਅਸਲੀ ਨਕਲੀ ਦੇਖਣਾ ਤੁਹਾਡਾ ਕੰਮ ਨਹੀਂ, ਇਹ ਸਾਡੀ ਪ੍ਰਾਪਰਟੀ ਹੈ। ਇਹਨੂੰ ਅਸਲੀ ਨਕਲੀ ਕਰਾਰ ਦੇਣਾ ਸਾਡੀ ਇਮੀਗ੍ਰੇਸ਼ਨ ਦਾ ਕੰਮ ਹੈ। ਤੁਸੀਂ ਸਿਰਫ ਇਹਦਾ ਪਾਸਪੋਰਟ ਦੇਖੋ ਕਿ ਅਸਲੀ ਹੈ ਜਾਂ ਨਕਲੀ। ਵੈਸੇ ਤਾਂ ਉਹ ਦੇਖ ਸਕਦੇ ਆ ਪਰ ਆਮ ਕਰਕੇ ਉਹ ਜ਼ਿਆਦਾ ਅਸਲੀ ਵਾਲਿਆਂ ਨੂੰ ਹੀ ਤੰਗ ਕਰਦੇ ਹਨ, ਇਸ ਕਰਕੇ ਆਪਣੀ ਖਾਤਰ ਕਰਵਾ ਬੈਠੇ।

ਪਰ ਇਸ ਸਾਰੇ ਡਰਾਮੇ ਦਾ ਅਸਰ ਵਿਦੇਸ਼ੋਂ ਆਉਣ ਵਾਲੇ ਵਿਅਕਤੀ 'ਤੇ ਕਿਸ ਤਰ੍ਹਾਂ ਦਾ ਪੈਂਦਾ ਇਹ ਕਦੇ ਸੋਚਿਆ ਇਨ੍ਹਾਂ ਅਫਸਰਾਂ ਨੇ? ਕਈ ਵਿਅਕਤੀ ਇਥੇ ਅਜਿਹੇ ਹਨ ਜੋ ਇਕ ਵਾਰ ਇੰਡੀਆ ਗਏ ਪਰ ਹੁਣ ਉਹ ਇੰਡੀਆ ਜਾਣ ਨੂੰ ਤਿਆਰ ਨਹੀਂ ਹਨ। ਉਹ ਇਹ ਕਹਿੰਦੇ ਹਨ ਕਿ ਉਥੇ ਸਭ ਚੋਰ ਬੈਠੇ ਹਨ। ਏਅਰਪੋਰਟ ਤੋਂ ਹੀ ਲੁੱਟਣਾ ਸ਼ੁਰੂ ਕਰ ਦਿੰਦੇ ਹਨ। ਉਨ੍ਹਾਂ ਵਿਅਕਤੀਆਂ ਨੂੰ ਜਿੰਨਾ ਮਰਜ਼ੀ ਸਮਝਾ ਲਉ ਕਿ ਸਾਰੇ ਚੋਰ ਨਹੀਂ ਪਰ ਉਹ ਦਿਮਾਗੀ ਤੌਰ 'ਤੇ ਇਹ ਸਮਝਣ ਨੂੰ ਹਰਗਿਜ਼ ਤਿਆਰ ਨਹੀਂ, ਕੁਝ ਕੁ ਰਿਸ਼ਵਤਖੋਰ ਅਫਸਰਾਂ ਨੇ ਸਾਰੇ ਇੰਡੀਆ ਦਾ ਨਾਂਅ ਬਦਨਾਮ ਕੀਤਾ ਹੋਇਆ ਹੈ। ਉਹ ਸਿਰਫ ਆਪਣੇ ਕੁਝ ਰੁਪਿਆਂ ਦੀ ਖਾਤਰ ਇਹ ਸਾਰੇ ਡਰਾਮੇ ਕਰਦੇ ਹਨ। ਕਾਸ਼! ਏਅਰਪੋਰਟ 'ਤੇ ਕੁਝ ਸੁਧਾਰ ਹੋ ਜਾਵੇ।

○○

14

ਵਿਦੇਸ਼ੀ ਮਾਪੇ ਮਾਡਰਨ ਹੋ ਰਹੇ ਹਨ ਜਾਂ ਆਪਣਾ ਵਿਰਸਾ ਭੁੱਲਦੇ ਜਾ ਰਹੇ ਹਨ?

ਕਿਸੇ ਫਿਲਾਸਫਰ ਨੇ ਕਿਹਾ ਸੀ ਕਿ ਅਗਰ ਕਿਸੇ ਨੂੰ ਅਸੀਸ ਦੇਣੀ ਹੋਵੇ ਤਾਂ ਉਸ ਨੂੰ ਕਹੋ ਕਿ ਤੇਰੀ ਉਮਰ ਲੋਕ ਗੀਤ ਜਿੱਡੀ ਹੋਵੇ ਅਤੇ ਜੇ ਕਿਸੇ ਨੂੰ ਬਦਅਸੀਸ ਦੇਣੀ ਹੋਵੇ ਤਾਂ ਕਹੋ, ਜਾਹ ਤੈਨੂੰ ਤੇਰਾ ਸੱਭਿਆਚਾਰ ਭੁੱਲ ਜਾਵੇ, ਤੈਨੂੰ ਤੇਰਾ ਵਿਰਸਾ ਭੁੱਲ ਜਾਵੇ।

ਇਹ ਗੱਲ ਸਿਰਫ ਲਿਖਣ ਜਾਂ ਪੜ੍ਹਨ ਤੱਕ ਹੀ ਮਹਿਦੂਦ ਨਹੀਂ ਹੈ, ਬਲਕਿ ਇਸ ਨੂੰ ਗੰਭੀਰਤਾ ਨਾਲ ਆਪਣੇ ਜੀਵਨ 'ਚ ਸਮਝਣ ਦੀ ਜ਼ਰੂਰਤ ਹੈ। ਮੈਂ ਇਕ ਲੇਖਕ ਦਾ ਲੇਖ ਪੜ੍ਹਿਆ ਜਿਸ ਵਿਚ ਉਸ ਨੇ ਬੱਚਿਆਂ ਅਤੇ ਰਿਸ਼ਤਿਆਂ ਨੂੰ ਮੁੱਖ ਰੱਖ ਕੇ ਲਿਖਿਆ ਸੀ। ਉਸ ਨੇ ਲਿਖਿਆ ਕਿ ਅੱਜ ਦੇ ਯੁੱਗ ਵਿਚ ਸਾਡੇ ਕੁਝ ਰਿਸ਼ਤੇ ਸਿਰਫ ਪਰਿਵਾਰ ਛੋਟਾ ਕਰਨ ਦੀ ਸੋਚ ਨਾਲ ਅਲੋਪ ਹੁੰਦੇ ਜਾ ਰਹੇ ਹਨ। ਜਿਵੇਂ ਜਿਸ

ਪਰਿਵਾਰ 'ਚ ਦੋ ਬੱਚੇ ਹਨ। ਉਸ ਪਰਿਵਾਰ 'ਚ ਚਾਚਾ, ਚਾਚੀ, ਤਾਇਆ, ਤਾਈ, ਮਾਸੀ, ਮਾਸੜ ਨਾਂਅ ਦੇ ਰਿਸ਼ਤੇ ਅਲੋਪ ਹੋ ਜਾਣਗੇ। ਅਗਰ ਉਸ ਪਰਿਵਾਰ ਦੇ ਦੋਵੇਂ ਬੱਚੇ ਇਕ ਲੜਕਾ ਅਤੇ ਇਕ ਲੜਕੀ ਹੈ। ਅਗਰ ਜੇ ਇਕ ਪਰਿਵਾਰ 'ਚ ਸਿਰਫ ਦੋ ਮੁੰਡੇ ਹੀ ਹਨ ਤਾਂ ਸਮਝੋ ਭੂਆ ਫੁੱਫੜ ਦਾ ਰਿਸ਼ਤਾ ਵੀ ਗਾਇਬ। ਰਿਸ਼ਤਿਆਂ ਬਾਰੇ ਸ਼ਾਇਦ ਬੱਚਿਆਂ ਨੂੰ ਸਕੂਲਾਂ ਵਿਚ ਸਵਾਲ ਆਇਆ ਕਰਨਗੇ ਕਿ ਦੱਸੋ ਚਾਚਾ ਕੀ ਹੁੰਦਾ ਹੈ, ਜਾਂ ਭੂਆ ਕਿਹਨੂੰ ਕਹਿੰਦੇ ਹਨ।

ਇਹ ਗੱਲਾਂ ਪੜ੍ਹ ਕੇ, ਸੁਣ ਕੇ ਅਣਗੌਲਿਆਂ ਕਰਨ ਵਾਲੀਆਂ ਨਹੀਂ ਸਗੋਂ ਸਾਨੂੰ ਇਨ੍ਹਾਂ ਪ੍ਰਤੀ ਸੁਚੇਤ ਹੋ ਕੇ ਅੱਗੇ ਵਧਣਾ ਪਵੇਗਾ। ਦੁੱਖ ਦੀ ਗੱਲ ਤਾਂ ਉਸ ਵਕਤ ਹੁੰਦੀ ਹੈ ਜਦੋਂ ਸਾਡੇ ਸਾਰੇ ਰਿਸ਼ਤੇ ਮੌਜੂਦ ਹੋਣ ਅਤੇ ਅਸੀਂ ਖੁਦ ਉਸ ਦੇ ਕਾਤਲ ਬਣ ਜਾਈਏ। ਵਿਦੇਸ਼ੀ ਮਾਪੇ ਆਪਣੇ ਬੱਚਿਆਂ ਨਾਲ ਆਪਣੇ ਸੱਭਿਆਚਾਰ ਬਾਰੇ ਬੜੀਆਂ ਗੱਲਾਂ ਕਰਦੇ ਹਨ। ਇੰਡੀਆ ਲੈ ਕੇ ਜਾਂਦੇ ਹਨ। ਉਨ੍ਹਾਂ ਨੂੰ ਇੰਡੀਆ ਵਿਚ ਆਪਣੇ ਲੋਕ, ਆਪਣਾ ਸੱਭਿਆਚਾਰ, ਉਥੋਂ ਦੇ ਰੀਤੀ-ਰਿਵਾਜਾਂ ਤੋਂ ਇਲਾਵਾ ਆਪਣੇ ਸੂਖਮ ਰਿਸ਼ਤਿਆਂ ਬਾਰੇ ਵੀ ਜਾਣਕਾਰੀ ਦਿੰਦੇ ਹਨ। ਪਰ ਕੀ ਵਿਦੇਸ਼ੀ ਮਾਪੇ ਆਪ ਕਦੀ ਇਕ ਪਲ ਆਪਣੀ ਬੁੱਧੀ ਨੂੰ ਇਕਾਗਰ ਕਰਕੇ ਸੋਚ ਸਕਦੇ ਹਨ ਕਿ ਅਸੀਂ ਖੁਦ ਤਾਂ ਨਹੀਂ ਕੁਝ ਭੁੱਲਦੇ ਜਾ ਰਹੇ। ਸਾਨੂੰ ਹਰ ਪੱਖ ਤੋਂ, ਹਰ ਪਹਿਲੂ ਤੋਂ ਗੰਭੀਰਤਾ ਨਾਲ ਸੋਚਣਾ ਪਵੇਗਾ। ਮੇਰਾ ਇਹ ਲੇਖ ਲਿਖਣ ਦਾ ਇਹ ਮਕਸਦ ਨਹੀਂ ਕਿ ਮੈਂ ਨਵੇਂ ਬਣੇ ਰਿਸ਼ਤਿਆਂ ਤੋਂ ਨਾਖੁਸ਼ ਹਾਂ, ਮੇਰਾ ਤਾਂ ਇਹੀ ਕਹਿਣਾ ਹੈ ਕਿ ਜਿਸ ਮਕਾਨ ਦੀ ਨੀਂਹ ਤੁਸੀਂ ਰੱਖ ਰਹੇ ਹੋ ਉਸ ਦੀ ਉਸਾਰੀ ਤੋਂ ਬਾਅਦ ਉਸ ਦੀ ਕੀ ਰੂਪ-ਰੇਖਾ ਹੋਵੇਗੀ। ਸੋ ਪਾਠਕੋ ਅੱਜ ਮੈਂ ਤੁਹਾਨੂੰ ਆਪਣੇ ਬਹੁਤ ਹੀ ਚੰਗੇ ਦੋਸਤ ਦੇ ਘਰ ਲੈ ਕੇ ਜਾ ਰਿਹਾ ਹਾਂ, ਜਿੱਥੇ ਕਿ ਇਸ ਵਾਰ ਮੈਨੂੰ ਕੁਝ ਨਵਾਂ ਲੱਗਿਆ ਅਤੇ ਮੇਰੇ ਦਿਲ ਨੂੰ ਸੱਟ ਲੱਗੀ ਅਤੇ ਮੈਂ ਆਪ-ਮੁਹਾਰੇ ਹੀ ਕਹਿ ਉੱਠਿਆ ਅਸੀਂ ਬੱਚਿਆਂ 'ਤੇ ਕਿਉਂ ਐਨਾ ਭਾਰੂ ਹੋਏ ਹਾਂ, ਪਹਿਲਾਂ ਆਪ ਤਾਂ ਆਪਣੇ ਅੰਦਰ ਝਾਤੀ ਮਾਰੀਏ।

ਅੱਜ ਦਾ ਯੁੱਗ ਮਾਰਡਨ ਯੁੱਗ ਕਹਿਲਾਉਂਦਾ ਹੈ। ਮਾਡਰਨ ਹੋਣਾ ਚੰਗੀ ਗੱਲ ਹੈ, ਪਰ ਇਸ ਆਧੁਨਿਕਤਾ ਵਿਚ ਅਸੀਂ ਆਪਣੀਆਂ ਭਾਵਨਾਵਾਂ ਅਤੇ ਜਜ਼ਬਾਤਾਂ ਨੂੰ ਏਨਾ ਨਾ ਰੰਗ ਲਈਏ ਕਿ ਸਾਨੂੰ ਅਸਲੀ ਰੰਗ ਦੀ ਪਛਾਣ ਹੀ ਨਾ ਰਹੇ।

ਜਦੋਂ ਮੈਂ ਆਪਣੇ ਪਿਆਰੇ ਦੋਸਤ ਦੇ ਘਰ ਗਿਆ ਤਾਂ ਸਾਡੇ ਦੋਸਤ ਦੇ ਸਾਰੇ ਪਰਿਵਾਰ ਨੂੰ ਚਾਅ ਚੜ੍ਹ ਗਿਆ। ਸਤਿ ਸ੍ਰੀ ਅਕਾਲ ਦੀ ਰਸਮ ਤੋਂ ਬਾਅਦ ਅਸੀਂ ਲਿਵਿੰਗ ਰੂਮ (ਡਰਾਇੰਗ ਰੂਮ) ਵਿਚ ਬੈਠ ਗਏ। ਸਾਡੇ ਬੱਚੇ ਟੀ. ਵੀ. 'ਤੇ ਵੀਡੀਓ ਗੇਮਾਂ 'ਚ ਮਸ਼ਰੂਫ਼ ਹੋ ਗਏ ਅਤੇ ਸਾਡੀਆਂ ਪਤਨੀਆਂ ਨਾਲੇ ਗੱਲਾਂ ਕਰੀ ਗਈਆਂ ਅਤੇ ਨਾਲ ਦੀ ਨਾਲ ਸਾਡੇ ਲਈ ਕੁਝ ਨਾ ਕੁਝ ਕਿਚਨ ਵਿਚੋਂ ਬਣਾ ਕੇ ਭੇਜਦੀਆਂ ਰਹੀਆਂ। ਮੈਂ ਕੀ ਦੇਖਿਆ ਅਤੇ ਸੁਣਿਆ, ਮੇਰੇ ਦੋਸਤ ਦੀ ਪਤਨੀ ਯਾਨੀ ਸਾਡੀ

ਭਾਬੀ ਜੀ ਨੇ ਮੇਰੇ ਦੋਸਤ ਨੂੰ ਉਸ ਦਾ ਨਾਂਅ ਲੈ ਕੇ ਆਵਾਜ਼ ਮਾਰੀ। ਪਹਿਲੀ ਵਾਰ ਤਾਂ ਮੈਂ ਐਵੇਂ ਅਣਗੌਲੀ ਜਿਹੀ ਗੱਲ ਸਮਝ ਕੇ ਇਸ ਵੱਲ ਏਨਾ ਧਿਆਨ ਨਾ ਦਿੱਤਾ, ਸ਼ਾਇਦ ਕੋਈ ਹੋਰ ਨਾਂਅ ਲਿਆ ਹੋਵੇ। ਮੈਨੂੰ ਭੁਲੇਖਾ ਪੈਂਦਾ ਹੋਵੇ। ਮੈਂ ਇਹੀ ਸੋਚ ਕੇ ਚੁੱਪ ਰਿਹਾ ਅਤੇ ਦੂਸਰੀ ਵਾਰ ਇਹ ਸ਼ਬਦ ਸੁਣਨ ਲਈ ਮੈਂ ਆਪਣੇ ਕੰਨ ਇਸ ਤਰ੍ਹਾਂ ਤਿਆਰ ਕਰ ਲਏ ਜਿਵੇਂ ਹੜ੍ਹ ਪੀੜਤ ਮੰਤਰੀ ਵੱਲੋਂ ਮੁਆਵਜ਼ੇ ਦੀ ਰਕਮ ਜਾਨਣ ਲਈ ਉਤਾਵਲੇ ਹੁੰਦੇ ਹਨ।

ਜਦ ਦੂਸਰੀ ਵਾਰ ਆਵਾਜ਼ ਮਾਰੀ ਤਾਂ ਮੇਰਾ ਸ਼ੱਕ ਯਕੀਨ ਵਿਚ ਬਦਲ ਗਿਆ। ਫਿਰ ਇਕ ਤੇ ਫਿਰ ਕਈ ਵਾਰੀ ਮੈਂ ਉਸ ਰਾਤ ਇਹ ਇੱਜ਼ਤ-ਰਹਿਤ ਵਿਖਿਆਨ ਸੁਣਦਾ ਰਿਹਾ। ਅਸੀਂ ਫ਼ਿਲਮੀ ਦੁਨੀਆ ਨੂੰ ਅਡਵਾਂਸ ਲੋਕ ਮੰਨਦੇ ਹਾਂ, ਪਰ ਜਦੋਂ ਅਸੀਂ ਫ਼ਿਲਮਾਂ ਵਿਚ ਵੀ ਦੇਖੀਏ ਤਾਂ ਪਤਨੀ ਆਪਣੇ ਪਤਨੀ ਦਾ ਨਾਂਅ ਨਹੀਂ ਲੈਂਦੀ। ਕਈ ਵਾਰੀ ਤਾਂ ਇਹੋ ਜਿਹੇ ਸੀਨ ਵੀ ਹੁੰਦੇ ਹਨ ਬਈ ਹੀਰੋਇਨ ਤੋਂ ਕੋਈ ਪੁਲਿਸ ਅਫ਼ਸਰ ਪੁੱਛਦਾ ਕਿ ਤੇਰੇ ਪਤੀ ਦਾ ਨਾਂਅ ਕੀ ਹੈ ਤਾਂ ਉਹ ਸ਼ਰਮਾ ਕੇ ਕਹਿੰਦੀ ਹੈ, ਜੀ ਮੈਂ ਉਨ੍ਹਾਂ ਦਾ ਨਾਂਅ ਨਹੀਂ ਲੈ ਸਕਦੀ। ਇਹ ਨਾਂਅ ਲੈਣ ਵਿਚ ਪਤਨੀ ਦਾ ਕੋਈ ਕਸੂਰ ਨਹੀਂ, ਇਸ ਦਾ ਕਸੂਰਵਾਰ ਮੈਂ ਆਪਣੇ ਦੋਸਤ ਨੂੰ ਮੰਨਦਾ ਹਾਂ ਕਿਉਂਕਿ ਉਹਨੂੰ ਇਸ ਤਰ੍ਹਾਂ ਚੰਗਾ ਲੱਗਦਾ ਹੈ। ਇਸੇ ਲਈ ਉਹਨੇ ਵਿਰੋਧ ਨਹੀਂ ਕੀਤਾ। ਇਹ ਗੱਲ ਮੈਂ ਇਸ ਲਈ ਨਹੀਂ ਲਿਖ ਰਿਹਾ ਕਿ ਉਹ ਇਸ ਤਰ੍ਹਾਂ ਕਿਉਂ ਸੰਬੋਧਨ ਹੁੰਦੇ ਹਨ। ਮੈਨੂੰ ਇਸ ਦਾ ਇਸ ਲਈ ਦੁੱਖ ਮਹਿਸੂਸ ਹੋਇਆ ਕਿ ਪਹਿਲਾਂ ਤਾਂ ਮੈਂ ਭਾਬੀ ਜੀ ਦੇ ਮੂੰਹੋਂ ਇਸ ਤਰ੍ਹਾਂ ਕਦੇ ਨਹੀਂ ਸੁਣਿਆ। ਮੈਂ ਯਕੀਨ ਕਰਿਓ ਸਾਰੀ ਰਾਤ ਆਪਣੇ ਖਿਆਲਾਂ ਵਿਚ ਕਚਿਹਰੀ ਲਾ ਕੇ ਇਸ ਦਾ ਫੈਸਲਾ ਕਰਦਾ ਰਿਹਾ, ਪਰ ਆਖਰ ਵਿਚ ਇੱਕੋ ਇਕ ਫੈਸਲੇ 'ਤੇ ਪੁੱਜਾ ਕਿ ਇਹ ਗ਼ਲਤ ਹੈ।

ਘਰ ਵਿਚ ਬੱਚੇ ਵੀ ਸੁਣਦੇ ਆ, ਆਏ ਗਏ ਰਿਸ਼ਤੇਦਾਰ ਵੀ ਸਾਡਾ ਆਲਾ-ਦੁਆਲਾ ਵੀ। ਕਹਿੰਦੇ ਹਨ ਇਕ ਬੂੰਦ ਸਾਗਰ 'ਚ ਮਿਲ ਜਾਵੇ ਤਾਂ ਉਹ ਵੀ ਸਾਗਰ ਬਣ ਜਾਂਦੀ ਹੈ। ਪਰ ਇਹ ਇਕ ਐਸੀ ਬੂੰਦ ਹੈ, ਜਿਸ ਨੂੰ ਅਸੀਂ ਆਪਣੇ ਪਵਿੱਤਰ ਸੱਭਿਆਚਾਰ ਦੇ ਸਾਗਰ ਵਿਚ ਮਿਲਾ ਨਹੀਂ ਸਕਦੇ।

ਫਿਰ ਮੈਂ ਆਪਣੇ ਆਪ ਆਪਣੀਆਂ ਸੋਚਾਂ ਵਿਚ ਕੁਝ ਇਸ ਤਰ੍ਹਾਂ ਸੋਚ ਕੇ ਦੇਖਿਆ ਕਿ ਅਗਰ ਮੇਰੀ ਪਤਨੀ ਮੇਰਾ ਨਾਂਅ ਲਵੇ ਅਤੇ ਮੈਂ ਆਪਣੀ ਸੱਸ ਦਾ ਆਪਣੀ ਪਤਨੀ ਸਾਹਮਣੇ ਨਾਂਅ ਲੈ ਕੇ ਬੁਲਾਵਾਂ ਤਾਂ ਉਹ ਝੱਟ ਕਹੇਗੀ, ਇਹ ਕੀ ਮੇਰੀ ਮਾਂ ਨੂੰ ਬੀਬੀ ਜੀ ਨਹੀਂ ਕਹਿ ਸਕਦੇ ਤਾਂ ਮੈਂ ਆਪ ਹੀ ਆਪਣੇ ਅਤੀਤ ਨੂੰ ਜਵਾਬ ਦਿੰਦਾ ਹਾਂ, ਭਲੀਏ ਮਾਣਸੇ ਗੁੱਸਾ ਨਾ ਕਰ ਇਹ ਮਾਡਰਨ ਯੁੱਗ ਹੈ। ਇਥੇ ਕੋਈ ਵੀ ਕਿਸੇ ਦਾ ਨਾਂਅ ਲੈ ਸਕਦਾ ਹੈ। ਮੇਰੇ ਬੱਚੇ ਵੀ ਮੈਨੂੰ ਸਾਰੇ ਰਸਤੇ ਇਹੀ ਪੁੱਛਦੇ ਆਏ ਡੈਡੀ ਜੀ ਮੰਮੀ ਤੁਹਾਡਾ ਨਾਂਅ ਕਿਉਂ ਨਹੀਂ ਲੈਂਦੇ, ਤਾਂ ਮੈਂ ਕਿਹਾ ਪੁੱਤ

ਅਸੀਂ ਮਾਡਰਨ ਨਹੀਂ ਹਾਂ। ਅਸੀਂ ਆਪਣਾ ਵਿਰਸਾ ਸੰਭਾਲਣ ਦੀ ਕੋਸ਼ਿਸ਼ ਵਿਚ ਹਾਂ ਤਾਂ ਫਿਰ ਸਵਾਲ ਕਰਦੇ ਹਨ, ਕਿ ਫਿਰ ਆਂਟੀ ਜੀ ਕਿਉਂ ਅੰਕਲ ਦਾ ਨਾਂਅ ਲੈਂਦੇ ਸਨ। ਮੈਂ ਕਿਹਾ ਪੁੱਤ ਉਹ ਮਾਡਰਨ ਲੋਕ ਹਨ। ਮਾਡਰਨ ਦੁਨੀਆ ਦੇ ਵਸਨੀਕ! ਔਹ..... ਇਸ ਦਾ ਮਤਲਬ ਮਾਡਰਨ ਲੋਕ ਆਪਣੇ ਤੋਂ ਵੱਡੇ ਦਾ ਨਾਂਅ ਲੈ ਕੇ ਬੁਲਾਉਂਦੇ ਆ। ਮੈਂ ਕਿਹਾ ਨਹੀਂ ਇਸ ਤਰ੍ਹਾਂ ਦਾ ਕੁਝ ਨਹੀਂ, ਤੁਸੀਂ ਕੋਈ ਹੋਰ ਗੱਲ ਕਰੋ ਕਿਉਂਕਿ ਮੈਂ ਉਨ੍ਹਾਂ ਮੋਹਰੇ ਲਾ-ਜਵਾਬ ਸੀ।

○○

15

ਵਿਦੇਸ਼ੀ ਘਰ ਵਾਲੇ ਨੇ ਆਪਣੀ ਘਰ ਵਾਲੀ ਤੋਂ ਵਿਆਹ ਦਾ ਖਰਚਾ ਲਿਆ

ਅਸੀਂ ਅੱਜ ਤੱਕ ਇਹੀ ਸੁਣਦੇ ਆਏ ਆਂ ਕਿ ਜਦੋਂ ਤੀਵੀਂ ਆਦਮੀ ਮਤਲਬ ਘਰਵਾਲਾ ਅਤੇ ਘਰਵਾਲੀ ਕਿਸੇ ਕਾਰਨ ਵੱਖਰੇ-ਵੱਖਰੇ ਰਹਿਣ ਲੱਗ ਪੈਣ ਤਾਂ ਸਮਝੋ ਤਲਾਕ ਦੀ ਨੌਬਤ ਆ ਗਈ। ਕਈ ਵਾਰ ਛੋਟੇ-ਮੋਟੇ ਝਗੜਿਆਂ ਨੂੰ ਸੁਲਝਾ ਵੀ ਲਿਆ ਜਾਂਦਾ ਹੈ ਤੇ ਕਈ ਵਾਰ ਮੈਂ ਆਪਣੀ ਜ਼ਿੰਦਗੀ ਵਿਚ ਦੇਖਿਆ ਕਿ ਵੱਡੇ-ਵੱਡੇ ਝਗੜੇ ਹੋਣ ਤੋਂ ਬਾਅਦ ਵੀ ਉਹੀ ਪਤੀ-ਪਤਨੀ ਪਹਿਲਾਂ ਦੀ ਤਰ੍ਹਾਂ ਮੁੜ ਵਸੇਬਾ ਕਰ ਲੈਂਦੇ ਹਨ। ਪਰ ਅੱਜ ਜਿਹੜੀ ਘਟਨਾ ਮੈਂ ਤੁਹਾਨੂੰ 'ਕੌੜੀਆਂ ਪਰ ਸੱਚੀਆਂ' ਵਿਚ ਦੱਸਣ ਜਾ ਰਿਹਾ ਹਾਂ, ਇਹ ਬਿਲਕੁਲ ਅਲੱਗ ਕਿਸਮ ਦੀ ਹੈ। ਸਾਡਾ ਦੋਸਤ ਜੋ ਕੈਨੇਡਾ ਵਿਚ ਰਹਿੰਦਾ ਹੈ। ਕਾਫੀ ਲੰਮੇ ਅਰਸੇ ਤੋਂ ਕੈਨੇਡਾ ਵਿਚ ਪੱਕੇ ਤੌਰ 'ਤੇ ਰਹਿ ਰਿਹਾ ਹੈ। ਆਪਣਾ ਘਰ, ਆਪਣਾ ਬਿਜ਼ਨੈੱਸ ਚੰਗਾ ਪਰਿਵਾਰ ਹਰ ਪਾਸੇ

ਚੜ੍ਹਦੀ ਕਲਾ ਸੀ ਅਤੇ ਹੁਣ ਵੀ ਹੈ। ਸਾਡਾ ਦੋਸਤ ਪੜ੍ਹਿਆ ਲਿਖਿਆ ਹੋਣ ਤੋਂ ਇਲਾਵਾ ਇਕ ਚੰਗਾ ਇਨਸਾਨ ਵੀ ਹੈ। ਜਦ ਉਹਨੇ ਵਿਆਹ ਕਰਵਾਉਣ ਦਾ ਫੈਸਲਾ ਕੀਤਾ ਤਾਂ ਕਈਆਂ ਨੇ ਚੰਗੇ-ਚੰਗੇ ਰਿਸ਼ਤਿਆਂ ਦੀ ਦੱਸ ਪਾਈ। ਪਰ ਸਾਡਾ ਮਿੱਤਰ ਚਾਹੁੰਦਾ ਸੀ ਕਿ ਇੰਡੀਆ ਤੋਂ ਕੋਈ ਘਰੇਲੂ ਕੁੜੀ ਨਾਲ ਵਿਆਹ ਕਰਵਾਇਆ ਜਾਵੇ। ਉਹਦੀ ਸੋਚ ਸੀ ਕਿ ਇਕ ਤਾਂ ਮੈਂ ਆਪਣੀ ਮਨਪਸੰਦ ਦੀ ਵਧੀਆ ਘਰੇਲੂ ਕੁੜੀ ਵਿਆਹ ਕੇ ਲਿਆਵਾਂਗਾ ਅਤੇ ਦੂਸਰਾ ਇੰਡੀਆ ਤੋਂ ਇਕ ਹੋਰ ਪਰਿਵਾਰ ਕੈਨੇਡਾ ਵਿਚ ਸੈਟਲ ਹੋ ਜਾਵੇਗਾ। ਇਹੀ ਸੋਚ ਕੇ ਉਹ ਇੰਡੀਆ ਆ ਗਿਆ। ਕੁਝ ਦਿਨਾਂ ਵਿਚ ਹੀ ਉਸ ਨੂੰ ਉਹਦੇ ਖਿਆਲਾਂ ਮੁਤਾਬਿਕ ਕੁੜੀ ਮਿਲ ਗਈ ਅਤੇ ਵਿਆਹ ਹੋ ਗਿਆ। ਸਾਡਾ ਦੋਸਤ ਵਿਆਹ ਕਰਵਾ ਕੇ ਵਾਪਿਸ ਦੋ ਮਹੀਨੇ ਬਾਅਦ ਕੈਨੇਡਾ ਆ ਗਿਆ ਅਤੇ ਆਉਂਦੇ ਸਾਰ ਉਹਦੇ ਪੇਪਰ ਫਾਈਲ ਕਰ ਦਿੱਤੇ। ਉਹਦੀ ਸੱਜ ਵਿਆਹੀ ਪਤਨੀ ਨੂੰ ਵੀ ਛੇਤੀ ਵੀਜ਼ਾ ਮਿਲ ਗਿਆ ਅਤੇ ਉਹ ਵੀ ਕੈਨੇਡਾ ਪਹੁੰਚ ਗਈ।

ਕੈਨੇਡਾ ਆ ਕੇ ਪਤਾ ਨਹੀਂ ਉਸ ਸਮਝਦਾਰ ਪਤਨੀ ਦੇ ਮਨ ਵਿਚ ਕੀ ਆਈ, ਉਹ ਮਹੀਨੇ ਕੁ ਬਾਅਦ ਹੀ ਜ਼ਿੱਦ ਕਰਨ ਲੱਗੀ ਕਿ ਮੈਂ ਇਸ ਘਰ ਵਿਚ ਨਹੀਂ ਰਹਿਣਾ। ਕਦੇ ਸੱਸ ਨਾਲ ਲੜਨਾ ਕਦੇ ਨਨਾਣ ਨਾਲ ਲੜਨਾ, ਅਤੇ ਕਦੇ ਆਪਣੇ ਘਰ ਵਾਲੇ ਨਾਲ। ਸਾਡਾ ਦੋਸਤ ਬਹੁਤ ਦੁਖੀ ਰਹਿਣ ਲੱਗਾ ਅਤੇ ਇਸ ਪ੍ਰੇਸ਼ਾਨੀ ਦਾ ਹੱਲ ਲੱਭਣ ਲੱਗਾ। ਫਿਰ ਉਹਨੇ ਸੋਚਿਆ ਕਿ ਆਪਾਂ ਵੱਖਰੇ ਰਹਿ ਲੈਂਦੇ ਹਾਂ। ਖੈਰ ਜੀ ਅਜੇ ਉਹ ਵੱਖਰੇ ਰਹਿਣ ਲਈ ਘਰ ਦੀ ਤਲਾਸ਼ ਹੀ ਕਰ ਰਿਹਾ ਸੀ ਕਿ ਨਵ-ਵਿਆਹੀ ਘਰੋਂ ਫਰਾਰ ਹੋ ਗਈ। ਬਿਨਾਂ ਦੱਸਿਆਂ ਉਹ ਪਤਾ ਨਹੀਂ ਕਿੱਥੇ ਚਲੀ ਗਈ। ਬੜੀ ਭਾਲ ਕੀਤੀ। ਆਖਰ ਪੰਦਰਾਂ ਕੁ ਦਿਨਾਂ ਬਾਅਦ ਉਹਦਾ ਫੋਨ ਆ ਗਿਆ ਕਿ ਮੈਂ ਤੇਰੇ ਨਾਲ ਨਹੀਂ ਰਹਿਣਾ ਮੈਨੂੰ ਤਲਾਕ ਚਾਹੀਦਾ ਹੈ। ਮੇਰੇ ਦੋਸਤ ਦੇ ਦੱਸਣ ਅਨੁਸਾਰ ਅਜੇ ਉਹ ਪੂਰੀ ਤਰ੍ਹਾਂ ਕੈਨੇਡਾ ਵਿਚ ਪੱਕੀ ਵੀ ਨਹੀਂ ਹੋਈ ਸੀ। ਸਾਡੇ ਦੋਸਤ ਨੇ ਆਪਣੀ ਪਤਨੀ ਤੋਂ ਪਤਾ ਪੁੱਛ ਕੇ ਦੋ ਚਾਰ ਸਿਆਣੇ ਬੰਦੇ ਲਿਜਾ ਕੇ ਉਸ ਨੂੰ ਘਰੋਂ ਭੱਜਣ ਦਾ ਕਾਰਨ ਪੁੱਛਿਆ ਤਾਂ ਉਹਨੇ ਕੋਈ ਜਵਾਬ ਨਾ ਦਿੱਤਾ, ਕਿ ਬੱਸ ਮੈਂ ਇਸ ਬੰਦੇ ਨਾਲ ਨਹੀਂ ਰਹਿਣਾ। ਉਹ ਆਪਣੇ ਇਕ ਦੂਰ ਦੇ ਰਿਸ਼ਤੇਦਾਰ ਦੇ ਘਰ ਚਲੀ ਗਈ। ਜੋ ਬਾਲ ਬੱਚੇਦਾਰ ਸੀ, ਉਸ ਨੇ ਵੀ ਬਹੁਤ ਸਮਝਾਇਆ। ਗੱਲ ਇੰਡੀਆ ਤੱਕ ਉਸ ਦੇ ਮਾਪਿਆਂ ਕੋਲ ਪਹੁੰਚ ਗਈ। ਉਹਨਾਂ ਵੀ ਕੁੜੀ ਦੀ ਹੀ ਤਰਫ਼ਦਾਰੀ ਕੀਤੀ-ਇਧਰੋਂ ਸਾਡਾ ਦੋਸਤ ਵੀ ਕਹਿੰਦਾ ਕਿ ਇਹ ਮੇਰੇ ਘਰ ਵਾਪਸ ਨਹੀਂ ਆ ਸਕਦੀ, ਇਹਨੇ ਮੇਰਾ ਸਾਰਾ ਕੀਤਾ ਕਰਾਇਆ ਖੂਹ ਵਿਚ ਪਾ ਦਿੱਤਾ ਹੈ।

ਗੱਲ ਮੁੱਕਦੀ-ਮੁੱਕਦੀ ਇਸ ਨਤੀਜੇ 'ਤੇ ਪਹੁੰਚੀ ਕਿ ਸਾਡੇ ਦੋਸਤ ਨੂੰ ਉਹਦੀ ਪਤਨੀ ਵਿਆਹ 'ਤੇ ਹੋਇਆ ਖਰਚ ਅਤੇ ਕੈਨੇਡਾ ਤੱਕ ਲਿਆਉਣ ਦਾ ਖਰਚ

ਦੇਵੇ। ਇਹ ਕੇਸ ਸਿਰਫ ਕੁਝ ਸਿਆਣੇ ਬੰਦਿਆਂ ਦੀ ਸਲਾਹ ਨਾਲ ਹੀ ਹੱਲ ਕੀਤਾ ਅਤੇ ਇਹ ਕਿਸੇ ਵੀ ਕਾਨੂੰਨੀ ਕਾਰਵਾਈ ਤੋਂ ਬਿਨਾਂ ਨਿਬੇੜਨਾ ਚਾਹਿਆ। ਕੋਈ ਦੋ ਤਿੰਨ ਮਹੀਨਿਆਂ ਦੀ ਜਦੋ-ਜਹਿਦ ਤੋਂ ਬਾਅਦ ਸਾਡੇ ਦੋਸਤ ਨੂੰ ਵਿਆਹ 'ਤੇ ਹੋਇਆ ਅਤੇ ਹੋਰ ਪੂਰਾ ਖਰਚਾ ਤਾਂ ਨਹੀਂ ਮਿਲਿਆ ਪਰ ਫੇਰ ਵੀ ਉਸ ਦੀ ਪਤਨੀ ਨੇ ਆਪਣੇ ਰਿਸ਼ਤੇਦਾਰਾਂ ਕੋਲੋਂ ਉਸ ਨੂੰ ਪੈਸੇ ਦੁਆ ਦਿੱਤੇ। ਇਸ ਕਿੱਸੇ ਦੀ ਅੱਜ ਤੱਕ ਨਾ ਤਾਂ ਸਾਡੇ ਦੋਸਤ ਨੂੰ ਸਮਝ ਆਈ ਅਤੇ ਨਾ ਕਿਸੇ ਆਲੇ-ਦੁਆਲੇ ਦੇਖਣ ਸੁਣਨ ਵਾਲਿਆਂ ਨੂੰ। ਪਰ ਸਾਡੇ ਦੋਸਤ ਨੇ ਫਿਰ ਇੰਡੀਆ ਜਾ ਕੇ ਵਿਆਹ ਕਰਵਾ ਲਿਆ ਅਤੇ ਅੱਜ ਉਸ ਦੇ ਘਰ ਦੋ ਮੁੰਡੇ ਹਨ ਅਤੇ ਉਸ ਦੀ ਪਤਨੀ ਜੋ ਭੱਜ ਗਈ ਸੀ, ਉਸ ਨੇ ਵੀ ਦੁਬਾਰਾ ਵਿਆਹ ਕਰਵਾ ਲਿਆ ਉਸ ਕੋਲ ਵੀ ਇਕ ਬੱਚਾ ਹੈ। ਆਖਰ ਸੱਚ ਇਸ ਗੱਲ 'ਤੇ ਅਟਕ ਜਾਂਦਾ ਹੈ ਕਿ ਬਾਹਰ ਦੀ ਚਮਕ-ਦਮਕ ਨੇ ਸਦੀਵੀ ਰਿਸ਼ਤਿਆਂ ਨੂੰ ਵੀ ਖ਼ਤਮ ਕਰ ਦਿੱਤਾ ਹੈ।

○○

16

ਅਸੀਂ ਧੁਰੋਂ ਲਿਖਾ ਕੇ ਲਿਆਏ

ਅਜੋਕੇ ਸਮੇਂ ਵਿਚ ਮਨੁੱਖ ਨੇ ਭਾਵੇਂ ਬਹੁਤ ਤਰੱਕੀ ਕੀਤੀ ਹੈ। ਸਾਇੰਸ ਰਾਹੀਂ ਅਤੇ ਹੋਰ ਬਹੁਤ ਸਾਰੇ ਵਿਗਿਆਨਕ ਤੇ ਦੂਸਰੇ ਵਸੀਲਿਆਂ ਰਾਹੀਂ ਪਰ ਪਿਆਰ ਦੀ ਪਰਿਭਾਸ਼ਾ ਨੂੰ ਨਹੀਂ ਕੋਈ ਬਦਲ ਸਕਿਆ। ਬੇਸ਼ੱਕ ਅੱਜ ਦੇ ਮਨੁੱਖ ਨੇ ਆਪਣੇ ਪਿਆਰਿਆਂ ਨੂੰ ਮਿਲਣ ਦੇ ਅਸਾਨ ਤਰੀਕੇ ਬਣਾ ਲਏ ਹਨ ਪਰ ਫਿਰ ਵੀ ਪਿਆਰ ’ਚ ਮਿਲਾਵਟ ਨਹੀਂ ਆਈ। ਸਿਆਣੇ ਕਹਿੰਦੇ ਹਨ ਕਿ ਜਦੋਂ ਦੋ ਦਿਲ ਮਿਲ ਜਾਣ ਤਾਂ ਸਮਝੋ ਪਿਆਰ ਕਹਾਣੀ ਸ਼ੁਰੂ ਹੋ ਜਾਂਦੀ ਹੈ। ਪਰ ਜਿਹੜੀ ਅੱਜ ਮੈਂ ‘ਸੰਗੀਤ ਦਰਪਣ’ ਦੇ ਪਾਠਕਾਂ ਲਈ ਨਵੀਂ ਅਤੇ ਤਾਜ਼ੀ ਗੱਲ ਦੱਸਣ ਲੱਗਿਆ ਹਾਂ, ਉਹ ਹੋਰ ਵੀ ਦਿਲਚਸਪ ਫ਼ਲਸਫ਼ਾ ਹੈ। ਅਮਰੀਕਾ ਦੇ ਸ਼ਹਿਰ ਅਤੇ ਦੁਨੀਆ ਦੀ ਰਾਜਧਾਨੀ ਦੇ ਨਾਂਅ ਨਾਲ ਜਾਣੇ ਜਾਂਦੇ ਨਿਊਯਾਰਕ ਦਾ ਰਹਿਣ ਵਾਲਾ ਅਤੇ ‘ਨਿਊਯਾਰਕ

ਬੁਆਏਜ਼ ਬਲਜੀਤ’ ਦੇ ਨਾਂਅ ਨਾਲ ਜਾਣਿਆ ਜਾਣ ਵਾਲਾ ਪੰਜਾਬੀ ਗਾਇਕ ਜੋ ਅੱਜਕਲ੍ਹ ਨਿਊਯਾਰਕ ਦੇ ਨਾਲ ਲੱਗਦੀ ਸਟੇਟ ਨਿਊਜਰਸੀ ਵਿਚ ਪੱਕੇ ਤੌਰ ’ਤੇ ਰਹਿ ਰਿਹਾ ਹੈ, ਨੇ ਆਪਣਾ ਪ੍ਰਦੇਸੀ ਸਫ਼ਰ 1990 ਵਿਚ ਸ਼ੁਰੂ ਕੀਤਾ ਸੀ। ਕਾਲਜ ਦਾ ਪੜ੍ਹਿਆ ਲਿਖਿਆ ਨੌਜਵਾਨ ਅੱਜ ਦੇ ਚਰਚਿਤ ਤੇ ਉੱਘੇ ਗਾਇਕਾਂ ਸੁਰਜੀਤ ਬਿੰਦਰਖੀਆ, ਬੱਬੂ ਮਾਨ ਅਤੇ ਜਗਤਾਰ ਜੱਗਾ ਦਾ ਸਮਕਾਲੀ ਰਿਹਾ ਹੈ। ਇਕੱਠੇ ਗਾਉਣਾ ਅਤੇ ਭੰਗੜੇ ’ਚ ਕਾਲਜਾਂ ’ਚੋਂ ਪਹਿਲਾ ਸਥਾਨ ਪ੍ਰਾਪਤ ਕਰਨਾ ਇਸ ਨੌਜਵਾਨ ਦੇ ਮੁੱਢਲੇ ਸ਼ੌਕ ਰਹੇ ਹਨ।

ਬਾਹਰ ਆਉਣ ਦਾ ਤਾਂ ਵਿਚਾਰੇ ਨੇ ਕਦੇ ਏਨਾ ਮਨ ਵੀ ਨਹੀਂ ਸੀ ਬਣਾਇਆ ਕਿ ਬਾਹਰ ਜਾਵਾਂਗਾ। ਪਰ ਇਸ ਦੇ ਅਮਰੀਕਾ ਰਹਿੰਦੇ ਵੱਡੇ ਭਰਾ ਨੇ ਇਸ ਨੂੰ ਛੇਤੀ ਹੀ ਅਮਰੀਕਾ ਬੁਲਾ ਲਿਆ। ਅਮਰੀਕਾ ਆਉਣ ਤੋਂ ਪਹਿਲਾਂ ਇਸ ਦੇ ਹੀ ਕਾਲਜ ਪੜ੍ਹਦੀ ਇਕ ਸੋਹਣੀ ਸੁਨੱਖੀ ਨੌਜਵਾਨ ਕੁੜੀ ਜੋ ਇਸ ਦੇ ਦਿਲ ਵਿਚ ਘਰ ਕਰ ਗਈ, ਇਹ ਆਨੀਂ-ਬਹਾਨੀਂ ਉਸ ਬਾਰੇ ਸੁਨਿਹਰੀ ਸੁਪਨੇ ਦੇਖਣ ਲੱਗ ਪਿਆ। ਉਧਰ ਕੁੜੀ ਨੂੰ ਇਸ ਗੱਲ ਦੀ ਭਿਨਕ ਵੀ ਨਾ ਪਈ ਕਿ ਉਸ ਦੇ ਸੁਪਨਿਆਂ ਦਾ ਰਾਜ ਕੁਮਾਰ ਉਸ ਦੇ ਹੀ ਕਾਲਜ ਪੜ੍ਹਦਾ ਹੈ। ਖੈਰ ਬਲਜੀਤ ਨੇ ਘਰਦਿਆਂ ਨੂੰ ਕਹਿ ਕੇ ਮੱਲੋਮੱਲੀ ਉਨ੍ਹਾਂ ਦੇ ਘਰ ਰਿਸ਼ਤਾ ਕਰਨ ਲਈ ਮਜਬੂਰ ਕਰ ਲਿਆ। ਅੱਗੋਂ ਕੁੜੀ ਵਾਲਿਆਂ ਵੀ ਕੋਈ ਨਾਂਹ ਨੁੱਕਰ ਨਾ ਕੀਤੀ। ਜਲਦੀ ਸ਼ਗਨਾਂ ਦੀ ਰਸਮ ਬੜੇ ਸਾਦੇ ਜਿਹੇ ਢੰਗ ਨਾਲ ਕਰ ਲਈ ਗਈ। ਮੰਗਣੀ ਤੋਂ ਬਾਅਦ ਬਲਜੀਤ ਸਿੰਘ ਹੁਰੀਂ ਬਾਹਰ ਆ ਗਏ। ਬਸ ਫਿਰ ਕੀ ਸੀ, ਸਮਝੋ ਉਸ ਦਿਨ ਤੋਂ ਹੀ ਸ਼ੁਰੂ ਹੋ ਗਈ ਦੋ ਦਿਲਾਂ ਵਿਚ ਜੁਦਾਈ। ਅਣਮਿੱਥੇ ਸਮੇਂ ਦੀ ਜੁਦਾਈ। ਬਲਜੀਤ ਮੁਤਾਬਿਕ ਕਿ ਉਹ ਜਦ ਵੀ ਬੀਤੇ ਪਲਾਂ ’ਤੇ ਫ਼ਿਲਮੀ ਝਾਤ ਮਾਰਦਾ ਹੈ ਤਾਂ ਝੁਣਝੁਣੀ ਜਿਹੀ ਆ ਜਾਂਦੀ ਹੈ।

ਬਲਜੀਤ ਦਾ ਅਮਰੀਕਾ ’ਚ ਛੇਤੀ ਪੱਕਾ ਹੋਣ ਦਾ ਕੰਮ ਨਾ ਬਣਿਆ। ਧੀ ਵਾਲਿਆਂ ਦੀ ਧੀ ਵਿਆਹੁਣ ਵਾਲੀ ਘਰ ਬੈਠੀ ਸੀ ਅਤੇ ਇਧਰੋਂ ਬਲਜੀਤ ਇੰਡੀਆ ਨਹੀਂ ਜਾ ਸਕਦਾ ਸੀ। ਬਾਕੀ ਏਜੰਟਾਂ ਰਾਹੀਂ ਪਤਾ ਨਹੀਂ ਕਿੰਨੇ ਪੈਸੇ ਖਰਾਬ ਕੀਤੇ ਕੋਈ ਲੜ ਸਿਰਾ ਨਾ ਫੜਾਵੇ। ਹਾਲਾਂ ਕਿ ਇੰਨੇ ਸਮੇਂ ’ਚ ਲੱਖਾਂ ਲੋਕ ਇੰਡੀਆ ਤੋਂ ਅਮਰੀਕਾ ਆਏ, ਪਰ ਇਨ੍ਹਾਂ ਦੀ ਸਿੱਧੀ ਕਿਸੇ ਪਾਸੇ ਵੀ ਨਾ ਪਵੇ। ਇਧਰ ਬਲਜੀਤ ਦੇ ਬਾਹਰ ਰਹਿੰਦੇ ਰਿਸ਼ਤੇਦਾਰ ਅਤੇ ਸੱਜਣ-ਮਿੱਤਰ ਕਹਿਣ ਬਈ ਤੂੰ ਕਿਹੜਾ ਲਾਵਾਂ ਲਈਆਂ ਹਨ। ਲੋਕ ਤਾਂ ਵਿਆਹ ਕੇ ਛੱਡ ਦਿੰਦੇ ਆ। ਅਸੀਂ ਤੈਨੂੰ ਇਧਰ ਹੀ ਯਾਣੀ ਅਮਰੀਕਾ ਦੀ ਪੱਕੀ ਕੁੜੀ ਨਾਲ ਵਿਆਹ ਕਰਾ ਦਿੰਦੇ ਹਾਂ। ਨਾਲੇ ਤੂੰ ਪੱਕਾ ਹੋ ਜਾਏਂਗਾ ਪਰ ਬਲਜੀਤ ਨੇ ਤਾਂ ਇਕੋ ਗੱਲ ਦਿਲ ਵਿਚ ਧਾਰੀ ਸੀ ਕਿ ਅਗਰ ਜ਼ਿੰਦਗੀ ਵਿਚ ਵਿਆਹ ਕਰਵਾਇਆ ਤਾਂ ਆਪਣੀ ਹੀ ਪਸੰਦ ਨਾਲ ਕਰਵਾਂਗਾ ਨਹੀਂ ਤਾਂ ਨਹੀਂ। ਸਮਾਂ ਆਪਣੀ ਚਾਲੇ ਚਲਦਾ ਗਿਆ, ਦੋਵੇਂ ਪਾਸੇ ਸਬਰ ਦੀਆਂ

ਕੰਧਾਂ ਉੱਚੀਆਂ ਹੁੰਦੀਆਂ ਗਈਆਂ। ਇਕ ਦਿਨ ਬਲਜੀਤ ਨੇ ਬੜੇ ਉਦਾਸ ਦਿਲ ਨਾਲ ਮੈਨੂੰ ਕਿਹਾ, ਭਾ ਜੀ ਅਗਰ ਮੇਰਾ ਦਸੰਬਰ 2002 ਤੱਕ ਨਾ ਕੁਝ ਬਣਿਆ ਤਾਂ ਮੈਂ ਅਮਰੀਕਾ ਛੱਡ ਕੇ ਇੰਡੀਆ ਚਲੇ ਜਾਣਾ ਹੈ।

ਅਸੀਂ ਆਪਣੇ ਪਾਠਕਾਂ ਨੂੰ ਦੱਸ ਦਈਏ ਕਿ ਇਥੇ ਅਸੀਂ ਉਹ ਵੀ ਬੰਦੇ ਦੇਖੇ ਹਨ ਜਿਹੜੇ ਆਪ ਪੱਕੇ ਹੋ ਕੇ ਬੜੇ ਚਾਵਾਂ ਨਾਲ ਇੰਡੀਆ ਤੋਂ ਆਪਣੀ ਘਰਵਾਲੀ ਲੈ ਕੇ ਆਉਂਦੇ ਹਨ ਅਤੇ ਥੋੜ੍ਹੇ ਚਿਰ ਵਿਚ ਵੱਖਰੇ-ਵੱਖਰੇ ਆਲ੍ਹਣਿਆਂ ਦੇ ਪੰਛੀ ਬਣ ਜਾਂਦੇ ਹਨ। ਮੈਂ ਸਮਝਾਇਆ ਕਿ ਦੇਖ ਬਲਜੀਤ ਅਮਰੀਕਾ ਆਉਣਾ ਅੱਜਕਲ੍ਹ ਕੋਈ ਖਾਲਾ ਜੀ ਦਾ ਵਾੜਾ ਨਹੀਂ ਇਹ ਗ਼ਲਤੀ ਨਾ ਕਰੀਂ। ਪ੍ਰਮਾਤਮਾ ਆਪਣੇ-ਆਪ ਸਭ ਕੰਮ ਠੀਕ ਕਰ ਦੇਵੇਗਾ। ਖੈਰ ਯਾਰਾਂ-ਦੋਸਤਾਂ ਦੇ ਹੌਸਲੇ ਅਤੇ ਉਸ ਦੀ ਮੰਗੇਤਰ ਦੇ ਰੱਬ ਵਰਗੇ ਹੌਸਲੇ ਸਦਕਾ ਉਹ ਦਿਲ ਲਾਈ ਰੱਖਦਾ। ਆਖਰ ਰੱਬ ਨੇ ਇਕ ਦਿਨ ਸੁਣ ਲਈ। ਉਹਦਾ ਪਿਆਰ ਬੱਦਲਾਂ ਦੀਆਂ ਤਹਿਆਂ ਨੂੰ ਚੀਰਦਾ ਹੋਇਆ ਦਸੰਬਰ 2002 ਮਹੀਨੇ ਹੀ ਉਸ ਕੋਲ ਅਮਰੀਕਾ ਪਹੁੰਚ ਗਿਆ। ਦੋ ਤਿੰਨ ਦਿਨ ਮੈਨੂੰ ਫੋਨ ਨਾ ਆਇਆ ਤਾਂ ਇਕ ਦਿਨ ਮੈਂ ਆਪ ਹੀ ਫੋਨ ਕੀਤਾ ਕਿ ਪਤਾ ਕਰਾਂ ਕੀ ਗੱਲ ਹੈ। ਫੋਨ ਕਰਨੋਂ ਵੀ ਗਿਆ। ਜਦ ਮੈਂ ਫੋਨ ਕੀਤਾ ਤਾਂ ਅੱਗੋਂ ਉਹ ਘਰ ਹੀ ਮਿਲ ਗਿਆ ਅਤੇ ਪੈਂਦੀ ਸੱਟੇ ਕਹਿੰਦਾ ਭਾ ਜੀ ਵਧਾਈਆਂ ਹੋ ਗਈਆਂ। ਮੈਂ ਇੰਨੀ ਹੀ ਗੱਲ ਸੁਣ ਕੇ ਅੰਦਾਜ਼ਾ ਲਾ ਲਿਆ ਕਿ ਏਨੀ ਖੁਸ਼ੀ 'ਚ ਤਾਂ ਇਹ ਕਦੇ ਵੀ ਨਹੀਂ ਬੋਲਿਆ, ਮੈਂ ਪੈਂਦੀ ਸੱਟੇ ਕਿਹਾ ਕਿਉਂ ਤੇਰੀ ਜਾਨ ਆ ਗਈ। ਕਹਿੰਦਾ ਹੋਰ ਭਾ ਜੀ ਮੈਂ ਕਲ੍ਹ ਫੋਨ ਕਰਨਾ ਸੀ ਪਰ ਨੱਠ-ਭੱਜ 'ਚ ਮੈਥੋਂ ਫੋਨ ਨਹੀਂ ਕਰ ਹੋਇਆ। ਸੱਚ ਜਾਣਿਓ ਮੈਨੂੰ ਐਨੀ ਖੁਸ਼ੀ ਹੋਈ ਕਿ ਮੇਰੀਆਂ ਅੱਖਾਂ 'ਚ ਖੁਸ਼ੀ ਦੇ ਹੰਝੂ ਡੱਕੇ ਵੀ ਨਾ ਰਹੇ। ਮੇਰੀ ਜ਼ੁਬਾਨ ਥੱਥਲਾ ਜਿਹੀ ਗਈ। ਮੈਂ ਆਪਣੇ ਆਪ ਨੂੰ ਸੰਭਾਲਿਆ। ਫਿਰ ਪਤਾ ਨਹੀਂ ਉਸ ਨਾਲ ਕਿੰਨੀਆਂ ਗੱਲਾਂ ਕਰਦਾ ਰਿਹਾ। ਪੂਰੇ ਬਾਰਾਂ ਸਾਲਾਂ ਬਾਅਦ ਇਸ ਸੱਚੇ ਇਨਸਾਨ ਦੀ ਰੱਬ ਨੇ ਸੁਣੀ ਹੈ ਅਤੇ ਹਫਤੇ ਦੇ ਵਿਚ-ਵਿਚ ਹੀ ਵਿਆਹ ਰੱਖ ਦਿੱਤਾ ਤੇ ਰੱਬ ਨੇ ਹੁਣ ਉਸ ਲਈ ਸਾਰੇ ਦਰਵਾਜ਼ੇ ਖੋਲ੍ਹ ਦਿੱਤੇ ਹਨ।

ਉਹ ਪੱਕਾ ਵੀ ਹੋ ਗਿਆ ਤੇ ਆਪਣੀ ਜਾਨ ਨਾਲ ਤੀਆਂ ਵਰਗੇ ਦਿਨ ਵੀ ਗੁਜ਼ਾਰ ਰਿਹਾ ਹੈ। ਸੋ ਸਬਰ ਦਾ ਫਲ ਮਿੱਠਾ ਹੁੰਦਾ ਹੈ। ਐਹੋ ਜਿਹੇ ਮੁਲਕਾਂ ਵਿਚ ਆ ਕੇ ਵੀ ਜਿਹੜੇ ਬੰਦੇ ਆਪਣਾ ਫਰਜ਼, ਆਪਣਾ ਵਿਰਸਾ ਅਤੇ ਸੱਭਿਆਚਾਰ ਨਹੀਂ ਭੁੱਲਦੇ ਉਹ ਹੀ ਅਸਲੀ ਇਨਸਾਨ ਕਹਾਉਣ ਦੇ ਹੱਕਦਾਰ ਹੁੰਦੇ ਹਨ। ਅਸੀਂ ਆਪਣੇ ਅਤੇ 'ਸੰਗੀਤ ਦਰਪਣ' ਵੱਲੋਂ ਬਲਜੀਤ ਸਿੰਘ ਅਤੇ ਮੋਹਨਜੀਤ ਕੌਰ ਨੂੰ ਵਿਆਹ ਦੀਆਂ ਮੁਬਾਰਕਾਂ ਦਿੰਦੇ ਹਾਂ ਅਤੇ ਦੁਆ ਕਰਦੇ ਹਾਂ ਕਿ ਰੱਬ ਸਭ ਨੂੰ ਖੁਸ਼ੀਆਂ ਬਖਸ਼ੇ।

○○

17

ਮੈਂ ਤਾਂ ਉੱਚੇ ਖ਼ਾਨਦਾਨ ਵਾਲੀ ਆਂ



ਸਾਡੇ ਦੇਸ਼ ਭਾਰਤ ਵਿਚ ਜਾਤ-ਪਾਤ, ਅਮੀਰ ਗਰੀਬ ਦਾ ਪਾੜਾ ਏਨਾ ਵਧਿਆ ਹੈ ਕਿ ਇਸ ਵਿਚ ਦਿਨੋ-ਦਿਨ ਹੋਰ ਵਾਧਾ ਹੋਈ ਜਾ ਰਿਹਾ ਹੈ। ਇਸੇ ਕਰਕੇ ਨੀਵੇਂ ਜਾਂ ਗਰੀਬ ਸਮਝੇ ਜਾਂਦੇ ਮਨੁੱਖਾਂ ਵਿਚ ਹੀਣ-ਭਾਵਨਾ ਦੀ ਨਾ ਮੁਰਾਦ ਬਿਮਾਰੀ ਘਰ ਕਰੀ ਜਾਂਦੀ ਹੈ। ਇਸ ਦੇ ਉਲਟ ਅਮੀਰ ਅਤੇ ਆਪਣੇ ਆਪ ਨੂੰ ਉੱਚੇ ਕਹਾਉਣ ਵਾਲੇ ਮਨੁੱਖ ਆਪਣੇ ਅੰਦਰ ਹੰਕਾਰ ਦੀ ਭਾਵਨਾ ਨੂੰ ਪੈਦਾ ਕਰਦੇ ਰਹਿੰਦੇ ਹਨ। ਇਸ ਦਾ ਦੁਖਾਂਤ ਦੋਹਾਂ ਕਿਸਮਾਂ ਦੇ ਮਨੁੱਖਾਂ ਨੂੰ ਹੰਢਾਉਣਾ ਪੈਂਦਾ ਹੈ। ਇੰਡੀਆ ਵਿਚ ਇਸ ਬਿਮਾਰੀ ਦਾ ਕਾਫੀ ਪ੍ਰਭਾਵ ਹੈ। ਪਰ ਕਈ ਵਾਰ ਵਿਦੇਸ਼ਾਂ ਵਿਚ ਵੀ ਰੂੜ੍ਹੀਵਾਦੀ ਸੋਚ ਦੇ ਮਨੁੱਖ ਇਨ੍ਹਾਂ ਘਟੀਆ ਵਿਚਾਰਾਂ ਨੂੰ ਨਹੀਂ ਛੱਡਦੇ। ਕਿਸੇ ਫਿਲਾਸਫਰ ਨੇ ਕਿਹਾ ਸੀ ਕਿ ਸਮਝਦਾਰ ਨੂੰ ਮੂਰਖਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਦੀ

ਹੀ ਬਦੌਲਤ ਸਮਝਦਾਰ ਮਨੁੱਖ ਦੀ ਪਛਾਣ ਹੋਈ ਹੈ। ਅਗਰ ਮੂਰਖ ਨਾ ਹੁੰਦੇ ਤਾਂ ਸਮਝਦਾਰਾਂ ਦਾ ਕੀ ਪਤਾ ਲੱਗਣਾ ਸੀ। ਇਸੇ ਹੀ ਸੰਦਰਭ ਵਿਚ ਹੋਰ ਅੱਗੇ ਚਲਦੇ ਹਾਂ। ਵਿਦੇਸ਼ਾਂ ਵਿਚ ਰਹਿੰਦੇ ਨੌਜਵਾਨ ਗੱਭਰੂ ਜਦੋਂ ਚੰਗੀ ਤਰ੍ਹਾਂ ਸੈਟਲ ਹੋ ਜਾਂਦੇ ਹਨ ਤਾਂ ਉਹ ਇੰਡੀਆ ਵਿਚ ਵਿਆਹ ਕਰਵਾਉਣ ਚਲੇ ਜਾਂਦੇ ਹਨ। ਜਿਥੇ ਉਨ੍ਹਾਂ ਨੂੰ ਬਾਹਰੋਂ ਆਇਆ ਹੋਣ ਕਰਕੇ ਤਕੜੇ-ਤਕੜੇ ਘਰਾਂ ਦੇ ਅਮੀਰ ਪਰਿਵਾਰਾਂ ਦੀਆਂ ਕੁੜੀਆਂ ਦੇ ਰਿਸ਼ਤੇ ਆਉਣੇ ਸ਼ੁਰੂ ਹੋ ਜਾਂਦੇ ਹਨ। ਕੋਈ ਸੌ 'ਚੋਂ ਇਕ ਅੱਧਾ ਮੁੰਡਾ ਹੀ ਹੋਵੇਗਾ, ਜੋ ਇਹ ਸੋਚੇਗਾ ਕਿ ਮੈਂ ਅਮੀਰ ਘਰ ਨਹੀਂ ਗ਼ਰੀਬ ਘਰ ਵਿਆਹ ਕਰਾਵਾਂਗਾ। ਨਹੀਂ ਤਾਂ ਬਾਹਰੋਂ ਆਏ ਮੁੰਡੇ ਦੇ ਦਿਮਾਗ਼ ਵਿਚ ਵੀ ਇਹੀ ਹੁੰਦਾ ਹੈ ਕਿ ਉਹ ਕਿਸੇ ਉਸ ਪਰਿਵਾਰ 'ਚ ਵਿਆਹ ਕਰਵਾਏ ਜੋ ਅਮੀਰ ਹੋਣ ਦੇ ਨਾਲ-ਨਾਲ ਚੰਗੀ ਜਾਣ-ਪਹਿਚਾਣ ਵਾਲਾ ਅਤੇ ਜਾਂ ਕਿਸੇ ਸਰਕਾਰੀ ਅਫਸਰ ਜਾਂ ਹੋਰ ਕੋਈ ਚੰਗੀ ਪੋਸਟ ਵਾਲਾ ਖ਼ਾਨਦਾਨ ਹੋਵੇ ਤਾਂ ਕਿ ਜਦੋਂ ਬਾਹਰ ਜਾ ਕੇ ਉਹ ਆਪਣੇ ਯਾਰਾਂ-ਦੋਸਤਾਂ ਅਤੇ ਰਿਸ਼ਤੇਦਾਰਾਂ ਵਿਚ ਬੈਠੇ ਤਾਂ ਉੱਚਾ ਹੋ-ਹੋ ਕੇ ਸਭ ਨੂੰ ਦੱਸੇ ਕਿ ਉਸ ਦੇ ਸਹੁਰੇ ਕਿੰਨੀ ਪਹੁੰਚ ਵਾਲੇ ਹਨ। ਇਸੇ ਤਰ੍ਹਾਂ ਕੁੜੀਆਂ ਵੀ ਕਈ ਇਸੇ ਤਰ੍ਹਾਂ ਹੀ ਕਰਦੀਆਂ ਹਨ ਪਰ ਕੁੜੀਆਂ ਦੀ ਇਹ ਸੋਚ ਆਪਣੀ ਬਹੁਤ ਘੱਟ ਹੁੰਦੀ ਹੈ। ਉਹਦੇ ਮਾਪਿਆਂ ਦੀ ਹੀ ਮੰਗ ਹੁੰਦੀ ਹੈ ਕਿ ਕੁੜੀ ਬਾਹਰਲੀ ਹੈ। ਹੁਣ ਮੁੰਡਾ ਚੰਗਾ ਲੱਭਾਂਗੇ, ਕਈ ਵਾਰ ਕੁੜੀਆਂ ਨੂੰ ਇਨ੍ਹਾਂ ਗੱਲਾਂ ਦਾ ਚਿੱਤ-ਚੇਤਾ ਵੀ ਨਹੀਂ ਹੁੰਦਾ ਤੇ ਮਾਪੇ ਮੁੰਡੇ ਤੋਂ ਜ਼ਿਆਦਾ ਉਹਦੇ ਘਰ ਦਾ ਉੱਚਾਪਨ ਦੇਖ ਕੇ ਆਪਣੀ ਧੀ ਦੀ ਜ਼ਿੰਦਗੀ ਖ਼ਰਾਬ ਕਰ ਦਿੰਦੇ ਹਨ। ਭਾਵ ਬਾਹਰ ਆ ਕੇ ਉਹੀ ਮੁੰਡਾ ਆਪਣੀਆਂ ਮਨ ਆਈਆਂ ਕਰਦਾ ਤੇ ਜਦੋਂ ਕੁੜੀ ਉਹਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ ਹੈ ਤਾਂ ਉਹ ਅੱਗੋਂ ਕਹਿੰਦਾ ਹੈ ਕਿ ਤੂੰ ਸਾਡਾ ਖ਼ਾਨਦਾਨ ਤਾਂ ਚੰਗੀ ਤਰ੍ਹਾਂ ਦੇਖਿਆ ਹੀ ਹੈ। ਅਸੀਂ ਬਾਹਰ ਕਰਕੇ ਨਹੀਂ ਵਿਆਹ ਕਰਵਾਇਆ। ਇਹ ਤਾਂ ਤੇਰੇ ਘਰਦਿਆਂ ਦੀ ਸੋਚ ਸੀ, ਬਈ ਸਾਡੇ ਕੁੜਮ ਵੱਡੀਆਂ ਕੋਠੀਆਂ ਵਾਲੇ ਧਨਾਢ ਹੋਣ।

ਇਸੇ ਤਰ੍ਹਾਂ ਦੇ ਇਥੇ ਸੈਂਕੜੇ ਕੇਸ ਹਨ। ਇਨ੍ਹਾਂ ਹੀ ਕੇਸਾਂ 'ਚੋਂ ਅਸੀਂ ਅੱਜ ਇਕ ਤੁਹਾਡੇ ਨਾਲ ਸਾਂਝਾ ਕਰਨ ਜਾ ਰਹੇ ਹਾਂ।

ਕੋਈ ਮੁੰਡਾ ਇੰਡੀਆ ਤੋਂ ਵੱਡੇ ਸਰਦਾਰਾਂ ਦੀ ਧੀ ਨਾਲ ਵਿਆਹ ਕਰ ਲਿਆਇਆ। ਉਨ੍ਹਾਂ ਵੀ ਸ਼ਾਇਦ ਬਾਹਰਲਾ ਯਾਣੀ ਅਮਰੀਕਾ ਦਾ ਮੁੰਡਾ ਸਮਝ ਕੇ ਫੈਸਲਾ ਛੇਤੀ ਹੀ ਕਰ ਲਿਆ ਹੋਵੇਗਾ। ਮੁੰਡਾ ਆਪ ਇਥੇ ਟੁੱਟੇ ਭੱਜੇ ਮਕਾਨਾਂ ਦੀ ਰਿਪੇਅਰ ਕਰਦਾ ਹੈ। ਜਿਸ ਨੂੰ ਆਪਾਂ ਇਹ ਕਹਿ ਲਈਏ ਕਿ ਰਾਜਗਿਰੀ ਦਾ ਕੰਮ। ਪਰ ਇੰਡੀਆ ਰਾਜ ਮਿਸਤਰੀ ਤਕਰੀਬਨ ਨਵੇਂ ਮਕਾਨ ਬਣਾਉਂਦੇ ਆ, ਪਰ ਇਥੇ ਜ਼ਿਆਦਾਤਰ ਸਾਡੇ ਪੰਜਾਬੀ ਮਕਾਨਾਂ ਦੀ ਰਿਪੇਅਰ ਦਾ ਵੀ ਕੰਮ ਕਰਦੇ ਹਨ। ਜਿਸ ਨੂੰ ਕਨਸਰੰਕਸ਼ਨ ਦਾ ਕੰਮ ਕਹਿੰਦੇ ਹਨ। ਇਸ ਕੰਮ 'ਚ ਵੀ ਆਦਮੀ ਪੈਸੇ ਸੋਹਣੇ ਬਣਾ ਲੈਂਦਾ ਹੈ। ਬੱਸ ਕੰਮ

ਪੰਜਾਬ ਦੇ ਸੜਕ 'ਤੇ ਲੱਗੇ ਭਈਆਂ ਵਾਂਗੂੰ ਕਾਫੀ ਮਿਹਨਤ ਮੰਗਦਾ ਹੈ।

ਘਰਾਂ ਦੀਆਂ ਛੱਤਾਂ ਉੱਪਰ ਲੁੱਕ ਪਾਉਣੀ, ਘਰਾਂ ਨੂੰ ਟੀਪ ਕਰਨੀ, ਸੀਮਿੰਟ ਦਾ ਕੰਮ ਯਾਣੀ ਪਲੱਸਤਰ ਵਗੈਰਾ। ਪਰ ਮਿਹਨਤ ਕਰਨ ਦਾ ਕੋਈ ਹਰਜ਼ ਨਹੀਂ, ਅਸੀਂ ਜਦੋਂ ਇੰਡੀਆ ਤੋਂ ਬਾਹਰਲੇ ਮੁਲਕਾਂ ਨੂੰ ਆਉਂਦੇ ਆਂ ਤਾਂ ਅਸੀਂ ਪੈਸੇ ਕਮਾਉਣ ਦੀ ਰੀਝ ਨੂੰ ਦਿਲ 'ਚ ਲੈ ਕੇ ਤੁਰਦੇ ਆਂ। ਪਰ ਜਿਥੇ ਇਨ੍ਹਾਂ ਪੈਸਿਆਂ ਦੀ ਬਦੌਲਤ ਅਸੀਂ ਆਪਣਾ ਚੰਗਾ ਗੁਜ਼ਾਰਾ ਕਰ ਲੈਂਦੇ ਹਾਂ, ਉਥੇ ਇਸੇ ਮਾਇਆ ਦੀ ਆੜ ਵਿਚ ਅਸੀਂ ਆਪਣੀ ਅਤੇ ਕਈ ਵਾਰ ਦੂਜਿਆਂ ਦੀ ਜ਼ਿੰਦਗੀ ਨੂੰ ਵੀ ਦੁੱਖਾਂ ਦਾ ਘਰ ਬਣਾ ਦਿੰਦੇ ਹਾਂ। ਕੁੜੀ ਅਮੀਰ ਘਰ ਦੀ ਸੀ। ਮੁੰਡਾ ਅਮਰੀਕਾ ਦਾ। ਕੁੜੀ ਅਮਰੀਕਾ ਆ ਗਈ। ਬੱਚੇ ਹੋ ਗਏ ਅਤੇ ਘਰ ਦਾ ਗੁਜ਼ਾਰਾ ਲੱਗਾ ਜਿਵੇਂ ਥੋੜ੍ਹਾ ਟਾਈਟ ਹੋ ਗਿਆ ਜਾਂ ਫੇਰ ਲੋਕ ਇਹ ਵੀ ਕਹਿ ਦਿੰਦੇ ਆ ਘਰ ਕੱਲ੍ਹਿਆਂ ਦਾ ਜੀਅ ਨਹੀਂ ਲੱਗਦਾ। ਮੈਂ ਸੋਚਿਆ ਕੋਈ ਕੰਮ ਹੀ ਕਰ ਲੈਂਦੇ ਆਂ। ਪਰ ਅਸਲ 'ਚ ਅਸੀਂ ਜਦੋਂ ਇੰਡੀਆ 'ਚ ਵੱਡੀਆਂ-ਵੱਡੀਆਂ ਗੱਲਾਂ ਕਰ ਆਉਂਦੇ ਆਂ, ਉਦੋਂ ਸਾਨੂੰ ਇਹ ਗੱਲ ਬਿਲਕੁਲ ਭੁੱਲ ਜਾਂਦੀ ਹੈ ਕਿ ਇਨ੍ਹਾਂ ਨੂੰ ਹਕੀਕਤ 'ਚ ਬਦਲਣ ਲਈ ਸਾਨੂੰ ਕੋਹਲੂ ਦੇ ਬਲਦ ਬਣਨਾ ਪੈਣਾ ਹੈ।

ਕੁੜੀ ਯਾਨਿ ਅੱਜਕਲ੍ਹ ਔਰਤ ਕਹਿ ਲਈਏ ਤਾਂ ਠੀਕ ਹੋਵੇਗਾ। ਇਕ ਅਮਰੀਕਨ ਰੈਸਟੋਰੈਂਟ ਵਿਚ ਕੰਮ ਕਰਨ ਲੱਗ ਪਈ ਜਿਥੇ ਪਹਿਲਾਂ ਹੀ ਦੋ ਹੋਰ ਇੰਡੀਅਨ ਔਰਤਾਂ ਕੰਮ ਕਰਦੀਆਂ ਸਨ। ਸ਼ਾਇਦ ਉਨ੍ਹਾਂ ਨੇ ਹੀ ਲੁਆਇਆ ਹੋਵੇਗਾ। ਇਸ ਔਰਤ ਦੀ ਡਿਊਟੀ ਕਿਚਨ ਵਿਚ ਲੱਗੀ, ਵੈਸੇ ਵੀ ਰੈਸਟੋਰੈਂਟਾਂ ਵਿਚ ਜਿਨ੍ਹਾਂ ਬੰਦਿਆਂ ਨੂੰ ਕੋਈ ਕੰਮ ਨਹੀਂ ਆਉਂਦਾ ਜਾਂ ਬੋਲੀ ਨਹੀਂ ਆਉਂਦੀ ਉਨ੍ਹਾਂ ਨੂੰ ਕਿਚਨ 'ਚ ਹੀ ਪਹਿਲਾਂ ਕੰਮ ਕਰਨਾ ਪੈਂਦਾ ਹੈ, ਜਿਵੇਂ ਕਿਚਨ 'ਚ ਕੁੱਕ ਲਈ ਟਮਾਟਰ ਕੱਟ ਦਿੱਤੇ, ਪਿਆਜ਼ ਚੀਰ ਦਿੱਤੇ, ਸਲਾਦ ਵਗੈਰਾ-ਵਗੈਰਾ। ਭਾਵੇਂ ਨਵੇਂ ਬੰਦੇ ਦੀ ਰੇਲ ਬਣਾ ਕੇ ਰੱਖਦੇ ਆ। ਵੈਸੇ ਵੀ ਰੈਸਟੋਰੈਂਟਾਂ ਵਿਚ ਇਕ ਮਿੰਟ ਦੀ ਵਿਹਲ ਨਹੀਂ ਮਿਲਦੀ। ਵਿਚਾਰੀ ਚਾਲੀ ਕਿਲੋ ਵਾਲੀਆਂ ਟਮਾਟਰਾਂ ਦੀਆਂ ਪੇਟੀਆਂ, ਪਿਆਜ਼ ਵੀਹ-ਵੀਹ ਕਿਲੋ, ਆਲੂ ਅਤੇ ਸਲਾਦ ਵਗੈਰਾ ਕੱਟਣ ਤੋਂ ਬਾਅਦ ਉਹਨੂੰ ਕਹਿਣਾ ਹੁਣ ਇਸ ਤਰ੍ਹਾਂ ਕਰ ਤੂੰ ਸਾਰੇ ਰੈਸਟੋਰੈਂਟ ਵਿਚ ਮਾਪ (ਸਫਾਈ ਕਰਨ ਵਾਲਾ ਝਾੜੂ) ਮਾਰ ਲੈ।

ਦੋ ਕੁ ਦਿਨ ਤਾਂ ਰੋ-ਕੁਰਲਾ ਵਿਚਾਰੀ ਨੇ ਕੱਢੇ। ਪਰ ਤੀਜੇ ਦਿਨ ਦੂਜੀਆਂ ਇੰਡੀਅਨ ਔਰਤਾਂ ਨੂੰ ਕਹਿਣ ਲੱਗ ਪਈ। ਮੈਂ ਪਤਾ ਕਿਡੇ ਵੱਡੇ ਘਰ ਦੀ ਧੀ ਆਂ, ਮੈਂ ਤਾਂ ਬੜੇ ਉੱਚੇ ਖ਼ਾਨਦਾਨ ਵਾਲੀ ਆਂ। ਅਸੀਂ ਤਾਂ ਕੰਮ ਭਈਆਂ ਤੋਂ ਕਰਵਾਉਂਦੇ ਆਂ। ਇਹ ਤਾਂ ਮੈਂ ਸ਼ੌਕ ਨਾਲ ਕਰਦੀ ਆਂ।

ਉਨ੍ਹਾਂ ਨੂੰ ਇਸ ਲਈ ਸੁਣਾਉਂਦੀ ਸੀ ਕਿਉਂਕਿ ਉਹ ਇਸ ਤੋਂ ਉੱਪਰ ਵਾਲੀ ਡਿਊਟੀ ਕਰਦੀਆਂ ਸੀ, ਇਕ ਕੈਸ਼ 'ਤੇ ਦੂਜੀ ਮੈਨੇਜਰ। ਵਿਚਾਰੀ ਭੈਣ ਜੀ ਦੀ ਪੇਸ਼

ਨਾ ਜਾਵੇ, ਕਹੇ ਮੈਨੂੰ ਕੈਸ਼ 'ਤੇ ਖੜ੍ਹੀ ਕਰੋ ਤੇ ਅੰਗਰੇਜ਼ੀ ਵਿਚਾਰੀ ਨੂੰ ਮੇਰੇ ਕੁ ਜਿੰਨੀ ਵੀ ਨਾ ਆਵੇ। ਜਦੋਂ ਉਹਨੂੰ ਕੋਈ ਕੰਮ ਨੂੰ ਕਿਹਾ ਕਰਨ ਤਾਂ ਉਹ ਮੋਹਰੇ ਇਹੀ ਗੱਲ ਕਿਹਾ ਕਰੇ ਬਈ ਮੈਂ ਤਾਂ ਉੱਚੇ ਖਾਨਦਾਨ ਵਾਲੀ ਆਂ। ਤੁਹਾਨੂੰ ਪਤਾ ਮੇਰਾ ਬਾਪ ਕਿੱਡਾ ਵੱਡਾ ਅਫਸਰ ਆ। ਅਸੀਂ ਤਾਂ ਕਦੀ ਘਰ 'ਚ ਕੰਮ ਨਹੀਂ ਕੀਤਾ ਬੱਸ ਐਵੇਂ ਵਿਹਲੀ ਬੈਠੀ ਸੀ ਘਰ, ਮੈਂ ਸੋਚਿਆ ਨਾਲੇ ਟਾਈਮ ਪਾਸ ਹੋ ਜਾਵੇਗਾ, ਨਾਲੇ ਕੰਮ ਕਰੀ ਜਾਊਂ, ਗੱਲਾਂ ਜ਼ਿਆਦਾ ਕਰਿਆ ਕਰੇ ਕੰਮ ਘੱਟ ਕਰਿਆ ਕਰੇ। ਉਹਨੂੰ ਦੇਖ ਕੇ ਦੂਜੀਆਂ ਨੇ ਝੱਟ ਕਹਿਣਾ ਕਿ ਉੱਚੇ ਖ਼ਾਨਦਾਨ ਵਾਲੀ ਆ ਗਈ। ਉਹਦਾ ਨਾਂਅ ਹੀ ਉੱਚੇ ਖਾਨਦਾਨ ਵਾਲੀ ਰੱਖ ਦਿੱਤਾ। ਜ਼ਿਆਦਾ ਗੱਲਾਂ ਕਰਨ ਕਰਕੇ ਵਿਚਾਰੀ ਨੂੰ ਕੰਮ ਤੋਂ ਜਵਾਬ ਮਿਲ ਗਿਆ। ਫੇਰ ਵੀ ਜਾਂਦੀ-ਜਾਂਦੀ ਕਹਿ ਹੀ ਗਈ ਤੁਹਾਨੂੰ ਪਤਾ ਨਹੀਂ ਮੈਂ ਕੌਣ ਆਂ, ਇਸ 'ਤੇ ਦੂਜੀ ਇੰਡੀਅਨ ਔਰਤਾਂ ਨੇ ਹੌਲੀ ਦੇਣੀ ਕਿਹਾ ਤੂੰ ਉੱਚੇ ਖਾਨਦਾਨੀ ਵਾਲੀ ਆਂ।

ᴏᴏ

18

'ਮਾਨ' ਗੋਤ ਵਾਲਿਆਂ ਦਾ ਸਿੱਕਾ ਚੱਲਿਆ

ਕੌੜੀਆਂ ਪਰ ਸੱਚੀਆਂ ਕਾਲਮ ਸ਼ੁਰੂ ਕਰਨ ਲੱਗਿਆਂ ਸ਼ਾਇਦ ਮੈਂ ਇਹ ਕਦੇ ਵੀ ਨਹੀਂ ਸੋਚਿਆ ਹੋਵੇਗਾ ਕਿ ਜ਼ਿੰਦਗੀ 'ਚ ਮੈਨੂੰ ਐਹੋ ਜਿਹੇ ਸੱਚ ਵੀ ਲਿਖਣੇ ਪੈਣਗੇ, ਜਿਨ੍ਹਾਂ ਨੂੰ ਲਿਖਣ ਲਈ, ਬਿਲਕੁਲ ਨਿਰੋਲ ਦਿਲ, ਨਿਰ-ਸੁਆਰਥ ਸੋਚ ਅਤੇ ਨਿਰਪੱਖਤਾ ਵਰਗੀਆਂ ਸਭ ਚੀਜ਼ਾਂ ਨੂੰ ਆਪਣੇ ਜੀਵਨ ਵਿਚ ਢਾਲਣਾ ਪਵੇਗਾ। ਅੱਜ ਦੇ ਯੁੱਗ ਵਿਚ ਸੱਚ ਲਿਖਣਾ ਮੇਰੀ ਜਾਚੇ ਬਹੁਤ ਮੁਸ਼ਕਿਲ ਹੈ। ਕਈ ਵਿਅਕਤੀ ਇਸੇ ਕਰਕੇ ਹੀ ਮੇਰੀ ਜ਼ਿਆਦਾ ਚਾਪਲੂਸੀ ਜਿਹੀ ਕਰਨ ਲੱਗ ਪਏ ਕਿ ਸਾਨੂੰ ਵੀ ਸ਼ਾਇਦ ਕੌੜੀਆਂ ਪਰ ਸੱਚੀਆਂ ਦੇ ਪਾਤਰ ਬਣਾ ਕੇ, ਸਾਡੀਆਂ ਸਿਫਤਾਂ ਲੋਕਾਂ ਤੱਕ ਪਹੁੰਚ ਜਾਣਗੀਆਂ। ਪਰ ਐਸਾ ਕੁਝ ਵੀ ਨਹੀਂ, ਮੇਰਾ ਦਿਲ ਹੀ ਨਹੀਂ ਮੰਨਦਾ ਕਿ ਮੈਂ ਐਵੇਂ ਖ਼ਾਹ-ਮਖ਼ਾਹ ਆਪਣੇ ਪਾਠਕਾਂ ਨੂੰ ਸੱਚ ਦੀ ਬੁੱਕਲ 'ਚ ਝੂਠ ਲਪੇਟ ਕੇ ਦੇਈ

ਜਾਵਾਂ। ਬੜੇ ਹੀ ਚਿਰਾਂ ਤੋਂ ਮੇਰੇ ਦਿਮਾਗ 'ਚ ਇਕ ਗੱਲ ਬਾਰ-ਬਾਰ ਆਉਂਦੀ ਸੀ ਬਈ ਪੰਜਾਬੀਆਂ ਵਿਚ 'ਮਾਨ' ਗੋਤ ਦਾ ਕਾਫੀ ਯੋਗਦਾਨ ਹੈ। ਵੈਸੇ ਤਾਂ ਹਰ ਪੰਜਾਬੀ ਦਾ ਪੰਜਾਬ ਲਈ ਸਭ ਤੋਂ ਵੱਡਾ ਯੋਗਦਾਨ ਇਹ ਹੈ ਕਿ ਉਸ ਦਾ ਜਨਮ ਪੰਜਾਬ 'ਚ ਹੋਇਆ ਅਤੇ ਪੰਜਾਬੀਆਂ ਦੀ ਜਿੰਦ-ਜਾਨ ਬਣਿਆ।

ਪਤਾ ਨਹੀਂ ਬਹੁਤ ਵਾਰ ਮੈਂ ਇਸ ਬਾਰੇ ਲਿਖਣਾ ਚਾਹਿਆ ਪਰ ਮੈਂ ਇਹੀ ਸੋਚ ਕੇ ਹਟ ਜਾਂਦਾ ਸੀ ਬਈ ਇਹਨੂੰ ਛਾਪੂ ਕੌਣ? ਸੋ ਪ੍ਰਮਾਤਮਾ ਨੇ ਮੇਰੀ ਸੁਣ ਲਈ, 'ਸੰਗੀਤ ਦਰਪਣ' ਵਰਗਾ ਪ੍ਰਭਾਵਸ਼ਾਲੀ ਅਤੇ ਤਾਕਤਵਰ ਮੈਗਜ਼ੀਨ ਸਾਡੇ ਸੱਭਿਆਚਾਰ ਦੇ ਮੈਦਾਨ ਵਿਚ ਆਣ ਨਿੱਤਰਿਆ ਅਤੇ ਮੈਂ ਇਸ ਲਈ 'ਕੌੜੀਆਂ ਪਰ ਸੱਚੀਆਂ' ਕਾਲਮ ਸ਼ੁਰੂ ਕਰ ਲਿਆ। ਮੈਂ ਨਾਲ ਦੀ ਨਾਲ ਇਹ ਵੀ ਸੱਚ ਲਿਖ ਦਿਆਂ ਕਿ ਮੈਂ ਕੋਈ ਲੇਖਕ ਨਹੀਂ ਹਾਂ। ਮੈਂ ਤਾਂ ਇਕ ਨਾਚੀਜ਼ ਜਿਹਾ ਗੀਤਕਾਰ ਸੀ ਜਿਸ ਦਾ ਗੀਤ ਵੀ ਗਾਇਕ ਇੰਜ ਵੇਖਦੇ ਸੀ, ਜਿਵੇਂ ਟੈਲੀਫੋਨ ਕੰਪਨੀ ਨੇ ਫੋਨ ਦਾ ਬਿੱਲ ਗਲਤ ਭੇਜ ਦਿੱਤਾ ਹੋਵੇ। ਖੈਰ ਇਸ 'ਚ ਕਿਸੇ ਦਾ ਦੋਸ਼ ਨਹੀਂ ਮੰਡੀ 'ਚ ਮਾਲ ਜ਼ਿਆਦਾ ਆ ਜਾਵੇ ਤਾਂ ਖ਼ਰੀਦਦਾਰ ਨਖਰੇ ਕਰਨ ਲੱਗ ਜਾਂਦੇ ਹਨ। ਮੈਂ ਐਵੇਂ ਇਹ ਕਾਲਮ ਸ਼ੁਰੂ ਕਰ ਬੈਠਾ। ਮੈਂ ਬਹੁਤ ਬਾਰ ਪ੍ਰੀਤ ਭਾ ਜੀ ਨੂੰ ਕਿਹਾ ਬਈ ਮੈਨੂੰ ਲਿਖਣਾ ਬੜਾ ਔਖਾ, ਮੇਰੇ ਲਈ ਬੋਲਣਾ ਸੌਖਾ, ਤੁਸੀਂ ਮੇਰੀਆਂ ਟੇਪਾਂ ਭਰਕੇ ਰੱਖ ਲਓ। ਪਰ ਉਹ ਵੀ ਕਹਿੰਦੇ, ਭਾ ਜੀ ਤੁਸੀਂ ਮਹੀਨੇ 'ਚ ਇਕ ਕਾਲਮ ਵੀ ਨਹੀਂ ਲਿਖ ਸਕਦੇ ਤਾਂ ਗੀਤ ਕਿਵੇਂ ਲਿਖੋਗੇ। ਇਸੇ ਗੱਲ ਨੂੰ ਲੜ ਬੰਨ੍ਹ ਲਿਆ ਤੇ ਆਓ ਗੱਲ ਅੱਗੇ ਤੋਰਦੇ ਹਾਂ, ਮਾਨ ਗੋਤ ਦੀ।

ਮਾਨ ਗੋਤ ਦਾ ਸਭ ਤੋਂ ਪਹਿਲਾ ਗੀਤ ਮੈਂ ਸੁਣਿਆ ਗੁਰਦੇਵ ਸਿੰਘ ਮਾਨ ਦਾ ਲਿਖਿਆ, 'ਮਿੱਤਰਾਂ ਦੀ ਲੂਣ ਦੀ ਡਲੀ' ਇਹ ਗੀਤ ਸਦਾ ਬਹਾਰ ਸਾਡਾ ਲੋਕ ਗੀਤ ਹੋ ਨਿੱਬੜਿਆ, ਅੱਜ ਵੀ ਜਦੋਂ ਇਹ ਗੀਤ ਅਸੀਂ ਸੁਣਦੇ ਆਂ ਤਾਂ ਇੰਜ ਜਾਪਦਾ ਜਿਵੇਂ ਅੱਜ ਤੋਂ ਤਿੰਨ ਦਹਾਕੇ ਪਹਿਲਾਂ ਵਾਲੇ ਪੰਜਾਬ ਦਾ ਸਫਰ ਕਰ ਰਹੀਏ ਹੋਈਏ।

ਗੀਤ ਸਾਡੀਆਂ ਯਾਦਾਂ ਨੂੰ ਤਾਜ਼ਾ ਕਰਦੇ, ਸਾਡੀਆਂ ਬੀਤੀਆਂ ਹਰ ਚੰਗੀਆਂ ਤੇ ਮਾੜੀਆਂ ਘਟਨਾਵਾਂ ਨੂੰ ਯਾਦ ਦਿਵਾਉਂਦੇ ਹਨ। ਗੁਰਦੇਵ ਸਿੰਘ ਮਾਨ ਦੇ ਹੋਰ ਵੀ ਬਹੁਤ ਗੀਤ ਹਿੱਟ ਹਨ। ਪਰ ਮੈਂ ਇਥੇ ਗੱਲ ਇਕੋ ਹੀ ਗੀਤ ਦੀ ਕਰ ਰਿਹਾ ਹਾਂ। ਇਸ ਤੋਂ ਬਾਅਦ ਜਿਨ੍ਹਾਂ ਦੇ ਹਰ ਗੀਤ ਨੇ ਸਾਡੇ ਦਿਲਾਂ 'ਤੇ ਰਾਜ ਕੀਤਾ ਅਤੇ ਕਰ ਰਹੇ ਨੇ, ਸਾਡੇ ਬਾਬਾ ਬੋਹੜ ਗੀਤਕਾਰ ਬਾਬੂ ਸਿੰਘ ਮਾਨ, ਮੈਂ ਇਨ੍ਹਾਂ ਦੇ ਗੀਤਾਂ ਦਾ ਜ਼ਿਕਰ ਕਰਨ ਲੱਗ ਜਾਵਾਂ ਤਾਂ ਫਿਰ ਖਿਆਲ ਹੈ ਕਿ ਆਉਣ ਵਾਲੇ ਸਾਲਾਂ ਵਿਚ ਇਨ੍ਹਾਂ ਦੇ ਗੀਤਾਂ ਦੀ ਹੀ ਚਰਚਾ ਚਲਦੀ ਰਹੇਗੀ। ਬਾਬੂ ਸਿੰਘ ਮਾਨ ਹੁਰਾਂ ਦੇ ਗੀਤਾਂ ਦੀ ਇਕ ਤਾਂ ਇਹ ਸਿਫਤ ਬਈ ਜ਼ੁਬਾਨ 'ਤੇ ਛੇਤੀ ਚੜ੍ਹ ਜਾਂਦੇ ਹਨ, ਗੁਣ-ਗੁਨਾਉਣਾ ਸੌਖਾ ਹੈ। ਦੂਜਾ ਇਹ ਬਈ ਜੇ ਕਹਿ ਲਈਏ ਕਿ ਅਸੀਂ ਰੋਜ਼ਾਨਾ ਦੀ ਜ਼ਿੰਦਗੀ 'ਚ

ਮਾਨ ਸਾਹਿਬ ਦਾ ਲਿਖਿਆ ਇਕ ਗੀਤ ਜ਼ਰੂਰ ਸੁਣਦੇ ਆਂ ਤਾਂ ਕੋਈ ਅੱਤਕਥਨੀ ਗੱਲ ਨਹੀਂ।

ਇਸ ਤੋਂ ਬਾਅਦ ਅਸੀਂ ਓਸ ਮਾਨ ਦੀ ਗੱਲ ਕਰਨ ਜਾ ਰਹੇ ਹਾਂ ਜਿਸ ਦਾ ਨਾਂਅ ਲੈਂਦਿਆਂ ਅਸੀਂ ਖੁਦ ਵੀ ਮਾਣ ਮਹਿਸੂਸ ਕਰਨ ਲੱਗ ਪੈਂਦੇ ਹਾਂ। ਜਦ ਮਾਣ ਵਰਗਾ ਸ਼ਬਦ ਸਾਡੀ ਜ਼ੁਬਾਨ 'ਤੇ ਆਉਂਦਾ ਹੈ ਤਾਂ ਆਪ-ਮੁਹਾਰੇ ਗੁਰਦਾਸ ਮਾਨ ਦਾ ਜ਼ਿਕਰ ਸਾਡੇ ਅੰਤਰੀਵ ਮਨ 'ਚ ਘੁੰਮ ਜਾਂਦਾ ਹੈ। 'ਮਾਮਲਾ ਗੜਬੜ' ਤੋਂ ਲੈ ਕੇ 'ਪੰਜੀਰੀ' ਤੱਕ ਗੁਰਦਾਸ ਮਾਨ ਪੰਜਾਬੀਆਂ ਦੇ ਹੀ ਨਹੀਂ ਸਗੋਂ ਦੂਜੀਆਂ ਕੌਮਾਂ ਦੇ ਸਰੋਤਿਆਂ ਦੇ ਦਿਲਾਂ 'ਚ ਵੀ ਆਪਣੀ ਖਾਸ ਜਗ੍ਹਾ ਬਣਾਈ ਜਾ ਰਹੇ ਹਨ। ਗੁਰਦਾਸ ਮਾਨ ਨੇ ਪੰਜਾਬੀ ਸੱਭਿਆਚਾਰ ਨੂੰ ਜ਼ਿੰਦਗੀ ਦੇ ਹਰ ਪੱਖ ਤੋਂ ਟੁੰਬਣ ਵਾਲੇ ਗੀਤ, ਪੰਜਾਬੀ ਅਤੇ ਹਿੰਦੀ ਫ਼ਿਲਮਾਂ, ਗੀਤਕਾਰੀ, ਚੰਗੀ ਅਦਾ, ਚੰਗੀ ਦਿੱਖ, ਪ੍ਰਮਾਤਮਾ ਕਰੇ ਨਜ਼ਰ ਨਾ ਲੱਗੇ। ਗੁਰਦਾਸ ਮਾਨ ਗੁਣਾਂ ਦੀ ਪੰਡ ਹਨ। ਇਸ ਦੇ ਨਾਲ ਹੀ ਮੈਂ ਜ਼ਿਕਰ ਕਰਾਂ ਉਨ੍ਹਾਂ ਦੀ ਪਤਨੀ ਮਨਜੀਤ ਮਾਨ ਜੀ ਦਾ ਜਿਨ੍ਹਾਂ ਨੇ ਪਤਨੀ ਦੇ ਰੂਪ ਵਿਚ ਤਾਂ ਉਨ੍ਹਾਂ ਦਾ ਸਾਥ ਦਿੱਤਾ ਅਤੇ ਸਾਥ ਦੇ ਰਹੇ ਹਨ ਪਰ ਪ੍ਰੋਡਿਊਸਰ ਦੇ ਤੌਰ 'ਤੇ ਵੀ ਸਾਥ ਦੇ ਰਹੇ ਹਨ।

ਆਉ ਅੱਗੇ ਚਲਦੇ ਹਾਂ ਸਾਨੂੰ ਅੱਜ ਦਾ ਪ੍ਰਸਿੱਧ ਗਾਇਕ ਅਤੇ ਸੁਪਰ ਹੀਰੋ ਹਰਭਜਨ ਮਾਨ ਘੇਰਦਾ ਹੈ। ਗੁੜ ਵਰਗੇ ਮਿੱਠੇ ਗੀਤ 'ਜੱਗ ਜਿਉਂਦਿਆਂ ਦੇ ਮੇਲੇ', 'ਜੱਗ ਜੰਕਸ਼ਨ ਰੇਲਾਂ ਦਾ', 'ਚਿੱਠੀਏ ਨੀਂ ਚਿੱਠੀਏ' ਅਤੇ ਪਤਾ ਨਹੀਂ ਹੋਰ ਕਿੰਨੇ ਹੀ ਗੀਤ ਹਰਭਜਨ ਮਾਨ ਨੇ ਸਾਡੇ ਵਿਹੜੇ ਦੇ ਸ਼ਿੰਗਾਰ ਬਣਾਏ ਹਨ ਅਤੇ ਸਾਡੇ ਦਿਲਾਂ 'ਤੇ ਰਾਜ ਕਰ ਰਹੇ ਹਨ। ਗਾਇਕੀ 'ਚ ਪ੍ਰਸਿੱਧੀ ਦੇ ਨਾਲ-ਨਾਲ ਅੱਜਕਲ੍ਹ ਪੰਜਾਬੀ ਫ਼ਿਲਮ 'ਜੀ ਆਇਆਂ ਨੂੰ' ਬਣਾ ਕੇ ਜਿਥੇ ਹੀਰੋ ਦੇ ਰੂਪ 'ਚ ਰੂਬਰੂ ਹੋਏ ਹਨ ਉੱਥੇ ਪੰਜਾਬੀ ਫ਼ਿਲਮ ਇੰਡਸਟਰੀ 'ਚ ਚਿਰਾਂ ਤੋਂ ਖੜੋਤ ਆਈ ਨੂੰ ਅੱਗੇ ਤੋਰਦੇ ਹਨ। ਸੁਪਰਹਿੱਟ ਪੰਜਾਬੀ ਫ਼ਿਲਮ ਬਣਾਉਣ ਦਾ ਵੀ ਮਾਣ ਹਾਸਿਲ ਕਰ ਰਹੇ ਹਨ।

ਅਗਲੀ ਗੱਲ ਲਿਖਣ ਤੋਂ ਪਹਿਲਾਂ ਹੀ ਮੇਰੇ ਬੁੱਲ੍ਹਾਂ 'ਤੇ ਮੁਸਕਾਨ ਆ ਗਈ ਹੈ ਅਤੇ ਪਾਠਕ ਵੀ ਹੱਸ ਪਏ ਹੋਣਗੇ, ਕਿ ਹੁਣ ਕਿਸ ਮਾਨ ਦੀ ਗੱਲ ਹੋਣ ਲੱਗੀ ਹੈ। ਹਾਸਿਆਂ ਦੀ ਪਟਾਰੀ ਦਾ ਜਾਦੂਗਰ ਮਾਨ, ਭਗਵੰਤ ਮਾਨ, ਜਿਸ ਦੀ ਕਾਮੇਡੀ ਨੇ ਕਾਮੇਡੀ ਜਗਤ 'ਚ ਨਵਾਂ ਮੋੜ ਲਿਆਂਦਾ। ਸਾਫ-ਸੁਥਰੀ ਅਤੇ ਉੱਚ-ਪਾਏ ਦੀ ਕਾਮੇਡੀ ਅਸੀਂ ਜਦੋਂ ਸੁਣਦੇ ਆਂ ਤਾਂ ਅਸੀਂ ਹੱਸਣ ਦੇ ਨਾਲ-ਨਾਲ ਜ਼ਿੰਦਗੀ ਦੇ ਉਨ੍ਹਾਂ ਪਹਿਲੂਆਂ ਤੋਂ ਵਾਕਿਫ ਹੋ ਜਾਂਦੇ ਹਾਂ ਜਿਨ੍ਹਾਂ ਨੂੰ ਅਸੀਂ ਅੱਖੋਂ ਉਹਲੇ ਕਰ ਰੱਖਿਆ ਹੁੰਦਾ ਹੈ। ਮਾਨ ਗੋਤ ਨੇ ਸਾਨੂੰ ਅਜੋਕੀ ਜ਼ਿੰਦਗੀ 'ਚ ਤੇਜ਼ ਰਫਤਾਰ ਦੌੜ 'ਚ ਜਦੋਂ ਅਸੀਂ ਥੱਕ ਟੁੱਟ ਜਾਂਦੇ ਜਾਂ ਗ਼ਮਗੀਨ ਹੋ ਜਾਂਦੇ ਹਾਂ ਤਾਂ ਹਸਾਇਆ ਵੀ ਹੈ। ਜਿਹੜਾ ਹਾਸਾ ਸਾਨੂੰ ਲੱਖ ਦੁਆਈਆਂ ਦਿੱਤਿਆਂ ਨਹੀਂ ਆਉਂਦਾ ਉਹਨੂੰ ਰੋਕਣਾ ਔਖਾ ਹੋ

ਜਾਂਦਾ ਹੈ।

ਇਸ ਤੋਂ ਬਾਅਦ ਹੈ ਸਾਡੀ ਮਸ਼ਹੂਰ ਡਾਂਸਰ ਅਤੇ ਫ਼ਿਲਮੀ ਹੀਰੋਇਨ ਰਾਣੋ ਮਾਨ, ਉਸ ਨੇ ਵੀ ਆਪਣੀ ਪ੍ਰਤਿਭਾ ਰਾਹੀਂ ਪੰਜਾਬੀਅਤ ਲਈ ਤਨੋਂ-ਮਨੋਂ ਸੇਵਾ ਕੀਤੀ ਹੈ। ਰਾਣੋ ਮਾਨ ਤੋਂ ਬਾਅਦ ਆਪ ਨਾਲ ਲੱਗਦਾ ਰਵਿੰਦਰ ਮਾਨ ਪੰਜਾਬੀ ਫ਼ਿਲਮਾਂ ਦੀ ਮਸ਼ਹੂਰ ਹੀਰੋਇਨ ਦਾ ਜ਼ਿਕਰ ਵੀ ਨਜ਼ਰ-ਅੰਦਾਜ਼ ਨਹੀਂ ਕਰ ਸਕਦੇ। ਅਗਰ ਆਪਾਂ ਮਨੋਰੰਜਨ ਪਾਸੇ ਵੱਲੋਂ ਹਟ ਕੇ ਮਾਨ ਗੋਤ ਦਾ ਯੋਗਦਾਨ ਸਿਆਸਤ ਵੱਲ ਦੇਖੀਏ ਤਾਂ ਪਹਿਲਾਂ ਨਾਂਅ ਸਿਮਰਨਜੀਤ ਸਿੰਘ ਮਾਨ ਦਾ ਆਉਂਦਾ ਹੈ। ਪੁਲਿਸ ਦੀ ਸੇਵਾਵਾਂ ਵਿਚ ਵੈਸੇ ਤਾਂ ਹੋਰ ਵੀ ਬਹੁਤ ਮਾਨ ਹੋਣਗੇ ਜੋ ਮੇਰੀ ਜਾਣਕਾਰੀ ਤੋਂ ਬਾਹਰ ਰਹਿ ਗਏ ਹੋਣਗੇ ਪਰ ਮੈਂ ਇਥੇ ਡੀ. ਐਸ. ਪੀ. ਜੋਗਿੰਦਰ ਸਿੰਘ ਮਾਨ ਦਾ ਜ਼ਿਕਰ ਜ਼ਰੂਰ ਕਰਾਂਗਾ, ਜੋ ਪੁਲਿਸ ਵਿਚ ਆਪਣੀ ਬਾਖੂਬੀ ਸੇਵਾ ਨਿਭਾਅ ਰਹੇ ਹਨ।

ਹੁਣ ਜਿਹੜਾ ਆਪਾਂ ਜ਼ਿਕਰ ਕਰਨ ਜਾ ਰਹੇ ਹਾਂ ਨੌਜਵਾਨਾਂ ਦੀ ਧੜਕਣ ਅੱਜ ਦਾ ਚਰਚਿਤ ਗਾਇਕ ਬੱਬੂ ਮਾਨ, ਜਿਸ ਨੇ ਥੋੜ੍ਹੇ ਸਮੇਂ ਵਿਚ ਹੀ ਆਪਣੀ ਗਾਇਕੀ ਰਾਹੀਂ ਮਾਨ ਗੋਤ ਦੀ ਬਿਲਟ ਨੂੰ ਟੁੱਟਣ ਨਹੀਂ ਦਿੱਤਾ। ਬਾਕੀ ਇਹ ਨਹੀਂ ਸਮਝਣਾ ਕਿ ਇਹ ਮੈਂ ਕਿਉਂ ਲਿਖਿਆ। ਪਰ ਜਦੋਂ ਆਪਾਂ ਜ਼ਰਾ ਨਿਰਪੱਖ ਹੋ ਕੇ ਵਿਚਾਰ ਕਰਾਂਗੇ ਤਾਂ ਦਿਲ 'ਚੋਂ ਆਵਾਜ਼ ਆਏਗੀ ਕਿ ਮਾਨ ਗੋਤ ਹੈ ਤਾਂ ਸਨਮਾਨਣ ਯੋਗ, ਜਿਨ੍ਹਾਂ ਹਰ ਖੇਤਰ 'ਚ ਮੱਲ ਮਾਰੀ ਹੈ। ਵੈਸੇ ਤਾਂ ਦੂਸਰੇ ਸਾਰੇ ਗੋਤ ਅਤੇ ਪੰਜਾਬੀ ਵੀ ਹਰ ਖੇਤਰ 'ਚ ਮੱਲਾਂ ਮਾਰਦੇ ਹਨ, ਪਰ ਮਾਨਾਂ ਨੂੰ ਪੂਰੀ ਦੁਨੀਆ ਦੇ ਪੰਜਾਬੀ ਜਾਣਦੇ ਹਨ। ਜਿਸ ਤਰ੍ਹਾਂ ਭਾਨੀਮਾਰ ਆਪਣੇ ਢਿੱਡ 'ਚ ਭਾਨੀ ਨਹੀਂ ਪਚਾ ਸਕਦਾ, ਬਿਲਕੁਲ ਇਸੇ ਤਰ੍ਹਾਂ ਮੈਂ ਵੀ ਇਹ ਸੱਚ ਆਪਣੇ ਢਿੱਡ 'ਚ ਬਹੁਤਾ ਚਿਰ ਨਹੀਂ ਸੰਭਾਲ ਸਕਦਾ ਤੇ ਆਖਰ 'ਚ ਮੈਂ ਸਭ ਮਾਨ ਗੋਤ ਵਾਲਿਆਂ ਨੂੰ ਅਤੇ ਪਿਆਰੇ ਪਾਠਕਾਂ ਨੂੰ ਤਹਿ ਦਿਲੋਂ ਸਤਿ ਸ੍ਰੀ ਅਕਾਲ ਆਖਦਾ ਹਾਂ।

ਧੰਨਵਾਦ।

○○

19

ਵਿਦੇਸ਼ੀ ਬੱਚੇ ਪੰਜਾਬੀ ਕਿਉਂ ਨਹੀਂ ਬੋਲਦੇ !

ਜਿਥੇ ਅੱਜ ਅੰਤਰਰਾਸ਼ਟਰੀ ਭਾਸ਼ਾਵਾਂ 'ਚੋਂ ਚੌਥਵਾਂ ਸਥਾਨ ਪ੍ਰਾਪਤ ਕਰਨ ਵਾਲੀ ਪੰਜਾਬੀਆਂ ਦੀ ਮਾਂ ਬੋਲੀ ਪੰਜਾਬੀ ਨੂੰ ਮਾਣ ਪ੍ਰਾਪਤ ਹੈ ਉਥੇ ਵਿਦੇਸ਼ੀ ਪੰਜਾਬੀ ਆਪਣੇ ਘਰਾਂ 'ਚ ਸ਼ਹਿਦ ਵਰਗੀ ਮਿੱਠੀ ਆਪਣੀ ਮਾਂ-ਬੋਲੀ ਨੂੰ ਕੋਈ ਵੀ ਦਰਜਾ ਦੇਣ ਤੋਂ ਕੰਨੀ ਕਤਰਾਉਂਦੇ ਹਨ। ਪੰਜਾਬੀ ਕੌਮ ਵੱਲੋਂ ਹਰ ਵਕਤ ਪੰਜਾਬੀ ਨੂੰ ਪ੍ਰਫੁੱਲਤ ਕਰਨ ਦੇ ਸਮੇਂ-ਸਮੇਂ ਸਿਰ ਉਪਰਾਲੇ ਕੀਤੇ ਗਏ ਹਨ। ਅੱਜ ਜਿਸ ਦੁਖਾਂਤ ਦੀ ਅਸੀਂ ਗੱਲ ਆਪਣੇ ਪਾਠਕਾਂ ਨਾਲ ਸਾਂਝੀ ਕਰਨ ਜਾ ਰਹੇ ਹਾਂ ਉਹ ਹੈ, ਵਿਦੇਸ਼ਾਂ ਵਿਚ ਵਸਦੇ ਪੰਜਾਬੀ ਬੱਚੇ ਅਤੇ ਉਨ੍ਹਾਂ ਦੇ ਮਾਂ-ਬਾਪ ਜੋ ਪੰਜਾਬੀ ਨੂੰ ਬਿਨਾਂ ਕਿਸੇ ਮਜਬੂਰੀ ਕਾਰਨ ਅੱਖੋਂ-ਪਰੋਖੇ ਕਰਦੇ ਜਾ ਰਹੇ ਹਨ।

ਸਾਨੂੰ ਕਿਸੇ ਵੀ ਭਾਸ਼ਾ ਨਾਲ ਵਿਤਕਰਾ ਨਹੀਂ ਹੈ ਅਤੇ ਨਾ ਹੀ ਸਾਡਾ ਇਹ

ਮਕਸਦ ਹੈ ਕਿ ਦੂਜੀਆਂ ਭਾਸ਼ਾਵਾਂ ਮਾੜੀਆਂ ਹਨ। ਸਗੋਂ ਅਸੀਂ ਇਹ ਕਹਾਂਗੇ ਕਿ ਵਿਅਕਤੀ ਵੱਧ ਤੋਂ ਵੱਧ ਬੋਲੀਆਂ ਸਿੱਖੇ ਅਤੇ ਵੱਖਰੇ-ਵੱਖਰੇ ਸਭਿਆਚਾਰਾਂ ਤੋਂ ਜਾਣੂ ਹੋਵੇ। ਪਰ ਨਾਲ ਦੀ ਨਾਲ ਮਨੁੱਖ ਨੂੰ ਆਪਣੀ ਮੂਲ ਭਾਸ਼ਾ ਨਾਲ ਵੀ ਜੁੜੇ ਰਹਿਣਾ ਚਾਹੀਦਾ ਹੈ। ਆਪਣੇ ਸੱਭਿਆਚਾਰ ਦੀਆਂ ਕਦਰਾਂ ਕੀਮਤਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਧਿਆਨ ਵਿਚ ਰੱਖਦੇ ਹੋਏ ਦੂਜਿਆਂ ਨੂੰ ਵੀ ਆਪਣੇ ਅਮੀਰ ਵਿਰਸੇ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ।

ਵਿਦੇਸ਼ੀ ਬੱਚਿਆਂ ਨੂੰ ਅਸੀਂ ਦੋ ਭਾਗਾਂ ਵਿਚ ਲੈਂਦੇ ਹਾਂ, ਜਿਵੇਂ ਇਕ ਤਾਂ ਉਹ ਜੋ ਭਾਰਤ ਯਾਨਿ ਪੰਜਾਬ ਵਿਚ ਪੈਦਾ ਹੋਏ ਹਨ ਅਤੇ ਪੰਜ ਜਾਂ ਦਸ ਸਾਲ ਦੀ ਉਮਰ 'ਚ ਆਪਣੇ ਮਾਂ ਜਾਂ ਬਾਪ ਨਾਲ ਬਾਹਰ ਆ ਗਏ। ਦੂਜੇ ਉਹ ਜੋ ਵਿਦੇਸ਼ਾਂ ਵਿਚ ਜਨਮੇ ਹਨ। ਅਸੀਂ ਪਹਿਲਾਂ ਗੱਲ ਭਾਰਤ ਵਿਚ ਜਨਮੇ ਬੱਚਿਆਂ ਦੀ ਕਰਦੇ ਹਾਂ, ਜੋ ਆਪਣੇ ਮਾਂ-ਬਾਪ ਨਾਲ ਬਾਹਰ ਆਉਂਦੇ ਹਨ। ਮੇਰੇ ਖਿਆਲ ਮੁਤਾਬਿਕ ਅੱਜ ਦੇ ਦੌਰ 'ਚ ਜ਼ਿਆਦਾਤਰ ਕੈਨੇਡਾ ਅਤੇ ਅਮਰੀਕਾ ਲੋਕਾਂ ਦੀ ਖਿੱਚ ਦਾ ਕਾਰਨ ਬਣਿਆ ਹੋਇਆ ਹੈ ਅਤੇ ਇੰਗਲੈਂਡ ਵਿਚ ਤਾਂ ਵੈਸੇ ਵੀ ਤੀਜੀ ਪੀੜ੍ਹੀ ਚਲ ਰਹੀ ਹੈ। ਉਥੇ ਤਾਂ ਬੱਚੇ ਇਹ ਵੀ ਭੁੱਲ ਗਏ ਹਨ ਕਿ ਉਨ੍ਹਾਂ ਦਾ ਪਿਛਲਾ ਪਿੰਡ ਜਾਂ ਦਾਦੇ-ਬਾਬੇ ਦਾ ਨਾਂਅ ਕੀ ਹੈ। ਅਸੀਂ ਇੰਗਲੈਂਡ ਨੂੰ ਤਾਂ ਆਪਣੇ ਇਸ ਲੇਖ 'ਚ ਸ਼ਾਮਿਲ ਕਰਨ ਤੋਂ ਅਸਮਰੱਥ ਹਾਂ ਕਿਉਂਕਿ ਉਥੇ ਸਥਿਤੀ ਕਾਫੀ ਚਿੰਤਾਜਨਕ ਹੈ। ਕੈਨੇਡਾ ਅਤੇ ਅਮਰੀਕਾ 'ਚ ਜਦੋਂ ਭਾਰਤ ਤੋਂ ਪਹਿਲੀ ਵਾਰ ਬੱਚੇ ਆਉਂਦੇ ਹਨ ਤਾਂ ਸਭ ਤੋਂ ਪਹਿਲਾਂ ਬੱਚਿਆਂ ਅਤੇ ਮਾਪਿਆਂ ਦੇ ਦਿਮਾਗ ਵਿਚ ਇਹੀ ਹੁੰਦਾ ਹੈ ਕਿ ਹੁਣ ਅੰਗਰੇਜ਼ੀ ਦੇ ਬਾਰੇ ਸੋਚੀਏ। ਅਸੀਂ ਕਿੱਦਾਂ ਇਕ ਦੂਸਰੇ ਨਾਲ ਗੱਲ ਕਰਾਂਗੇ। ਸਾਡੇ ਬੱਚੇ ਕਿਵੇਂ ਗੋਰਿਆਂ ਦੇ ਬੱਚਿਆਂ ਵਾਂਗ ਜਾਂ ਇਥੇ ਜੰਮੇ ਭਾਰਤੀ ਬੱਚਿਆਂ ਵਾਂਗ ਅੰਗਰੇਜ਼ੀ ਬੋਲਣਗੇ। ਨਤੀਜਾ ਇਹ ਨਿਕਲਦਾ ਹੈ ਕਿ ਸਕੂਲ ਜਾਣ ਵਾਲੇ ਬੱਚਿਆਂ ਨੂੰ ਸਕੂਲ ਦਾਖਲ ਕਰਵਾ ਦਿੱਤਾ ਜਾਂਦਾ ਹੈ। ਘਰ ਖੇਡਣ ਵਾਲੇ ਛੋਟੇ ਬੱਚਿਆਂ ਨੂੰ ਟੀ. ਵੀ. ਉੱਪਰ ਕਾਰਟੂਨ ਦੇਖਣ ਲਾ ਦਿੱਤਾ ਜਾਂਦਾ ਹੈ। ਜਿਹੜੇ ਮਾਂ-ਬਾਪ ਨੂੰ ਤਾਂ ਚੰਗੀ ਅੰਗਰੇਜ਼ੀ ਆਉਂਦੀ ਹੈ ਉਹ ਤਾਂ ਬੱਚਿਆਂ ਨਾਲ ਆਪ ਅੰਗਰੇਜ਼ੀ ਬੋਲ ਕੇ ਨਾਲੇ ਆਪਣਾ ਤਜਰਬਾ ਵਧਾਈ ਜਾਂਦੇ ਆ ਅਤੇ ਨਾਲੇ ਚਾਈਂ-ਚਾਈਂ ਬੱਚੇ ਨੂੰ ਅੰਗਰੇਜ਼ੀ ਵਿਚ ਪਰਪੱਕ ਕਰਨ 'ਚ ਜੁੱਟ ਜਾਂਦੇ ਹਨ।

ਫਿਰ ਕੀ ਹੁੰਦਾ ਹੈ, ਥੋੜ੍ਹੇ ਸਾਲਾਂ 'ਚ ਹੀ ਬੱਚੇ ਅਤੇ ਮਾਂ-ਬਾਪ ਘਰ ਅਤੇ ਬਾਹਰ ਅੰਗਰੇਜ਼ੀ ਬੋਲਣ 'ਚ ਆਪਣਾ ਫ਼ਖਰ ਮਹਿਸੂਸ ਕਰਦੇ ਹਨ। ਜਿੱਥੇ ਬੱਚਿਆਂ ਨੂੰ ਮੁੱਢਲੇ ਸਾਲਾਂ ਵਿਚ ਅਸੀਂ ਅੰਗਰੇਜ਼ੀ ਦਾ ਏਨਾ ਜ਼ੋਰ ਦਿੱਤਾ ਸੀ, ਉਥੇ ਸਾਨੂੰ ਪੰਜਾਬੀ ਵੀ ਬੱਚਿਆਂ ਨਾਲ ਬੋਲਣੀ ਚਾਹੀਦੀ ਸੀ ਕਿਉਂਕਿ ਬੱਚੇ ਦੀ ਸਿੱਖਣ ਬੁੱਧੀ ਤੇਜ਼ ਹੁੰਦੀ ਹੈ ਅਤੇ ਵੱਡਾ ਹੋਏ ਤਾਂ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਪਰ ਸਥਿਤੀ ਇਹ ਬਣ

ਜਾਂਦੀ ਹੈ ਕਿ ਬੱਚਾ ਪੰਜਾਬੀ ਤੋਂ ਕੋਹਾਂ ਦੂਰ ਚਲੇ ਜਾਂਦਾ ਹੈ ਅਤੇ ਜਿਹੜੀਆਂ ਗੱਲਾਂ ਉਹਨੂੰ ਪੰਜਾਬੀ ਵਿਚ ਪਹਿਲਾਂ ਆਉਂਦੀਆਂ ਸਨ ਉਹ ਅੰਗਰੇਜ਼ੀ ਦੀ ਦੌੜ ਭੱਜ 'ਚ ਭੁੱਲ ਜਾਂਦਾ ਹੈ।

ਦੂਜੇ ਭਾਗ ਦੇ ਬੱਚੇ ਹਨ ਵਿਦੇਸ਼ਾਂ 'ਚ ਜਨਮੇ ਬੱਚੇ। ਇਨ੍ਹਾਂ ਬੱਚਿਆਂ ਦਾ ਬਿਲਕੁਲ ਕੋਈ ਕਸੂਰ ਨਹੀਂ ਹੈ। ਵੈਸੇ ਦੇਖਿਆ ਜਾਵੇ ਤਾਂ ਭਾਗ ਇਕ ਵਾਲੇ ਬੱਚਿਆਂ ਦਾ ਵੀ ਕੋਈ ਕਸੂਰ ਨਹੀਂ ਹੈ। ਵਿਦੇਸ਼ਾਂ ਵਿਚ ਜੰਮਦੇ ਬੱਚੇ ਤਾਂ ਅੰਗਰੇਜ਼ੀ ਸ਼ੁਰੂ ਤੋਂ ਹੀ ਹੰਢਾਉਂਦੇ ਹਨ। ਉਨ੍ਹਾਂ ਨੂੰ ਤਾਂ ਜ਼ਬਰਦਸਤੀ ਪੰਜਾਬੀ ਦੇ ਥੋੜ੍ਹੇ ਬਹੁਤੇ ਸ਼ਬਦ ਬੋਲ ਕੇ ਸਿਖਾਉਣੇ ਪੈਂਦੇ ਹਨ।

ਆਓ ਦੇਖੀਏ ਕਸੂਰ ਕਿਹਦਾ ਹੈ। ਮਾਲੀ ਆਪਣੀ ਬਗੀਚੀ ਦਾ ਪੂਰਾ-ਪੂਰਾ ਖਿਆਲ ਰੱਖਦਾ ਹੈ। ਉਸ ਨੂੰ ਪਤਾ ਹੈ ਕਿਸ ਪੌਦੇ ਦੀ ਟਾਹਣੀ ਕੱਟਣ ਵਾਲੀ ਹੈ ਕਿਸ ਨੂੰ ਪਾਣੀ ਪਾਉਣਾ ਹੈ ਅਤੇ ਕਿਸ ਨੂੰ ਇਕ ਥਾਂ ਤੋਂ ਦੂਜੀ ਥਾਂ ਲਾਉਣਾ ਹੈ। ਸਿਆਣਾ ਮਾਲੀ ਦੂਜੀ ਥਾਵੇਂ ਲਾਉਣ ਵਾਲੇ ਪੌਦੇ ਜਾਂ ਬੂਟੇ ਛੋਟੇ-ਛੋਟੇ ਹੀ ਪੁੱਟ ਕੇ ਦੂਜੀ ਥਾਂ ਲਾ ਦਿੰਦਾ ਹੈ ਅਤੇ ਉਹ ਫਿਰ ਹਰੇ ਹੋਣ ਲੱਗ ਜਾਂਦੇ ਹਨ। ਅਗਰ ਵੱਡੇ ਹੋਇਆਂ 'ਤੇ ਉਹ ਪੁੱਟ ਕੇ ਲਾਵੇ ਤਾਂ ਬੂਟਾ ਸੁੱਕ ਜਾਵੇਗਾ।

ਬਿਲਕੁਲ ਅਸੀਂ ਮਾਲੀ ਦੀ ਤਰ੍ਹਾਂ ਆਪਣੇ ਬੱਚਿਆਂ ਦੀ ਦੇਖ-ਭਾਲ ਕਰਦੇ ਹਾਂ। ਅਗਰ ਛੋਟੇ ਹੁੰਦਿਆਂ ਅਸੀਂ ਬੱਚਿਆਂ ਨੂੰ ਮਾੜੀ ਗੱਲ ਤੋਂ ਰੋਕਿਆ ਨਾ ਤਾਂ ਉਹ ਵੱਡੇ ਹੋ ਕੇ ਤੁਹਾਡੀ ਗੱਲ ਨਹੀਂ ਮੰਨਣਗੇ। ਇਸੇ ਤਰ੍ਹਾਂ ਅੱਜ ਸਾਨੂੰ ਲੋੜ ਹੈ ਘਰਾਂ 'ਚ ਬੱਚਿਆਂ ਨਾਲ ਪੰਜਾਬੀ ਬੋਲਣ ਦੀ ਕਿਉਂਕਿ ਅੰਗਰੇਜ਼ੀ ਤਾਂ ਉਨ੍ਹਾਂ ਆਪਣੇ ਆਪ ਸਿੱਖੀ ਜਾਣੀ ਹੈ। ਉਸ 'ਚ ਸਾਡਾ ਜ਼ਰਾ ਜਿੰਨਾ ਵੀ ਰੋਲ ਨਹੀਂ ਹੈ। ਇਨ੍ਹਾਂ ਹਮੇਸ਼ਾ ਵਿਦੇਸ਼ਾਂ 'ਚ ਰਹਿਣਾ ਅਤੇ ਹਮੇਸ਼ਾ ਅੰਗਰੇਜ਼ੀ ਬੋਲਣੀ ਹੈ। ਅਗਰ ਇਨ੍ਹਾਂ ਨੂੰ ਆਪਣੇ ਵਤਨ ਦੀ ਮੂਲ-ਭਾਸ਼ਾ ਆਪਣੀ ਮਾਂ ਬੋਲੀ ਨਾ ਬੋਲਣੀ ਆਈ ਤਾਂ ਗੋਰਿਆਂ ਅਤੇ ਇਨ੍ਹਾਂ 'ਚ ਕੋਈ ਫਰਕ ਨਹੀਂ ਹੈ। ਮਤਲਬ ਇਹ ਤਾਂ ਫਿਰ ਗੋਰੇ ਬਣ ਗਏ। ਸਾਡਾ ਜਿੰਨਾ ਫਰਜ਼ ਹੈ ਜਿਊਂਦੇ ਜੀਅ ਸਾਨੂੰ ਓਨਾ ਜ਼ਰੂਰ ਨਿਭਾਉਣਾ ਚਾਹੀਦਾ ਹੈ। ਪਿਛਲੇ ਮਹੀਨੇ ਮੈਂ ਆਪਣੇ ਇਕ ਦੋਸਤ ਦੇ ਘਰ ਗਿਆ ਗੱਲਾਂ ਬਾਤਾਂ ਹੋਈਆਂ ਖੂਬ, ਹਾਸਾ-ਮਜ਼ਾਕ, ਦੁੱਖ-ਸੁੱਖ ਫੋਲਿਆ। ਗੱਲਾਂ-ਗੱਲਾਂ ਵਿਚ ਮੇਰੇ ਦੋਸਤ ਦੀ ਮਾਤਾ ਜੀ ਮੈਨੂੰ ਕਹਿੰਦੀ ਭੌਰੇ ਪੁੱਤ ਤੂੰ ਹੋਰ ਐਨੀਆਂ ਗੱਲਾਂ ਲਿਖਦਾ ਹੈਂ ਇਕ ਇਹ ਵੀ ਲਿਖ ਕਿ ਬਾਹਰਲੇ ਮਾਂ-ਬਾਪ ਘੱਟੋ ਘੱਟ ਘਰ 'ਚ ਤਾਂ ਇਨ੍ਹਾਂ ਨਾਲ ਪੰਜਾਬੀ 'ਚ ਗੱਲ ਕਰਨ। ਮਾਤਾ ਨੇ ਆਪਣੇ ਪੋਤਿਆਂ ਵੱਲ ਇਸ਼ਾਰਾ ਕਰਕੇ ਕਿਹਾ ਕਿ ਆ ਦੇਖ ਲੈ.... ਇਹ ਮੇਰੇ ਆਲੇ ਦੁਆਲੇ ਘੁੰਮਦੇ ਫਿਰਦੇ ਆ ਅਤੇ ਗੱਲਾਂ ਕਰਦੇ ਆ, ਪਰ ਮੈਨੂੰ ਕੁਝ ਵੀ ਪਤਾ ਨਹੀਂ ਲੱਗਦਾ।

ਹੁਣ ਦੇਖ ਲੈ ਬਈ ਇਨ੍ਹਾਂ ਨੂੰ ਇਥੇ ਪੰਜਾਬੀ ਸਕੂਲ ਜਿਹੜੇ ਗੁਰਦੁਆਰਿਆਂ

ਵਿਚ ਖੋਲ੍ਹੇ ਆ। ਉਥੇ ਲੈ ਕੇ ਜਾਂਦੇ ਆਂ ਪੰਜਾਬੀ ਸਿਖਾਉਣ। ਪਰ ਪੁੱਤ ਉੱਥੇ ਸਿਖਾਈ ਦਾ ਕੀ ਫਾਇਦਾ ਜਦ ਘਰ 'ਚ ਨਹੀਂ ਬੋਲਣੀ, ਯਾਦ ਰਹੇ ਕਿ ਹੁਣ ਵਿਦੇਸ਼ਾਂ ਵਿਚ ਵਿਦੇਸ਼ੀ ਬੱਚਿਆਂ ਨੂੰ ਪੰਜਾਬੀ ਸਿਖਾਉਣ ਲਈ ਗੁਰੂਘਰਾਂ ਵਿਚ ਪੰਜਾਬੀ ਦੇ ਛੋਟੇ-ਛੋਟੇ ਸਕੂਲ ਨੁਮਾ ਉਪਰਾਲੇ ਕੀਤੇ ਜਾ ਰਹੇ ਹਨ। ਮਾਤਾ ਜੀ ਕਹਿੰਦੇ ਮੈਨੂੰ ਸਮਝ ਨਹੀਂ ਆਉਂਦੀ ਬਈ ਮੇਰੀਆਂ ਨੂੰਹਾਂ ਵੀ ਜਿਹੜੀਆਂ ਪੰਜਾਬ ਦੀਆਂ ਜੰਮਪਲ ਹਨ ਅਤੇ ਪੰਜਾਬੀ ਦੇ ਫੱਟੇ ਚੱਕਦੀਆਂ ਹਨ ਉਹ ਵੀ ਇਨ੍ਹਾਂ ਨਾਲ ਚੌਵੀ ਘੰਟੇ ਅੰਗਰੇਜ਼ੀ ਵਿਚ ਗੱਲਾਂ ਕਰਦੀਆਂ ਹਨ। ਮੇਰੇ ਆਪਣੇ ਪੋਤੇ ਪੋਤੀਆਂ ਹੋਣ ਦੇ ਬਾਵਜੂਦ ਵੀ ਮੈਂ ਇਨ੍ਹਾਂ ਨਾਲ ਰੱਜ ਕੇ ਗੱਲਾਂ ਜਾਂ ਲਾਡ ਪਿਆਰ ਨਹੀਂ ਕਰ ਸਕਦੀ। ਇਨ੍ਹਾਂ ਨੂੰ ਕਹਾਣੀਆਂ ਨਹੀਂ ਸੁਣਾ ਸਕਦੀ। ਮੈਂ ਇਸੇ ਗੱਲ ਨੂੰ ਧਿਆਨ 'ਚ ਰੱਖਦੇ ਹੋਏ ਵਿਦੇਸ਼ੀ ਮਾਪੇ ਅਤੇ ਬੱਚਿਆਂ ਦਾ ਇਹ ਵੱਡਾ ਦੁਖਾਂਤ ਪਾਠਕਾਂ ਦੇ ਰੂਬਰੂ ਕੀਤਾ ਹੈ।

○○

20

ਵਿਦੇਸ਼ਾਂ 'ਚ ਰਹਿੰਦੇ ਬੁੜ੍ਹੇ-ਬੁੜ੍ਹੀਆਂ ਤਰਸਦੇ ਆ ਇੰਡੀਆ ਆਉਣ ਲਈ!

ਕਈ ਵਾਰ ਬੰਦਾ ਜ਼ਿੰਦਗੀ 'ਚ ਅਜੀਬੋ ਗਰੀਬ ਮੁਸ਼ਕਲਾਂ ਦਾ ਸ਼ਿਕਾਰ ਹੋ ਜਾਂਦਾ ਹੈ। ਇਹੋ ਜਿਹੀਆਂ ਮੁਸ਼ਕਲਾਂ ਜਿਹੜੀਆਂ ਦੇਖਣ ਨੂੰ ਭਾਵੇਂ ਕੱਖ ਵੀ ਨਹੀਂ ਹੁੰਦੀਆਂ ਪਰ ਜਿੰਦ ਨੂੰ ਝੋਰਾ ਲਾਈ ਰੱਖਦੀਆਂ ਹਨ।

ਅਮਰੀਕਾ ਅਤੇ ਕੈਨੇਡਾ ਵਰਗੇ ਮੁਲਕਾਂ 'ਚ ਅੱਜ ਹਜ਼ਾਰਾਂ ਦੀ ਗਿਣਤੀ 'ਚ ਇਹੋ ਜਿਹੇ ਬਜ਼ੁਰਗ ਬੁੜ੍ਹੇ-ਬੁੜ੍ਹੀਆਂ ਰਹਿੰਦੇ ਹਨ ਜਿਨ੍ਹਾਂ ਦੇ ਬੁਲ੍ਹਾਂ 'ਤੇ ਹਾਸਾ ਆਏ ਨੂੰ ਪਤਾ ਨਹੀਂ ਕਿੰਨਾ-ਕਿੰਨਾ ਚਿਰ ਹੋ ਗਿਆ, ਜੇ ਉਹ ਕਿਸੇ ਨਾਲ ਗੱਲ ਵੀ ਕਰਦੇ ਆ ਤਾਂ ਇੰਜ ਲੱਗਦਾ ਜਿਵੇਂ ਆਪਣਾ ਦੁੱਖ ਸੁਣਾ ਰਹੇ ਹੋਣ। ਪਤਾ ਨਹੀਂ ਆਪਣੇ ਖਿਆਲ ਮੁਤਾਬਿਕ ਉਹ ਜੇਲ੍ਹ ਹੀ ਭੁਗਤ ਰਹੇ ਹੋਣ ਪਰ ਸਮਝ ਨਹੀਂ ਆਉਂਦੀ ਬਈ ਤੰਗ ਕਿਉਂ ਹਨ। ਬਹੁਤ ਥਾਈਂ ਜਾ ਕੇ ਮਿਲ ਕੇ ਪਤਾ ਕੀਤਾ। ਇਸ ਦੁਖਾਂਤ ਦੀ

ਤਹਿ ਤੱਕ ਪਹੁੰਚਣ ਦਾ ਯਤਨ ਕੀਤਾ। ਅੰਤ ਸੁਣ ਕੇ ਮਨ ਬੜਾ ਖਰਾਬ ਹੋਇਆ। ਮੈਂ ਸੋਚਦਾ ਸੀ ਬਈ ਇਹ ਬਹੁਤ ਚੰਗੀ ਗੱਲ ਹੈ ਕਿ ਬੱਚੇ ਆਪਣੇ ਮਾਂ-ਬਾਪ ਨੂੰ ਆਪਣੇ ਕੋਲ ਬੁਲਾ ਕੇ ਸੇਵਾ ਕਰ ਰਹੇ ਹਨ ਪਰ ਪਤਾ ਕੀਤਿਆਂ ਪਤਾ ਲੱਗਾ ਕਿ ਉਹ ਤਾਂ ਰਹਿੰਦੀ ਸੇਵਾ ਇਨ੍ਹਾਂ ਬੁੜ੍ਹੇ-ਬੁੜ੍ਹੀਆਂ ਤੋਂ ਕਰਵਾ ਰਹੇ ਹਨ।

ਇਕ ਪਰਿਵਾਰ 'ਚ ਮੈਂ ਗਿਆ, ਉਹ ਇਕ ਘਰ 'ਚ ਕੋਈ ਸੱਤ-ਅੱਠ ਮੈਂਬਰ ਰਹਿੰਦੇ ਸਨ। ਉਸ ਪਰਿਵਾਰ 'ਚ ਬੁੜ੍ਹਾ-ਬੁੜ੍ਹੀ ਆਪਣੇ ਨੂੰਹ-ਪੁੱਤ ਅਤੇ ਪੋਤੇ-ਪੋਤੀਆਂ ਨਾਲ ਰਹਿੰਦੇ ਸੀ। ਉਹ ਮਕਾਨ 'ਚ ਤੀਜੀ ਮੰਜ਼ਿਲ 'ਤੇ ਰਹਿੰਦੇ ਸੀ। ਮੈਂ ਉਥੇ ਬੈਠ ਕੇ ਕੀ ਦੇਖਦਾ ਹਾਂ, ਅਸੀਂ ਚਾਹ ਪੀਤੀ ਤਾਂ ਸਾਰੇ ਭਾਂਡੇ ਬੇਬੇ ਜੀ ਨੂੰ ਸਾਫ ਕਰਨ ਲਈ ਰੱਖ ਦਿੱਤੇ। ਬੈਠੇ-ਬੈਠੇ ਕੋਈ ਹੋਰ ਆ ਗਿਆ ਅਤੇ ਉਹਨੇ ਘੰਟੀ ਮਾਰ ਦਿੱਤੀ। ਨਾਲ ਹੀ ਉਸ ਦੇ ਵੱਡੇ ਪੁੱਤਰ ਨੇ ਕਿਹਾ ਬਾਪੂ ਜਾ ਥੱਲੇ ਜਾ ਕੇ ਦਰਵਾਜ਼ਾ ਖੋਲ੍ਹ ਕੇ ਆ, ਬਈ ਥੱਲੇ ਜਿਸ ਆਦਮੀ ਨੇ ਘੰਟੀ ਮਾਰੀ ਹੈ, ਉਹ ਉੱਪਰ ਆ ਜਾਵੇ। ਘਰ 'ਚ ਕਿਸੇ ਚੀਜ਼ ਦੀ ਜ਼ਰੂਰਤ ਪਈ ਬਾਪੂ ਜਾਹ ਜਾ ਕੇ ਦੁਕਾਨ ਤੋਂ ਭੱਜ ਕੇ ਆਹ ਚੀਜ਼ ਲੈ ਕੇ ਆ। ਉੱਧਰ ਨੂੰਹ ਬੇਬੇ ਜੀ ਨੂੰ ਸਬਜ਼ੀ ਦਾ ਕੋਈ ਕਰੋ ਇੰਤਜ਼ਾਮ ਐਦਾਂ ਕਰੋ ਅੱਜ ਭਿੰਡੀਆਂ ਬਣਾਓ ਭਰ ਕੇ, ਬੇਬੇ ਜੀ ਬੋਲੇ ਪੁੱਤ ਭਰ ਕੇ ਮੈਥੋਂ ਨਹੀਂ ਸੂਤ ਆਉਂਦੀਆਂ, ਨੂੰਹ ਝੱਟ ਬੋਲੀ ਚੱਲੋ ਦੂਸਰੇ ਤਰ੍ਹਾਂ ਬਣਾ ਲਉ ਉਦਾਂ ਵੀ ਚੰਗੀਆਂ ਲੱਗਦੀਆਂ ਹਨ। ਆਪ ਉਹ ਮੇਰੇ ਨਾਲ ਸੋਫੇ 'ਤੇ ਬੈਠੇ ਗੱਲਾਂ ਕਰੀ ਜਾਣ। ਬੇਬੇ ਬਾਪੂ ਮਸ਼ੀਨ ਵਾਂਗ ਸਾਰੇ ਘਰ ਦੇ ਕੰਮਾਂ 'ਚ ਏਨਾ ਰੁੱਝੇ ਹੋਏ ਸਨ ਕਿ ਮੈਂ ਕਹਿਨਾਂ ਦਿਲ 'ਚ ਸੋਚਦੇ ਹੋਣੇ ਆ ਬਈ ਅਗਰ ਅਸੀਂ ਜਵਾਨੀ ਵੇਲੇ ਏਨਾ ਤੇਜ਼ ਚਲਦੇ ਤਾਂ ਸ਼ਾਇਦ ਆਹ ਦਿਨ ਨਾ ਦੇਖਣੇ ਪੈਂਦੇ।

ਉਸੇ ਬਾਪੂ ਨੂੰ ਮੈਂ ਇਕ ਦਿਨ ਗੁਰਦੁਆਰੇ ਮਿਲ ਗਿਆ, ਮੈਂ ਕਿਹਾ ਆਓ ਬਜ਼ੁਰਗੋ ਘਰ ਲੈ ਚੱਲੀਏ। ਉਹਨੇ ਲੇਲ੍ਹੜੀ ਜਿਹੀ ਕੱਢ ਕੇ ਕਿਹਾ, ਭੌਰੇ ਫਿਰ ਕਿਸੇ ਦਿਨ ਆਵਾਂਗੇ, ਮੈਂ ਕਿਹਾ ਕਿਉਂ ਅੱਜ ਕਿਉਂ ਨਹੀਂ। ਮੈਂ ਉਹਨੂੰ (ਉਹਦੇ ਮੁੰਡੇ ਨੂੰ) ਫੋਨ ਕਰ ਦੇਵਾਂਗਾ ਬਈ ਬਾਪੂ ਸਾਡੇ ਵੱਲ ਹੈ। ਉਹਨੇ ਹੱਥ ਜੋੜ ਕੇ ਕਿਹਾ ਨਹੀਂ-ਨਹੀਂ ਮੈਨੂੰ ਜਾਣ ਦੇ ਫੇਰ ਸਹੀ ਕਿਸੇ ਦਿਨ, ਉਹ ਮੈਨੂੰ ਚਾਰ ਪੰਜ ਵਾਰ ਫੇਰ ਸਚੀਂ ਕਿਸੇ ਦਿਨ ਕਹਿ ਕੇ ਚਲਦਾ ਰਿਹਾ। ਇਕ ਦਿਨ ਮੈਂ ਕਿਹਾ ਬਾਪੂ ਜੀ ਸਵਰਗਾਂ 'ਚ ਫਿਰਦੇ ਹੋ। ਕੋਈ ਚੰਗੇ ਕੰਮ ਕੀਤੇ ਸੀ, ਜਿਹੜਾ ਐਸ ਉਮਰੇ ਅਮਰੀਕਾ ਘੁੰਮ ਰਹੇ ਹੋ।

ਬਾਪੂ ਨੇ ਆਲਾ-ਦੁਆਲਾ ਦੇਖਿਆ ਤਾਂ ਮੈਨੂੰ ਕਹਿਣ ਲੱਗਾ। ਅਸੀਂ ਤਾਂ ਮਾੜੇ ਕਰਮ ਕੀਤੇ ਆ ਜਿਹੜਾ ਅਮਰੀਕਾ ਵਿਚ ਆਂ। ਮੈਂ ਕਿਹਾ ਕੀ ਗੱਲ ਹੋ ਗਈ, ਕਹਿੰਦਾ ਆਪ ਤਾਂ ਇਹ ਕੰਮਾਂ 'ਤੇ ਚਲੇ ਜਾਂਦੇ ਆ ਸਾਨੂੰ ਬੋਲੀ ਵੀ ਨਹੀਂ ਆਉਂਦੀ, ਜਿਹੜਾ ਕਿਸੇ ਨਾਲ ਗੱਲਬਾਤ ਕਰੀਏ। ਦੂਜਾ ਸਾਡੀ ਡਿਊਟੀ ਆ ਬਈ ਘਰ ਸਾਫ ਕਰਨਾ ਅਤੇ ਰੋਟੀ ਪਾਣੀ ਬਣਾ ਕੇ ਰੱਖਣਾ। ਹੁਣ ਤੂੰ ਹੀ ਦੱਸ ਪੁੱਤ ਭੌਰੇ ਆਹ ਉਮਰ

ਅਤੇ ਆਹ ਸਰੀਰ ਹੁਣ ਕੰਮ ਕਰਨ ਵਾਲਾ ਹੈ। ਅਗਰ ਨਹੀਂ ਕਰਦੇ ਆਂ ਤਾਂ ਸਾਨੂੰ ਟੁੱਟ-ਟੁੱਟ ਪੈਂਦੇ ਆ-ਬਈ ਕੋਈ ਮਾੜਾ ਮੋਟਾ ਕੰਮ ਹੀ ਕਰ ਲਿਆ ਕਰੋ। ਸਾਡੇ ਪਾਸਪੋਰਟ ਵੀ ਪਤਾ ਨਹੀਂ ਕਿੱਥੇ ਰੱਖੇ ਆ, ਅਸੀਂ ਤਾਂ ਨਿੱਤ ਮਿੰਨਤਾਂ ਕਰਦੇ ਆਂ ਬਈ ਸਾਨੂੰ ਇੰਡੀਆ ਭੇਜ ਦਿਉ। ਕਦੀ ਕਹਿ ਦਿੰਦੇ ਐਸ ਸਾਲ ਕਦੇ ਅਗਲੇ ਸਾਲ ਏਦਾਂ ਕਰਦਿਆਂ-ਕਰਦਿਆਂ ਸਾਲ ਲੰਘੀ ਜਾ ਰਹੇ ਆ।

ਇਕ ਮੈਂ ਆਪਣੇ ਹੋਰ ਮਿੱਤਰ ਦੇ ਗਿਆ ਅਤੇ ਉਥੇ ਵੀ ਮੇਰੀ ਮੁਲਾਕਾਤ ਇਕ ਬਾਪੂ ਨਾਲ ਹੋਈ। ਉਹ ਤਾਂ ਬਹੁਤ ਸਤਿਆ ਪਿਆ ਹੈ। ਜਿਵੇਂ ਪਿੰਜਰੇ 'ਚ ਕੋਈ ਜਾਨਵਰ ਫੜ-ਫੜਾਂਦਾ ਹੋਵੇ। ਉਹ ਆਪਣੇ ਤਿੰਨ ਚਾਰ ਪੋਤੇ ਪੋਤੀਆਂ ਨੂੰ ਜਿਹੜੇ ਅਜੇ ਵਿਚਾਰੇ ਛੋਟੇ-ਛੋਟੇ ਆ, ਨੂੰ ਗੋਦ ਖਿਡਾਉਂਦਾ ਹੈ। ਉਹਦੇ ਵੀ ਨੂੰਹ-ਪੁੱਤ ਸਵੇਰੇ ਕੰਮ 'ਤੇ ਚਲੇ ਜਾਂਦੇ ਆ ਅਤੇ ਰਾਤ ਹਨੇਰੇ ਹੋਏ ਘਰ ਆਉਂਦੇ ਆ। ਆ ਕੇ ਰੋਟੀ ਬਣਾਉਣੀ ਅਤੇ ਫਿਰ ਸਭ ਨੇ ਖਾਣੀ ਹੈ। ਏਸ ਬਾਪੂ ਨੂੰ ਰੋਟੀ ਨਹੀਂ ਬਣਾਉਣੀ ਪੈਂਦੀ। ਬੱਸ ਦੋ ਛੋਟੇ ਬੱਚੇ ਆ ਜਿਨ੍ਹਾਂ ਦੇ ਡਾਈਪਰ ਚੇਂਜ ਕਰਨੇ ਹੁੰਦੇ ਆ। ਉਨ੍ਹਾਂ ਨੂੰ ਨਹਾਉਣਾ ਹੁੰਦਾ। ਸਾਰੀ ਦਿਹਾੜੀ ਚੰਗੀ ਮਾਂ ਵਾਂਗ ਇਨ੍ਹਾਂ ਦਾ ਪੂਰਾ ਖਿਆਲ ਰੱਖਣਾ ਹੁੰਦਾ ਹੈ। ਇਹ ਬਾਪੂ ਮੈਨੂੰ ਕਹਿੰਦਾ ਆਹ ਦੇਖ ਲੈ ਐਸ ਉਮਰੇ ਮੈਥੋਂ ਬੁੜ੍ਹੀਆਂ ਵਾਲਾ ਕੰਮ ਕਰਾਉਂਦੇ ਆ। ਮੈਥੋਂ ਭਲਾ ਹੁੰਦਾ ਆ। ਬਈ ਡਾਲਰ ਨਾਲ ਲੈ ਜਾਣੇ ਆ, ਆਪਣੇ ਬੱਚੇ ਤਾਂ ਆਪ ਸਾਂਭੋ ਚੰਗੀ ਤਰ੍ਹਾਂ ਅਤੇ ਮੈਨੂੰ ਛੁੱਟੀ ਦਿਉ ਮੈਂ ਇੰਡੀਆ ਜਾਵਾਂ।

ਕੰਮ ਘਰ ਦਾ ਕਰਨਾ ਕੋਈ ਗੁਨਾਹ ਨਹੀਂ ਹੈ। ਪਰ ਜਦ ਸਾਡੇ ਮਾਂ-ਬਾਪ ਘਰੇਲੂ ਕੰਮ ਕਰਨ ਤੋਂ ਅਸਮਰੱਥ ਹਨ ਤਾਂ ਸਾਨੂੰ ਬੇਮਤਲਬ ਉਨ੍ਹਾਂ ਦੀ ਆਤਮਾ ਨੂੰ ਦੁਖੀ ਨਹੀਂ ਕਰਨਾ ਚਾਹੀਦਾ। ਅਗਰ ਮੰਗਵਾਏ ਤਾਂ, ਸੇਵਾ ਕਰੋ। ਭਾਵੇਂ ਤੰਗ ਨਾ ਕਰੋ। ਸਾਡੇ ਮਾਂ-ਬਾਪ ਤਾਂ ਇਸ ਤਰ੍ਹਾਂ ਦੇ ਹੁੰਦੇ ਹਨ ਬਈ ਅਗਰ ਇਹ ਤੰਦਰੁਸਤ ਹੋਣ ਤਾਕਤਵਰ ਹੋਣ ਤਾਂ ਇਹ ਆਪ ਹੀ ਟਿਕ ਕੇ ਨਹੀਂ ਬਹਿੰਦੇ। ਪਰ ਜਦੋਂ ਸਰੀਰ ਹੀ ਜਵਾਬ ਦੇ ਜਾਵੇ ਉਦੋਂ ਤਾਂ ਆਰਾਮ ਦੀ ਹੀ ਜ਼ਰੂਰਤ ਹੁੰਦੀ ਹੈ। ਪਰ ਕਈ ਐਸੇ ਪੁੱਤਰ ਵੀ ਹਨ। ਇਕ ਮੇਰਾ ਦੋਸਤ ਸਾਡੇ ਘਰ ਆਇਆ ਅਤੇ ਨਾਲ ਉਸ ਦੇ ਉਹਦਾ ਡੈਡੀ। ਸਲਾਮ ਦੁਆ ਹੋਈ ਬਹਿ ਗਏ ਪੈੱਗ ਲੱਗਣ ਲੱਗ ਪਏ। ਦੌਰ ਥੋੜ੍ਹਾ ਗਰਮ ਹੋਇਆ ਤਾਂ ਗੱਲਾਂ-ਗੱਲਾਂ ਵਿਚ ਮੇਰੇ ਇਕ ਹੋਰ ਦੋਸਤ ਨੇ ਡੈਡੀ ਵਾਲੇ ਦੋਸਤ ਨੂੰ ਕਿਹਾ ਬਾਈ ਜੀ ਬਾਪੂ ਹੋਰੀਂ ਕਿੰਨੀ ਕੁ ਉਮਰ ਦੇ ਹਨ ਉਹਨੇ ਪਤਾ ਨਹੀਂ ਉਸ ਟਾਈਮ ਸੱਠ ਦੱਸਿਆ ਜਾਂ ਪੈਂਹਠ ਦੱਸਿਆ ਪੂਰਾ ਯਾਦ ਨਹੀਂ। ਖ਼ੈਰ ਪਹਿਲੇ ਦੋਸਤ ਨੇ ਕਿਹਾ ਬਾਈ ਬਾਪੂ ਨੂੰ ਤਾਂ ਪੈਸੇ ਲੱਗ ਜਾਣੇ ਆ। ਇਹਨੂੰ ਵੈੱਲਫੇਅਰ ਲੁਆ ਦੇ। ਬਾਪੂ ਵਾਲਾ ਦੋਸਤ ਬੋਲਿਆ, ਬਾਈ ਤੈਨੂੰ ਪਤਾ ਵੈੱਲਫੇਅਰ ਕਿਵੇਂ ਮਿਲਦੀ ਆ। ਪਹਿਲਾ ਦੋਸਤ ਬੋਲਿਆ ਕਿਵੇਂ ਮਿਲਦੀ ਆ। ਬਾਪੂ ਵਾਲਾ ਦੋਸਤ ਬੋਲਿਆ ਵੈੱਲਫੇਅਰ ਫਾਰਮ 'ਚ ਇਕ ਕਾਲਮ ਆਉਂਦਾ ਬਈ ਇਹ ਪੈਸੇ ਤੁਹਾਨੂੰ ਤਾਂ ਮਿਲਣੇ ਆ ਅਗਰ

ਤੁਹਾਡਾ ਇਸ ਧਰਤੀ 'ਤੇ ਕੋਈ ਵਾਲੀਵਾਰਸ ਨਹੀਂ ਹੈ ਤਾਂ। ਹੁਣ ਤੂੰ ਹੀ ਦੱਸ ਬਈ ਇਨ੍ਹਾਂ ਥੋੜ੍ਹੇ ਜਿਹੇ ਡਾਲਰਾਂ ਪਿੱਛੇ ਸਾਡਾ ਬਾਪੂ ਇਹ ਲਿਖ ਦੇਵੇ ਕਿ ਮੇਰਾ ਕੋਈ ਹੈ ਨਹੀਂ। ਸਾਨੂੰ ਪੜ੍ਹਾਇਆ ਲਿਖਾਇਆ, ਹਰ ਚੀਜ਼ ਜ਼ਿੰਦਗੀ ਵਿਚ ਦਿੱਤੀ ਅੱਜ ਅਸੀਂ ਏਨੇ ਜੋਗੇ ਵੀ ਨਹੀਂ ਕਿ ਇਨ੍ਹਾਂ ਨੂੰ ਦੋ ਵਕਤ ਰੋਟੀ ਵੀ ਨਾ ਦੇ ਸਕੀਏ।

ਉਹ ਕਾਫੀ ਭਾਵੁਕ ਹੋ ਗਿਆ। ਲਾਹਨਤ ਹੈ ਉਨ੍ਹਾਂ ਲੋਕਾਂ ਦੇ ਜਿਹੜੇ ਆਪਣੇ ਮਾਂ-ਬਾਪ ਦੀ ਸੇਵਾ ਨਹੀਂ ਕਰ ਸਕਦੇ। ਮੈਂ ਆਪਣੇ ਦੋਸਤ ਦੀਆਂ ਗੱਲਾਂ ਸੁਣ ਕੇ ਹੈਰਾਨ ਹੋ ਗਿਆ। ਕਾਸ਼ ਇਸੇ ਤਰ੍ਹਾਂ ਦੇ ਸਭ ਧੀਆਂ-ਪੁੱਤਰ ਹੋਣ ਤਾਂ ਹਰ ਜਗ੍ਹਾ ਹੀ ਸਵਰਗ ਬਣ ਜਾਵੇ।

○○

21

ਹੁਣ ਵਿਆਹੁਣ ਵਲੈਤੀਏ ਮੁੰਡੇ-ਕੁੜੀਆਂ ਇੰਡੀਆ 'ਚ !

ਮਾਂ-ਬੋਲੀ ਦਾ ਮਤਲਬ ਹੈ ਕਿ ਜਿਹੜੀ ਬੋਲੀ ਤੁਹਾਡੀ ਮਾਂ ਬੋਲਦੀ ਹੈ ਅਤੇ ਜਿਸ ਮਾਤਰ-ਭੂਮੀ 'ਤੇ ਤੁਸੀਂ ਜਨਮ ਲਿਆ, ਉਸ ਭੂਮੀ ਦੀ ਬੋਲੀ ਨੂੰ ਮਾਂ-ਬੋਲੀ ਕਿਹਾ ਜਾਂਦਾ ਹੈ। ਤੁਸੀਂ ਆਪਣੀ ਮਾਂ-ਬੋਲੀ ਭੁੱਲ ਗਏ ਤਾਂ ਸਮਝੋ ਤੁਸੀਂ ਮਾਂ ਨਾਲੋਂ ਟੁੱਟ ਗਏ। ਹੁਣੇ ਜਿਹੇ ਮੈਂ ਇਕ ਕਿਤਾਬ ਰਿਲੀਜ਼ ਸਮਾਰੋਹ ਵਿਚ ਸ਼ਿਰਕਤ ਕਰਨ ਗਿਆ ਉਥੇ ਕਾਫੀ ਉੱਘੇ ਸ਼ਾਇਰ, ਗੀਤਕਾਰ, ਨਾਵਲਕਾਰ ਅਤੇ ਹੋਰ ਬਹੁਤ ਬੁੱਧੀਜੀਵੀ ਸ਼ਖਸੀਅਤਾਂ ਨੇ ਹਾਜ਼ਰੀ ਲਵਾਈ। ਉਥੇ ਪੰਜਾਬ ਤੋਂ ਉੱਘੇ ਗ਼ਜ਼ਲਗੋ ਅਤੇ ਹੁਣ ਨਿਊਯਾਰਕ ਵਿਚ ਪੱਕੇ ਤੌਰ 'ਤੇ ਰਹਿ ਰਹੇ ਸੁਰਿੰਦਰ ਸੋਹਲ ਨੇ ਇਕ ਗੱਲ ਕਹੀ ਕਿ ਉਸ ਦਾ ਇਕ ਮਿੱਤਰ ਦਾਗਿਸਤਾਨ ਤੋਂ ਅਮਰੀਕਾ ਆਇਆ ਅਤੇ ਅਮਰੀਕਾ 'ਚ ਆਏ ਨੂੰ ਉਹਦਾ ਇਕ ਦਾਗਿਸਤਾਨੀ ਮਿੱਤਰ ਟੱਕਰ ਗਿਆ। ਉਸ ਨੇ ਉਸ ਨਾਲ ਖੂਬ ਗੱਲਾਬਾਤਾਂ ਕੀਤੀਆਂ ਅਤੇ ਦੱਸਿਆ ਕਿ ਮੈਂ ਵਾਪਸ ਦਾਗਿਸਤਾਨ ਜਾ ਰਿਹਾ

ਹਾਂ। ਤੇਰੀ ਮਾਂ ਤੈਨੂੰ ਬਹੁਤ ਯਾਦ ਕਰਦੀ ਰਹਿੰਦੀ ਹੈ ਕਿ ਤੂੰ ਉਸ ਨੂੰ ਅਮਰੀਕਾ ਆਉਣ ਤੋਂ ਬਾਅਦ ਕੋਈ ਟੈਲੀਫੋਨ ਜਾਂ ਚਿੱਠੀ ਨਹੀਂ ਪਾਈ ਪਰ ਹੁਣ ਮੈਂ ਜਾ ਰਿਹਾ ਹਾਂ ਅਤੇ ਮੈਂ ਸਾਰੀ ਗੱਲਬਾਤ ਜਾ ਕੇ ਦੱਸਾਂਗਾ। ਦਾਗਿਸਤਾਨੀ ਮਿੱਤਰ ਦਾਗਿਸਤਾਨ ਵਾਪਸ ਗਿਆ ਅਤੇ ਉਸ ਨੇ ਜਾ ਕੇ ਆਪਣੇ ਦਾਗਿਸਤਾਨੀ ਮਿੱਤਰ ਦਾ ਉਸ ਦੀ ਮਾਂ ਨੂੰ ਰਾਜ਼ੀ-ਖੁਸ਼ੀ ਦੱਸੀ। ਗੱਲਬਾਤ ਦੌਰਾਨ ਉਸ ਦੀ ਮਾਂ ਬਹੁਤ ਖੁਸ਼ ਹੋਈ ਕਿ ਮੇਰਾ ਪੁੱਤਰ ਜਿਊਂਦਾ ਹੈ ਅਤੇ ਠੀਕ-ਠਾਕ ਹੈ। ਆਖਰ 'ਚ ਉਸ ਨੇ ਪੁੱਛਿਆ ਕਿ ਮੈਨੂੰ ਇਕ ਗੱਲ ਦੱਸ ਜਦੋਂ ਮੇਰਾ ਪੁੱਤਰ ਤੇਰੇ ਨਾਲ ਗੱਲਬਾਤ ਕਰਦਾ ਸੀ ਤਾਂ ਉਹ ਦਾਗਿਸਤਾਨੀ ਭਾਸ਼ਾ ਵਿਚ ਬੋਲਦਾ ਸੀ। ਉਸ ਨੇ ਜਵਾਬ ਦਿੱਤਾ ਮਾਤਾ ਨਹੀਂ, ਉਹ ਅੰਗਰੇਜ਼ੀ ਵਿਚ ਗੱਲ ਕਰਦਾ ਸੀ। ਸਾਡੇ ਦੋਵਾਂ ਵਿਚਕਾਰ ਇਕ-ਦੋ ਭਾਸ਼ੀਆ ਸੀ, ਜਿਹੜਾ ਮੇਰੀ ਗੱਲ ਸੁਣ ਕੇ ਉਹਨੂੰ ਦੱਸਦਾ ਅਤੇ ਉਹਦੀ ਗੱਲ ਸੁਣ ਕੇ ਮੈਨੂੰ ਦਾਗਿਸਤਾਨੀ ਵਿਚ ਦੱਸਦਾ ਸੀ। ਕਹਿੰਦਾ ਉਸ ਦੀ ਮਾਂ ਨੇ ਮੂੰਹ ਉੱਪਰ ਕੱਪੜਾ ਲੈ ਲਿਆ। ਕਹਿੰਦੇ ਦਾਗਿਸਤਾਨ 'ਚ ਕੋਈ ਮਾਂ ਉਦੋਂ ਕੱਪੜਾ ਮੂੰਹ 'ਤੇ ਲੈਂਦੀ ਹੈ ਜਦੋਂ ਉਹਦਾ ਜਵਾਨ ਪੁੱਤ ਮਰ ਜਾਵੇ। ਸੋ ਇਹ ਸਾਰੀ ਗੱਲ ਲਿਖਣ ਦਾ ਮਤਲਬ ਏਨਾ ਹੀ ਸੀ ਕਿ ਜਿਹੜਾ ਇਨਸਾਨ ਆਪਣਾ ਸੱਭਿਆਚਾਰ, ਆਪਣੀ ਮਾਂ-ਬੋਲੀ ਭੁੱਲ ਗਿਆ ਉਹ ਸਮਝੋ ਦੂਜਿਆਂ ਲਈ ਜਿਊਂਦੇ ਜੀਅ ਮਰ ਗਿਆ।

ਇੰਗਲੈਂਡ ਵਿਚ ਜਨ-ਜੀਵਨ ਦੇ ਅੰਕੜਿਆਂ ਅਨੁਸਾਰ ਭਾਰਤੀਆਂ ਦੀ ਇੰਗਲੈਂਡ 'ਚ ਤੀਜੀ ਪੀੜ੍ਹੀ ਚਲ ਰਹੀ, ਜਿਹਨੂੰ ਕਿ ਪੰਜਾਬੀ ਦਾ ਬਿਲਕੁਲ ਪਤਾ ਨਹੀਂ। ਜਿਹੜੇ ਮਾਂ-ਬਾਪ ਥੋੜ੍ਹੀ ਬਹੁਤ ਘਰਾਂ 'ਚ ਪੰਜਾਬੀ ਬੋਲਦੇ ਸੀ, ਬਸ ਉਨ੍ਹਾਂ ਦੇ ਹੀ ਬੱਚੇ ਥੋੜ੍ਹੀ ਜਿਹੀ ਪੰਜਾਬੀ ਬੋਲਦੇ ਆ, ਉਹ ਵੀ ਕਾਹਦੀ ਨਾ-ਮਾਤਰ ਜਿਹੀ, ਜਿਹੜੀ ਸਮਝ ਵੀ ਨਹੀਂ ਆਉਂਦੀ। ਬਾਕੀ ਦੂਜੀਆਂ ਕੌਮਾਂ ਨਾਲੋਂ ਸਿੱਖ ਕੌਮ ਕਾਫੀ ਪੰਜਾਬੀ ਨੂੰ ਨਿਰੰਤਰ ਰੂਪ ਵਿਚ ਰੱਖਣਾ ਚਾਹੁੰਦੀ ਹੈ। ਇਥੇ ਇਕ ਗੱਲ ਮੈਂ ਜ਼ਰੂਰ ਦੱਸਾਂਗਾ ਕਿ ਸਭ ਤੋਂ ਜ਼ਿਆਦਾ ਕਸੂਰ ਮਾਂ-ਬਾਪ ਦਾ ਹੈ। ਮਾਂ-ਬੋਲੀ ਤਾਂ ਬੱਚੇ ਨੇ ਮਾਂ ਦੇ ਮੂੰਹੋਂ ਸਿੱਖਣੀ ਹੈ। ਅਗਰ ਮਾਂ ਹੀ ਅੰਗਰੇਜ਼ੀ ਬੋਲਦੀ ਹੈ ਤਾਂ ਬੱਚਾ ਤਾਂ ਬੋਲੇਗਾ ਹੀ। ਜਿਨ੍ਹਾਂ ਪਰਿਵਾਰਾਂ 'ਚ ਮਾਂ-ਬਾਪ ਪੰਜਾਬੀ ਬੋਲਦੇ ਆ ਉਨ੍ਹਾਂ ਦੇ ਬੱਚੇ ਅਜੇ ਵੀ ਕਾਫੀ ਪੰਜਾਬੀ ਸਮਝ ਅਤੇ ਬੋਲ ਲੈਂਦੇ ਹਨ।

ਇਸੇ ਹੀ ਕੜੀ ਤੋਂ ਗੱਲ ਸ਼ੁਰੂ ਹੁੰਦੀ ਹੈ ਰਿਸ਼ਤਿਆਂ ਦੀ। ਪੰਜਾਬੀ ਬੋਲੀ ਵਾਂਗ ਹੀ ਉਥੋਂ ਦੇ ਨੌਜਵਾਨ ਮੁੰਡੇ-ਕੁੜੀਆਂ ਨੇ ਪਿਆਰ ਕਰਨਾ ਵੀ ਗੋਰਿਆਂ ਵਾਂਗ ਹੀ ਸ਼ੁਰੂ ਕਰ ਦਿੱਤਾ ਹੈ। 'ਗਰਲ ਫਰੈਂਡ' ਬਣਾਉਣੀਆਂ, 'ਬੁਆਏ ਫਰੈਂਡ' ਬਣਾਉਣੇ ਆਮ ਵਾਂਗ ਗੱਲ ਹੈ।

ਕੁਝ ਕੁ ਪਰਿਵਾਰਾਂ ਨੂੰ ਛੱਡ ਕੇ ਮੁੰਡੇ-ਕੁੜੀਆਂ ਵਿਆਹ ਤੋਂ ਪਹਿਲਾਂ ਇਕ ਦੂਜੇ ਦੇ ਘਰ ਵੀ ਆਉਣ ਜਾਣ ਲੱਗ ਪੈਂਦੇ ਹਨ। ਇਹ ਨਹੀਂ ਕਿ ਉਨ੍ਹਾਂ ਨੇ ਆਪਸ 'ਚ ਵਿਆਹ ਕਰਾਉਣਾ ਹੁੰਦਾ ਹੈ, ਤਾਂ ਆਉਂਦੇ ਜਾਂਦੇ ਹਨ। ਵਿਆਹ ਪਤਾ ਨਹੀਂ

ਕਦੋਂ ਤੇ ਕਿੱਥੇ ਕਰਾਉਣਾ ਹੈ। ਲਵ-ਮੈਰਿਜ ਦਾ ਜ਼ੋਰ ਕਾਫੀ ਹੈ। ਮੇਰੇ ਖਿਆਲ ਵਿਚ 90 ਪ੍ਰਤੀਸ਼ਤ ਲੋਕ 'ਲਵ-ਮੈਰਿਜ' ਕਰਵਾਉਂਦੇ ਹਨ। ਇਸੇ ਕਰਕੇ ਤਲਾਕ ਵਾਲੇ ਵਕੀਲ ਵੀ ਕਾਫੀ ਬਿਜ਼ੀ ਰਹਿੰਦੇ ਹਨ। ਦੋ ਵਿਆਹ ਤਾਂ ਆਮ ਜਿਹੀ ਗੱਲ ਹੈ। ਮਾਪੇ ਇਸ ਕਾਰਜ 'ਚ ਅਸਮਰੱਥ ਹਨ ਕਿਉਂਕਿ ਇੰਗਲੈਂਡ ਦੇ ਕਾਨੂੰਨਾਂ ਮੁਤਾਬਿਕ ਉਹ ਉਨ੍ਹਾਂ ਨੂੰ ਕੁਝ ਕਹਿ ਨਹੀਂ ਸਕਦੇ। ਇਹ ਵੀ ਇਕ ਕਾਰਨ ਹੈ ਕਿ ਮੁੰਡੇ ਅਤੇ ਕੁੜੀਆਂ ਕਿਸੇ ਦੀ ਪ੍ਰਵਾਹ ਨਹੀਂ ਕਰਦੇ। ਹੁਣ ਹੋ ਕੀ ਰਿਹਾ ਹੈ। ਜਿਹੜੇ ਇਸ ਤਰ੍ਹਾਂ ਦੇ ਪਿਆਰ-ਵਿਆਹ ਹਨ, ਉਹ ਤਾਂ ਸੌ 'ਚੋਂ ਦੋ ਹੀ ਨਿਭਦੇ ਹਨ। ਬਾਕੀ ਸਭ ਬਰਬਾਦ ਅਤੇ ਜਦੋਂ ਇਹ ਬਰਬਾਦ ਹੋਏ ਮੁੰਡੇ ਕੁੜੀਆਂ ਹੱਸਦੇ-ਖੇਡਦੇ ਜੋੜਿਆਂ ਵੱਲ ਦੇਖਦੇ ਹਨ ਤਾਂ ਪਤਾ ਚਲਦਾ ਹੈ ਕਿ ਉਸ ਜੋੜੇ ਵਿਚ ਇਕ ਪਾਸਾ ਇੰਡੀਆ ਤੋਂ ਆਇਆ ਹੈ। ਭਾਵ ਉਹ ਮੁੰਡੇ ਜਾਂ ਕੁੜੀ ਨੇ ਇੰਡੀਆ ਤੋਂ ਖਾਨਦਾਨੀ ਅਤੇ ਸੂਝਵਾਨ ਕੁੜੀ ਜਾਂ ਮੁੰਡਾ ਲਿਆਂਦਾ ਹੈ। ਦੇਖੋ-ਦੇਖੀ ਉਹ ਵੀ ਫਿਰ ਇੰਡੀਆ ਵੱਲ ਵਹੀਰਾਂ ਘੱਤ ਲੈਂਦੇ ਹਨ। ਕਈ ਤਾਂ ਕਾਮਯਾਬ ਹੋਏ ਹਨ ਅਤੇ ਕਈ ਪਹਿਲੀਆਂ ਆਦਤਾਂ ਨਾ ਛੱਡਣ ਕਾਰਨ ਫਿਰ ਲੀਹ ਤੋਂ ਲਹਿ ਗਏ। ਮੇਰੇ ਰਿਸ਼ਤੇਦਾਰਾਂ 'ਚ ਵੀ ਬਿਲਕੁਲ ਇਸੇ ਤਰ੍ਹਾਂ ਵਾਪਰਿਆ। ਇਕ ਮੁੰਡਾ ਇੰਡੀਆ ਦੀ ਪੜ੍ਹੀ-ਲਿਖੀ ਕੁੜੀ ਨਾਲ ਵਿਆਹ ਕਰਵਾ ਲਿਆਇਆ ਜਦ ਦੇਖਿਆ ਬਈ ਉਹ ਕੁੜੀ ਆਪਣੇ ਪਤੀ ਦੀ ਅਤੇ ਉਸ ਦੇ ਸਾਰੇ ਪਰਿਵਾਰ ਦੀ ਕਿੰਨੀ ਇੱਜ਼ਤ ਕਰਦੀ ਹੈ। ਕਿਵੇਂ ਪਿਆਰ ਨਾਲ ਜੀ-ਜੀ ਕਹਿ ਕੇ ਬੁਲਾਉਂਦੀ ਹੈ। ਉਹਦੇ ਵੱਲ ਦੇਖ ਕੇ ਦੂਜਾ ਮੁੰਡਾ ਵੀ ਗਿਆ ਇੰਡੀਆ ਵਿਆਹ ਕਰਵਾ ਕੇ ਆ ਗਿਆ। ਮੇਰੇ ਇੰਗਲੈਂਡ ਹੁੰਦਿਆਂ ਹੀ ਉਸ ਦੀ ਵਹੁਟੀ ਵੀ ਘਰ ਆ ਗਈ। ਇਹ ਸਭ ਕੁਝ ਦੇਖ ਕੇ ਮੈਂ ਬਹੁਤ ਖੁਸ਼ ਹੋਇਆ। ਫਿਰ ਮੈਂ ਮੁੰਡਿਆਂ ਤੋਂ ਜੋ ਰਿਸ਼ਤੇ 'ਚ ਮੇਰੇ ਭਰਾ ਲੱਗਦੇ ਸਨ, ਨੂੰ ਪੁੱਛਿਆ ਬਈ ਤੁਸੀਂ ਇੰਡੀਆ ਵਿਆਹ ਕਿਉਂ ਕਰਾਉਣਾ ਪਸੰਦ ਕਰਾਇਆ, ਜਦੋਂ ਕਿ ਪਹਿਲਾਂ ਤਾਂ ਤੁਸੀਂ ਇੰਡੀਆ ਜਾਣ ਤੋਂ ਵੀ ਡਰਦੇ ਸੀ। ਉਹ ਕਹਿੰਦੇ ਇਹਦੇ ਕਈ ਫਾਇਦੇ ਆ ਭਾ ਜੀ। ਨੰਬਰ ਇਕ ਇਹ ਪੰਜਾਬੀ ਵੀ ਸਾਨੂੰ ਸਿਖਾਊਗੀ। ਸਾਰੇ ਪਰਿਵਾਰ ਨੂੰ ਵੀ ਸਿਖਾਊਗੀ ਅਤੇ ਮੇਰੀ ਯਾਣੀ ਸਾਡੀ ਇੱਜ਼ਤ ਵੀ ਬਹੁਤ ਕਰਦੀਆਂ ਹਨ। ਜੀ ਕਹਿ ਕੇ ਬੁਲਾਉਂਦੀਆਂ ਹਨ। ਇਸ ਦੇ ਨਾਲ ਹੋਰ ਵੀ ਬਹੁਤ ਸਾਰੀਆਂ ਗੱਲਾਂ ਹਨ ਜੋ ਸਾਨੂੰ ਚੰਗੀਆਂ ਲੱਗੀਆਂ ਅਤੇ ਅਸੀਂ ਹੌਲੀ-ਹੌਲੀ ਫਿਰ ਪੰਜਾਬ ਨਾਲ ਅਤੇ ਆਪਣੀ ਮਾਂ-ਬੋਲੀ ਨਾਲ ਜੁੜਦੇ ਜਾ ਰਹੇ ਹਾਂ। ਬਿਲਕੁਲ ਇਸੇ ਤਰਾਂ ਸਾਡੇ ਆਪਣੇ ਰਿਸ਼ਤੇਦਾਰਾਂ 'ਚ ਦੋ ਮੁੰਡੇ ਅਤੇ ਦੋ ਕੁੜੀਆਂ ਨੇ ਪੰਜਾਬ ਵਿਆਹ ਕਰਵਾਇਆ ਅਤੇ ਜੀਵਨ ਦਾ ਸਭ ਤੋਂ ਵੱਧ ਆਨੰਦ ਮਾਣ ਰਹੇ ਆ। ਇਸੇ ਨੂੰ ਦੇਖ ਕੇ ਲੱਗਦਾ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਵਲੈਤੀਏ ਫ਼ਖਰ ਨਾਲ ਇੰਡੀਆ ਤੋਂ ਮੁੰਡੇ ਕੁੜੀਆਂ ਵਿਆਹ ਕੇ ਆਪਣਾ ਆਉਣ ਵਾਲਾ ਜੀਵਨ ਸੁਖਾਵਾਂ ਬਣਾਉਣਗੇ ਅਤੇ ਆਪਣੀ ਧਰਤ ਪੰਜਾਬ ਨਾਲ ਤੇ ਪੰਜਾਬੀ ਨਾਲ ਵੀ ਜੁੜੇ ਰਹਿਣਗੇ।

❍❍

22

ਕਿੱਦਾ ਰਹਿੰਦੇ ਨੇ ਯੂਰਪ ਦੇਸ਼ਾਂ 'ਚ ਪੰਜਾਬੀ

ਇਸ ਵਾਰ ਮੈਂ ਗਰਮੀਆਂ ਦੀਆਂ ਛੁੱਟੀਆਂ 'ਚ ਬੱਚਿਆਂ ਨੂੰ ਨਾਲ ਲੈ ਕੇ ਪੂਰੇ ਪਰਿਵਾਰ ਸਮੇਤ ਯੂਰਪ ਅਤੇ ਇੰਗਲੈਂਡ ਦਾ ਟੂਰ ਖਿੱਚਿਆ। ਬੜੇ ਨਵੇਂ ਤਜਰਬੇ ਅਤੇ ਪੁਰਾਣੇ ਦੁਹਰਾਏ ਗਏ। ਸਭ ਤੋਂ ਪਹਿਲਾਂ ਮੈਂ ਆਪਣੇ ਪਾਠਕਾਂ ਨੂੰ ਦੱਸ ਦਿਆਂ ਕਿ ਮੇਰਾ ਇਹ ਪੂਰੇ ਪਰਿਵਾਰ ਸਮੇਤ ਇੰਗਲੈਂਡ ਅਤੇ ਫਰਾਂਸ ਦਾ ਪਹਿਲਾ ਦੌਰਾ ਸੀ। ਵੈਸੇ ਮੈਂ ਪਹਿਲਾਂ 4-5 ਵਾਰ ਇਨ੍ਹਾਂ ਦੇਸ਼ਾਂ ਵਿਚ ਜਾ ਚੁੱਕਾ ਹਾਂ। ਇਥੋਂ ਤੱਕ ਕਿ ਪੈਰਿਸ ਵਿਚ ਤਾਂ ਮੈਂ ਸੰਘਰਸ਼ ਦੇ ਦਿਨਾਂ 'ਚ ਕੋਈ ਡੇਢ ਸਾਲ ਰਹਿ ਵੀ ਚੁੱਕਾ ਹਾਂ। ਪੈਰਿਸ ਮੇਰੇ ਲਈ ਕੋਈ ਨਵਾਂ ਸਥਾਨ ਜਾਂ ਸ਼ਹਿਰ ਨਹੀਂ ਸੀ। ਹਾਂ ਇਹ ਜ਼ਰੂਰ ਹੈ ਕਿ ਜਦੋਂ ਵੀ ਮੈਂ ਪੈਰਿਸ ਜਾਂਦਾ ਹਾਂ ਕੁਝ ਨਵੀਆਂ ਨਾਲ ਪੁਰਾਣੀਆਂ ਯਾਦਾਂ ਦਾ ਸੁਮੇਲ ਜ਼ਰੂਰ ਹੋ ਜਾਂਦਾ ਹੈ। ਹਰ ਦੇਸ਼ 'ਚ ਮੇਰਾ ਪ੍ਰਸੰਸਕ ਅਤੇ ਰਿਸ਼ਤੇਦਾਰ ਹੋਣ ਕਰਕੇ ਮੈਨੂੰ ਉਥੋਂ ਦੇ ਜਨ-ਜੀਵਨ ਅਤੇ ਪੰਜਾਬੀਆਂ ਦੇ ਸੰਘਰਸ਼ਮਈ ਜੀਵਨ ਬਾਰੇ ਜਾਣਕਾਰੀ ਮਿਲਦੀ ਰਹਿੰਦੀ ਹੈ।

ਗੱਲ ਆਪਾਂ ਅੱਜ ਪੈਰਿਸ (ਫਰਾਂਸ) ਦੀ ਸ਼ੁਰੂ ਕਰਦੇ ਹਾਂ। ਹਾਂ ਸੱਚ ਮੈਨੂੰ ਯਾਦ ਆ ਗਿਆ ਪਹਿਲਾਂ ਮੈਂ 'ਸੰਗੀਤ ਦਰਪਣ' ਦੇ ਸਾਰੇ ਸਟਾਫ ਅਤੇ ਪ੍ਰੀਤ ਭਾਜੀ ਨੂੰ ਮੁਬਾਰਕਬਾਦ ਦਿੰਦਾ ਹਾਂ ਜਿਨ੍ਹਾਂ ਇੰਟਰਨੈੱਟ 'ਤੇ ਕੌੜੀਆਂ ਪਰ ਸੱਚੀਆਂ ਕਾਲਮ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਨਾਲ ਹੀ ਮੈਂ ਸੰਗੀਤ ਦਰਪਣ ਦੇ ਪਿਆਰੇ ਪਾਠਕਾਂ ਨੂੰ ਵੀ ਵਧਾਈ ਦਿੰਦਾ ਹੋਇਆ ਕਹਾਂਗਾ ਕਿ ਜੋ ਆਪਾਂ ਆਪਣਾ ਪਿਆਰਾ ਮੈਗਜ਼ੀਨ ਸੰਗੀਤ ਦਰਪਣ ਪੜ੍ਹਦੇ ਹਾਂ, ਪੜ੍ਹਦੇ-ਪੜ੍ਹਦੇ ਇਹ ਜ਼ਰੂਰ ਮਹਿਸੂਸ ਕਰਿਆ ਕਰੋ ਜਿਸ ਤਰ੍ਹਾਂ ਆਪ ਚਾਵਾਂ ਨਾਲ ਪੜ੍ਹ ਰਹੇ ਹੋ, ਬਿਲਕੁਲ ਇਸੇ ਤਰ੍ਹਾਂ ਤੁਹਾਡੇ ਵਾਂਗ ਦੁਨੀਆ ਦੇ ਹਰ ਸ਼ਹਿਰ ਅਤੇ ਹਰ ਕੰਪਿਊਟਰ 'ਤੇ ਤੁਹਾਡੇ ਵਾਂਗ ਹੀ ਇਸ ਨੂੰ ਵਿਦੇਸ਼ੀ ਪਾਠਕ ਵੀ ਚਾਵਾਂ ਨਾਲ ਪੜ੍ਹਦੇ ਹਨ ਤੇ ਹਰ ਮਹੀਨੇ ਦੀ ਪਹਿਲੀ ਤਾਰੀਕ ਨੂੰ ਵਿਦੇਸ਼ੀ ਪਾਠਕ ਇੰਟਰਨੈੱਟ 'ਤੇ ਇਸ ਦਾ ਅਨੰਦ ਮਾਣਦੇ ਹਨ।

ਮੈਂ ਗੱਲ ਕਰ ਰਿਹਾ ਸੀ ਪੈਰਿਸ ਦੀ। ਇਕ ਗੱਲ ਧਿਆਨ ਦੇਣ ਵਾਲੀ ਹੈ। ਬਾਹਰ ਆਉਣ ਤੋਂ ਪਹਿਲਾਂ ਹਰ ਪੰਜਾਬੀ ਨੂੰ ਜੋ ਲੱਖਾਂ ਰੁਪਏ ਖਰਚ ਕੇ ਬਾਹਰ ਆਉਂਦਾ ਹੈ। ਉਹ ਇਹ ਸੋਚ ਲਵੇ ਕਿ ਅੱਜ ਤੋਂ ਜ਼ਿੰਦਗੀ ਦਾ ਅਸਲੀ ਸੰਘਰਸ਼ ਸ਼ੁਰੂ ਹੈ। ਪੈਰਿਸ ਵਿਚ ਮੈਂ ਲੱਖਾਂ ਰੁਪਏ ਲਾ ਕੇ ਆਏ ਪੰਜਾਬੀ ਭਰਾਵਾਂ ਨੂੰ ਪੁਲਾਂ ਦੇ ਥੱਲੇ ਸੌਂਦੇ ਵੇਖਿਆ ਅਤੇ ਸੁਣਿਆ। ਬੇਸ਼ੱਕ ਇਹ ਵੀਰ ਇਕ ਦਿਨ ਚੰਗੇ ਬਿਜ਼ਨੈੱਸਮੈਨ ਹੋ ਨਿਬੜਨਗੇ ਪਰ ਜੋ ਹਾਲਾਤ ਮੈਂ ਦੇਖੇ, ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਸਾਨੂੰ ਚੰਗਾ ਰਿਜ਼ਕ ਸਾਡੇ ਹੀ ਦੇਸ਼ ਵਿਚ ਦੇ ਦੇਵੇ। ਵਿਚਾਰੇ ਸਰਦਾਰਾਂ ਦੇ ਪੁੱਤ ਜਦੋਂ ਭਈਆਂ ਵਾਂਗ ਮੈਂ ਛੱਲੀਆਂ ਭੁੰਨ-ਭੁੰਨ ਵੇਚਦੇ ਦੇਖੇ ਤਾਂ ਮੇਰੀ ਧਾਹ ਨਿਕਲ ਗਈ। ਕੰਮ ਕਰਨਾ ਕੋਈ ਮਾੜੀ ਗੱਲ ਨਹੀਂ, ਇੰਡੀਆ 'ਚ ਅਸੀਂ ਲਿਖਾਈ ਫਿਰਦੇ ਹਾਂ ਸਕੂਟਰਾਂ ਜਾਂ ਟਰੱਕਾਂ, ਟਰਾਲੀਆਂ ਅਤੇ ਮੋਟਰ ਸਾਈਕਲਾਂ ਪਿੱਛੇ 'ਪੁੱਤ ਸਰਦਾਰਾਂ ਦੇ', 'ਪੁੱਤ ਜੱਟਾਂ ਦੇ' ਜਾਂ ਗੰਡਾਸੀ ਖੜਕੇ! ਪਤਾ ਇਥੇ ਲੱਗਦਾ ਕਿ ਕਿਨ੍ਹਾਂ ਦੇ ਪੁੱਤ....! ਮੈਂ ਫਰਾਂਸ ਦਾ ਐਫ਼ਲ ਟਾਵਰ ਦੇਖਣ ਗਿਆ ਤਾਂ ਉਥੇ ਵੀ ਸਾਡੇ ਪੰਜਾਬੀ ਬਿਨਾਂ ਪੇਪਰਾਂ ਤੋਂ (ਕੱਚੇ) ਵਿਚਾਰੇ ਖਿਡਾਉਣੇ ਜਾਂ ਐਫ਼ਲ ਟਾਵਰ ਦੇ ਕਾਰਡ ਵੇਚਦੇ ਅਤੇ ਪੁਲਿਸ ਦੀਆਂ ਨਜ਼ਰਾਂ ਤੋਂ ਇੰਜ ਬਚਦੇ ਫਿਰਦੇ ਦਿਸੇ ਜਿਵੇਂ ਇੰਡੀਆ 'ਚ ਕੋਈ ਦੇਸੀ ਦਾਰੂ ਵੇਚਣ ਵਾਲਾ ਡਰਦਾ ਹੋਵੇ।

ਦੂਰ ਕੀ ਜਾਣਾ ਮੇਰਾ ਆਪਣਾ ਛੋਟਾ ਭਰਾ ਜਿਹਨੂੰ ਮੈਂ ਜ਼ਿੰਦਗੀ 'ਚ ਖੁਸ਼ਹਾਲ ਦੇਖਣਾ ਚਾਹੁੰਦਾ ਸੀ। ਉਹਨੇ ਇੰਡੀਆ 'ਚ ਕਾਫੀ ਪੈਸਾ ਬਰਬਾਦ ਕੀਤਾ ਅਤੇ ਜਦੋਂ ਮੈਂ ਇਸ ਦਾ ਕਾਰਨ ਪੁੱਛਿਆ ਤਾਂ ਉਹਨੇ ਵੀ ਇਹੋ ਕਿਹਾ ਕਿ ਭਾ ਜੀ ਬਾਹਰ ਜਾ ਕੇ ਹੀ ਕੰਮ ਕਰੂੰਗਾ। ਅੱਜ ਇਟਲੀ 'ਚ ਬੈਠਾ ਹੈ ਅਤੇ ਅੰਗੂਰ ਤੋੜਨ ਦਾ ਕੰਮ ਕਰਦਾ ਹੈ, ਬਿਲਕੁਲ ਉਵੇਂ ਹੀ ਜਿਵੇਂ ਇੰਡੀਆ 'ਚ ਬੁੜ੍ਹੀਆਂ ਕਪਾਹ ਚੁੱਗਦੀਆਂ ਹੁੰਦੀਆਂ ਸੀ। ਮੈਂ ਕਿਹਾ ਕਿਉਂ ਕਿਵੇਂ ਠੀਕ ਹੈ। ਕਹਿੰਦਾ ਭਾ ਜੀ ਸਰਦਾਰੀਆਂ ਛੱਡ ਕੇ ਮਜ਼ਦੂਰੀਆਂ 'ਚ ਫਿਰ ਆ ਫਸੇ। ਜ਼ਿੰਦਗੀ ਉਥੋਂ ਫਿਰ ਸ਼ੁਰੂ ਕਰ ਲਈ ਜਿਥੋਂ ਤੁਰੇ ਸੀ।

ਨਿਆਣੇ ਛੱਡੇ ਆ, ਲੱਖਾਂ ਰੁਪਈਆ ਲਾਇਆ ਪਰ ਪਤਾ ਨਹੀਂ ਹੁਣ ਪਰਿਵਾਰ ਦਾ ਮੂੰਹ ਕਦੋਂ ਦੇਖਣਾ। ਮੇਰੇ ਹੱਥ ਅਮਰੀਕਨ ਪਾਸਪੋਰਟ ਦੇਖ ਕੇ ਉਹਨੇ ਇਹ ਸਮਝ ਲਿਆ ਸੀ ਸੌਖਾ ਮਿਲ ਜਾਂਦਾ ਹੈ। ਮੈਨੂੰ ਵੀਹ ਸਾਲ ਲੱਗ ਗਏ ਹਨ। ਹੁਣ ਦੇਖਦੇ ਆਂ ਇਹ ਕਿੰਨੇ ਸਾਲਾਂ 'ਚ ਕਾਮਯਾਬ ਹੁੰਦਾ ਹੈ। ਪੈਰਿਸ ਵਿਚ ਵੀ ਜਿਹੜੇ ਲੋਕਾਂ ਨੂੰ ਅਸੀਂ ਸੈਟਲ ਕਹਿੰਦੇ ਹਾਂ ਉਹ ਵੀ ਅਸਲ ਸੈਟਲ ਨਹੀਂ ਹਨ। ਕਿਸੇ ਮੁਲਕ 'ਚ ਪੱਕਾ ਹੋ ਜਾਣਾ ਸੈਟਲ ਨਹੀਂ। ਜੇ ਇਵੇਂ ਹੋਵੇ ਤਾਂ ਅਸੀਂ ਆਪਣੇ ਮੁਲਕ 'ਚ ਪੱਕੇ ਹੀ ਹੁੰਦੇ ਹਾਂ। ਪਰ ਸੈਟਲ ਨਹੀਂ। ਪੱਕਾ ਹੋਣਾ ਇਕ ਵੱਖਰੀ ਗੱਲ ਹੈ। ਸੈਟਲ ਹੋਣਾ ਇਕ ਵੱਖਰੀ ਜਦੋ-ਜਹਿਦ ਹੈ। ਸੈਟਲ ਹੋਣ ਦਾ ਮਤਲਬ ਹੈ ਤੁਸੀਂ ਆਪਣਾ ਲਿਵਿੰਗ ਆਫ ਸਟੈਂਡਰਡ ਬਣਾਉਣਾ। ਜਿਸ ਮੁਲਕ 'ਚ ਤੁਸੀਂ ਰਹਿ ਰਹੇ ਹੋ, ਉਥੇ ਤੁਸੀਂ ਕਿਸ ਤਰ੍ਹਾਂ ਜੀਅ ਰਹੇ ਹੋ, ਮੈਂ ਦੇਖਿਆ ਕਿ ਪੈਰਿਸ 'ਚ ਸਾਡੇ ਪੰਜਾਬੀਆਂ ਦਾ ਰਹਿਣ-ਸਹਿਣ ਦਾ ਤਰੀਕਾ ਬੜਾ ਤਰਸਯੋਗ ਹੈ। ਇਕ ਛੋਟੇ ਜਿਹੇ ਕਮਰੇ 'ਚ ਸੱਤ-ਸੱਤ ਬੰਦੇ ਉਫ਼ ਤੌਬਾ। ਇਹ ਗੱਲ ਮੈਂ ਸੈਟਲ ਬੰਦਿਆਂ ਦੀ ਕਰ ਰਿਹਾਂ। ਇੰਡੀਆ ਆ ਕੇ ਇਨ੍ਹਾਂ ਹੀ ਪੰਜਾਬੀਆਂ ਦੀਆਂ ਗੱਲਾਂ ਸੁਣ ਕੇ ਸੋਚਦੇ ਹੋਵੋਗੇ ਕਿ ਪੈਰਿਸ ਤੋਂ ਆਏ ਆ ਪਤਾ ਨਹੀਂ ਕਿੰਨੀ ਸੋਹਣੀ ਕੋਠੀ 'ਚ ਰਹਿੰਦੇ ਹੋਣਗੇ। ਬੁਰਾ ਨਹੀਂ ਸੋਚਣਾ ਸਭ ਦਾ ਇਹੋ ਹਾਲ ਨਹੀਂ। ਪਰ ਪੰਜਾਬੀਆਂ ਦੀ ਵੱਸੋਂ 'ਚ 70 ਪ੍ਰਤੀਸ਼ਤ ਲੋਕਾਂ ਦਾ ਜੀਵਨ ਇਸੇ ਤਰ੍ਹਾਂ ਦਾ ਹੈ।

ਖ਼ੈਰ ਮੈਂ ਪੈਰਿਸ ਜਿਸ ਦੋਸਤ ਕੋਲ ਠਹਿਰਿਆ ਸੀ ਉਸ ਨੇ 2 ਕੁ ਸਾਲ ਪਹਿਲਾਂ ਬਹੁਤ ਵਧੀਆ ਘਰ ਲਿਆ ਹੈ। ਮੈਨੂੰ ਰਹਿਣ ਦੀ ਕੋਈ ਤੰਗੀ ਨਹੀਂ ਆਈ। ਪੈਰਿਸ (ਫਰਾਂਸ) 'ਚ ਪੱਕੇ ਹੋਣਾ ਅਜੇ ਬਹੁਤ ਮੁਸ਼ਕਿਲ ਹੈ। ਫਰਾਂਸ ਤੋਂ ਵਧੀਆ ਨਵੇਂ ਆਉਣ ਵਾਲੇ ਪੰਜਾਬੀਆਂ ਲਈ ਸਪੇਨ, ਜਰਮਨ, ਇਟਲੀ ਅਤੇ ਜ਼ਿਆਦਾ ਪੈਸੇ ਕਮਾਉਣ ਲਈ ਵਲੈਤ (ਯੂ. ਕੇ.) ਮੁਲਕ ਚੰਗਾ ਹੈ। ਅਮਰੀਕਾ ਦੁਨੀਆ ਦਾ ਇਕੋ ਇਕ ਦੇਸ਼ ਹੈ ਜਿਹੜਾ ਦੁਨੀਆ 'ਚ ਵਿਲੱਖਣ ਹੈ ਜਿਥੇ ਹਰ ਕੋਈ ਆਉਣਾ ਲੋਚਦਾ ਹੈ। ਅਮਰੀਕਾ ਦਾ ਕੱਚਾ ਬੰਦਾ ਯੂਰਪ ਦੇ ਪੱਕਿਆਂ ਨਾਲੋਂ ਵਧੀਆ ਜ਼ਿੰਦਗੀ ਗੁਜ਼ਾਰਦਾ ਹੈ। ਇਹ ਮੈਂ ਇਸ ਲਈ ਨਹੀਂ ਕਹਿ ਰਿਹਾ ਕਿ ਇਹ ਮੇਰਾ ਅਤੇ ਮੇਰੇ ਪਰਿਵਾਰ ਦਾ ਨਿੱਜੀ ਤਜਰਬਾ ਹੈ। ਇਸੇ ਕਰਕੇ ਅੱਜ ਅਮਰੀਕਾ ਦਾ ਏਜੰਟ ਮੂੰਹ ਮੰਗਿਆ ਪੈਸਾ ਲੈਂਦੇ ਹਨ। ਜਿੰਨੀ ਆਜ਼ਾਦੀ ਅਮਰੀਕਾ 'ਚ ਹੈ ਦੁਨੀਆ ਦੇ ਕਿਸੇ ਵੀ ਦੇਸ਼ 'ਚ ਨਹੀਂ ਹੈ। ਇੰਡੀਆ 'ਚ ਵੀ ਨਹੀਂ। ਇਟਲੀ ਇਹੋ ਜਿਹਾ ਦੇਸ਼ ਹੈ ਜਿਥੇ ਬੰਦਾ ਪਹੁੰਚ ਕੇ ਥੋੜ੍ਹੇ ਸਾਲਾਂ 'ਚ ਹੀ ਪੱਕਾ ਹੋ ਜਾਂਦਾ ਹੈ। ਇਸੇ ਤਰ੍ਹਾਂ ਸਪੇਨ 'ਚ ਵੀ। ਮੈਂ ਆਪਣੇ ਪਾਠਕਾਂ ਨੂੰ ਨਾਲ ਦੀ ਨਾਲ ਦੱਸਦਾ ਜਾਵਾਂ ਇਹ ਜ਼ਿੰਦਗੀ ਸਿਰਫ ਪੰਜਾਬੀਆਂ ਦੀ ਜਾਂ ਵਿਦੇਸ਼ੀਆਂ ਦੀ ਹੀ ਹੈ, ਇਸੇ ਤਰ੍ਹਾਂ ਇਨ੍ਹਾਂ ਦੇਸ਼ਾਂ 'ਚ ਉਥੋਂ ਦੇ ਮੂਲ ਵਸ਼ਿੰਦੇ ਠਾਠ ਨਾਲ ਰਹਿੰਦੇ ਹਨ। ਪੰਜਾਬੀ ਵੀਰੋ ਪੈਸਾ ਲਾਉਣ ਤੋਂ ਪਹਿਲਾਂ ਘੱਟੋ ਘੱਟ ਸੌ ਵਾਰ ਸੋਚੋ। ਪੈਸੇ ਲਾ ਕੇ ਆਪਣਾ ਘਰ ਛੱਡਣਾ ਸ਼ਾਇਦ ਸਾਡੇ ਪੰਜਾਬੀਆਂ ਦੇ ਹਿੱਸੇ ਹੀ ਲਿਖਿਆ ਹੈ। ਆਮੀਨ!

OO

23

ਗਰੀਨ ਕਾਰਡ ਦੀ ਖੁਸ਼ੀ 'ਚ ਲੱਡੂ ਵੰਡੀ ਗਿਆ ਨਾਲੇ ਰੋਈ ਗਿਆ!

ਅਸੀਂ ਆਪਣੇ ਜੀਵਨ ਕਾਲ 'ਚ ਰੋਜ਼ਾਨਾ ਦੀ ਜ਼ਿੰਦਗੀ 'ਚ ਜਦੋਂ ਕਦੇ ਵੀ ਖੁਸ਼ੀਆਂ ਦੇ ਮੌਕਿਆਂ 'ਚ ਸ਼ਿਰਕਤ ਕਰਦੇ ਹਾਂ, ਅਸੀਂ ਆਪ ਵੀ ਖੁਸ਼ੀ ਦੇ ਮੂਡ 'ਚ ਹੋਈਦਾ, ਅਤੇ ਜਿਨ੍ਹਾਂ ਦੀਆਂ ਖੁਸ਼ੀਆਂ 'ਚ ਸ਼ਾਮਿਲ ਹੁੰਦੇ ਆਂ, ਉਨ੍ਹਾਂ ਨੂੰ ਵੀ ਖੁਸ਼ ਅਤੇ ਖਿੜੇ ਮੱਥੇ ਦੇਖਦੇ ਹਾਂ। ਕਈ ਵਾਰ ਜਦੋਂ ਮਿਸ ਇੰਡੀਆ, ਮਿਸ ਏਸ਼ੀਆ ਜਾਂ ਮਿਸ ਵਰਲਡ ਚੁਣੀਆਂ ਜਾਂਦੀਆਂ ਹਨ ਤਾਂ ਉਹ ਆਪਣੀ ਇਸ ਪਹਿਲੀ ਜਿੱਤ ਦੀ ਖੁਸ਼ੀ ਮੌਕੇ ਖੁਸ਼ੀ ਦੇ ਅੱਥਰੂ ਆਪਣੇ ਨੈਣੀਂ ਡੱਕ ਨਹੀਂ ਸਕਦੀਆਂ ਹਨ ਅਤੇ ਪਰੁਲ-ਪਰੁਲ ਕਰਦੇ ਉਨ੍ਹਾਂ ਦੇ ਨੈਣਾਂ 'ਚੋਂ ਹੰਝੂਆਂ ਦੀ ਝੜੀ ਲੱਗ ਜਾਂਦੀ ਹੈ। ਪਲ ਦੀ ਪਲ ਅਸੀਂ ਵੀ ਆਪਣੇ ਨੈਣ ਸਿਲ੍ਹੇ ਹੋਣੋਂ ਰੋਕ ਨਹੀਂ ਸਕਦੇ। ਉਹ ਮਾਹੌਲ ਹੀ ਐਸਾ ਹੁੰਦਾ ਹੈ ਪਰ ਹੁੰਦਾ ਖੁਸ਼ੀ ਦਾ ਹੈ। ਅੱਜ ਅਸੀਂ ਇਕ ਐਸੇ ਪ੍ਰਦੇਸੀ ਦੀ ਦਾਸਤਾਨ ਆਪਣੇ

ਪਾਠਕਾਂ ਦੇ ਰੂ-ਬਰੂ ਕਰਨ ਜਾ ਰਹੇ ਹਾਂ ਜੋ ਖੁਸ਼ੀ ਦੇ ਮੌਕੇ ਦਰਦੀਲੇ ਹੰਝੂ ਵਹਾਉਣੋਂ ਨਾ ਰੋਕ ਸਕਿਆ।

ਗਰੀਨ ਕਾਰਡ ਦਾ ਮਤਲਬ ਹੈ ਕਿ ਅੱਜ ਤੋਂ ਜਿਸ ਦਿਨ ਤੋਂ ਤੁਹਾਨੂੰ ਅਮਰੀਕਾ ਦਾ ਗਰੀਨ ਕਾਰਡ ਮਿਲ ਗਿਆ, ਤੁਸੀਂ ਅਮਰੀਕਾ 'ਚ ਪੱਕੇ ਤੌਰ 'ਤੇ ਰਹਿ ਸਕਦੇ ਹੋ। ਮਤਲਬ ਤੁਹਾਨੂੰ ਹਰੀ ਬੱਤੀ ਹੋ ਗਈ ਅਤੇ ਤੁਹਾਡੀ ਰਹਿਣ ਵਾਲੇ ਪੱਖ ਤੋਂ ਚਿੰਤਾ ਖਤਮ ਹੋ ਗਈ ਪਰ ਇਹ ਗਰੀਨ ਕਾਰਡ ਮਿਲਦਾ ਬੜਾ ਔਖਾ ਹੈ। ਇਹ ਅੱਜਕਲ੍ਹ ਤਾਂ ਓਨਾ ਹੀ ਔਖਾ ਹੈ ਜਿੰਨਾ ਚਿੜੀ ਦਾ ਦੁੱਧ ਲੱਭਣਾ ਔਖਾ! ਪਰ ਜਿਨ੍ਹਾਂ ਨੂੰ ਵਿਆਹ ਭਾਵ ਆਪਣਾ ਪੱਕਾ ਵਿਆਹ ਆਪਣੇ ਦੇਸ਼ ਦੀ ਕੁੜੀ ਜਾਂ ਮੁੰਡੇ ਨਾਲ ਜਾਂ ਫਿਰ ਮਾਂ-ਬਾਪ ਦੇ ਜ਼ਰੀਏ ਗਰੀਨ ਕਾਰਡ ਮਿਲ ਗਿਆ ਉਨ੍ਹਾਂ ਲਈ ਛਿੱਤਰ ਨਾਲ ਬਟੇਰਾ ਕੁੱਟਣ ਵਰਗੀ ਗੱਲ ਹੈ। ਪਰ ਕਿਸੇ ਇਕ ਨੇ ਜ਼ਰੂਰ ਮੁਸ਼ਕਲਾਂ ਨਾਲ ਲਿਆ ਹੁੰਦਾ ਹੈ। ਜਿਸ ਦੀ ਬਦੌਲਤ ਦੂਜਿਆਂ ਲਈ ਰਾਹ ਪੱਧਰਾ ਹੋ ਜਾਂਦਾ ਹੈ। ਕੁਝ ਸਾਲ ਪਹਿਲਾਂ ਅਮਰੀਕਾ ਵਿਚ ਇਕ ਨੌਜਵਾਨ ਆਇਆ। ਦੂਜਿਆਂ ਵਾਂਗ ਉਹਨੇ ਵੀ ਕੁਝ ਸਾਲਾਂ ਬਾਅਦ ਆਪਣੇ ਚੰਗੇਰੇ ਭਵਿੱਖ ਲਈ ਅਮਰੀਕਾ 'ਚ ਸਥਾਈ ਰੂਪ 'ਚ ਰਹਿਣ ਲਈ ਪੱਕਾ ਹੋਣ ਦਾ ਮਨ ਬਣਾਇਆ। ਉਹਨੇ ਸੋਚਿਆ ਚੱਲੋ ਜਿਵੇਂ ਐਥੇ ਅਮਰੀਕਾ 'ਚ ਕੁਝ ਔਰਤਾਂ ਅਮਰੀਕਨ ਕਾਲੀਆਂ (ਹਬਸ਼ਣਾਂ) ਅਤੇ ਕੁਝ ਕੁ ਗੋਰੀਆਂ ਅਤੇ ਕੁਝ ਸਪੈਨਿਸ਼ ਔਰਤਾਂ ਪੈਸੇ ਲੈ ਕੇ ਦੇਸੀ ਬੰਦਿਆਂ ਨਾਲ ਵਿਆਹ ਕਰ ਲੈਂਦੀਆਂ ਹਨ ਅਤੇ ਆਦਮੀ ਨੂੰ ਪੱਕਾ ਕਰਵਾ ਕੇ ਆਪਣੇ ਤਹਿ ਕੀਤੇ ਹੋਏ ਡਾਲਰ ਵਸੂਲ ਲੈਂਦੀਆਂ ਹਨ, ਵਿਆਹ ਕਰਵਾ ਲੈਂਦੇ ਆਂ।

ਇਸ ਨੌਜਵਾਨ ਹਿੱਸੇ ਇਕ ਕਾਲੀ (ਹਬਸ਼ਣ) ਆ ਗਈ ਅਤੇ ਇਸ ਨੇ ਉਸ ਨਾਲ ਵਿਆਹ ਕਰਵਾ ਲਿਆ। ਇਨ੍ਹਾਂ ਦੀ ਜੋੜੀ ਇਸ ਤਰ੍ਹਾਂ ਲੱਗਦੀ ਸੀ ਜਿਵੇਂ ਉਸ ਕਾਲੀ ਨੇ ਇਹ ਮੁੰਡਾ ਗੋਦ ਲਿਆ ਹੋਵੇ। ਕਾਲੀ ਸੱਤ ਫੁੱਟ ਲੰਬੀ ਅਤੇ ਮੋਟੀ, ਮੁੰਡਾ ਵਿਚਾਰਾ ਕਹਿਰੇ ਸਰੀਰ ਦਾ ਛਮਕ ਜਿਹਾ। ਖੈਰ ਇਹ ਸੋਚ ਕੇ ਕਿ ਕਿਹੜਾ ਸਾਰੀ ਉਮਰ ਨਾਲ ਰਹਿਣਾ ਹੈ। ਗਰੀਨ ਕਾਰਡ ਲੈਣਾ ਹੈ, ਬਸ ਫਿਰ ਮੈਂ ਕੌਣ ਅਤੇ ਤੂੰ ਕੌਣ। ਕਈ ਔਰਤਾਂ ਚੰਗੀਆਂ ਹਨ। ਪੈਸੇ ਲੈਂਦੀਆਂ ਹਨ ਜਿੰਨੇ ਵੀ ਤਹਿ ਹੋ ਜਾਣ ਅਤੇ ਉਹ ਆਪਣੇ ਘਰ ਰਹਿੰਦੀਆਂ ਹਨ ਅਤੇ ਬੰਦਾ ਆਪਣੇ ਘਰ। ਪਰ ਕਈ ਸ਼ੈਤਾਨ ਹਨ, ਪੈਸੇ ਮੁਕਾ ਵੀ ਲੈਂਦੀਆਂ ਹਨ। ਹੌਲੀ-ਹੌਲੀ ਬੰਦੇ ਨੂੰ ਕਹਿੰਦੀਆਂ ਹਨ ਆਪਾਂ ਇਕੱਠੇ ਰਹਿਣਾ ਹੈ। ਇਕੱਠੇ ਹੀ ਖਰਚਾ ਕਰਨਾ ਹੈ। ਉਥੇ ਆ ਕੇ ਕਈ ਵਾਰ ਦੂਹਰੀ ਮਾਰ ਖਾਣੀ ਪੈਂਦੀ ਹੈ। ਬਿਲਕੁਲ ਇਸੇ ਤਰ੍ਹਾਂ ਇਸ ਨੌਜਵਾਨ ਨਾਲ ਹੋਈ। ਕਾਲੀ ਨੇ ਜ਼ਬਰਦਸਤੀ ਇਸ ਨੌਜਵਾਨ ਨੂੰ ਆਪਣੇ ਨਾਲ ਰੱਖ ਲਿਆ, ਮਾੜੀ ਗੱਲ ਤਾਂ ਵੈਸੇ ਕੋਈ ਨਹੀਂ ਕਿਉਂਕਿ ਕਾਨੂੰਨੀ ਤੌਰ 'ਤੇ ਉਹ ਪਤੀ ਪਤਨੀ ਹਨ ਪਰ ਮਾੜੀ ਗੱਲ ਇਹ ਹੋਈ ਕਿ ਉਸ ਨੇ ਮੁੰਡੇ ਨੂੰ ਗ਼ਲਤ ਵਰਤਣਾ ਸ਼ੁਰੂ ਕਰ ਦਿੱਤਾ। ਆਪ ਵੀ

ਕੰਮ ਕਰਦੀ ਸੀ ਪਰ ਆਪਣੇ ਪੈਸੇ ਆਪਣੇ ਵੱਖਰੇ ਅਕਾਊਂਟ 'ਚ ਜਮ੍ਹਾਂ ਕਰਵਾ ਲਿਆ ਕਰੇ ਅਤੇ ਮੁੰਡੇ ਦੇ ਯਾਣੀ ਆਪਣੇ ਘਰਵਾਲੇ ਦੇ ਆਪਣੇ ਖੁਲ੍ਹਵਾਏ ਦੋਹਾਂ ਦੇ ਸਾਂਝੇ ਅਕਾਊਂਟ ਵਿਚ ਜਮ੍ਹਾਂ ਕਰਵਾ ਲਿਆ ਕਰੇ। ਮੁੰਡਾ ਫਸਿਆ ਕੀ ਨਾ ਕਰਦਾ, ਜੇ ਕਹਿੰਦਾ ਮੈਂ ਪੈਸੇ ਨਹੀਂ ਦੇਣੇ ਤਾਂ ਉਹ ਕਾਨੂੰਨ ਦਾ ਡਰ ਦਿੰਦੀ ਅਤੇ ਕਹਿੰਦੀ ਗਰੀਨ ਕਾਰਡ ਕਿਵੇਂ ਲਵੇਂਗਾ। ਹੋ ਗਈ ਨਾ ਦੁੱਖ ਭਰੀ ਜ਼ਿੰਦਗੀ ਸ਼ੁਰੂ। ਮੁੰਡੇ ਨੇ ਟੁੱਟ-ਟੁੱਟ ਕੇ ਕੰਮ ਕਰਨਾ। ਸਾਰੀ ਕਮਾਈ ਉਸ ਕਾਲੀ ਦੇ ਪੱਲੇ ਲਿਆ ਰੱਖਣੀ। ਕਾਲੀ ਸ਼ਰਾਬ ਵੀ ਕਾਫੀ ਪੀਂਦੀ ਸੀ, ਮੁੰਡਾ ਬਿਲਕੁਲ ਵੈਸ਼ਨੂੰ। ਖੈਰ ਹੌਲੀ-ਹੌਲੀ ਪੈਂਦੀਆਂ ਠੋਕਰਾਂ ਨੇ ਉਸ ਨੂੰ ਚਿਕਨ (ਕੁੱਕੜ) ਖਾਣ ਦੀ ਆਦਤ ਪੈ ਗਈ। ਕਾਲੀ ਰਾਤ ਨੂੰ ਸ਼ਰਾਬ ਪੀ ਕੇ ਉਸ ਨਾਲ ਵੀ ਅਣ-ਮਨੁੱਖੀ ਵਿਵਹਾਰ ਕਰਿਆ ਕਰੇ ਅਤੇ ਮਾਵਾਂ ਭੈਣਾਂ ਦੀਆਂ ਗਾਲ੍ਹਾਂ ਕੱਢਣੀਆਂ ਆਮ ਜਿਹੀ ਗੱਲ ਸੀ।

ਮੁੰਡਾ ਗੱਲ ਕਰਦਾ-ਕਰਦਾ ਰੋ ਪੈਂਦਾ ਸੀ। ਕਹਿੰਦਾ ਭਾ ਜੀ ਮੈਂ ਐਸੀ ਦਲ-ਦਲ ਵਿਚ ਪੈਰ ਰੱਖ ਬੈਠਾਂ ਜਿਥੋਂ ਕੱਢਣ ਦੀ ਕੋਸ਼ਿਸ਼ ਕਰਦਾ ਵੀ ਹੋਰ ਅੱਗੇ ਫਸੀ ਜਾਂਦਾ ਹਾਂ। ਤਿੰਨ ਸਾਲ ਲਗਾਤਾਰ ਉਸ ਮੁੰਡੇ ਨੇ ਉਸ ਕਾਲੀ ਘਰਵਾਲੀ ਨਾਲ ਕੱਢੇ ਅਤੇ ਤਿੰਨ ਸਾਲ ਬਾਅਦ ਜਦ ਉਹ ਉਸ ਕਾਲੀ ਤੋਂ ਆਜ਼ਾਦ ਹੋਇਆ ਤਾਂ ਉਹ ਇੰਜ ਲੱਗ ਰਿਹਾ ਸੀ ਜਿਵੇਂ ਵੀਹ ਸਾਲ ਕੈਦ ਕੱਟ ਕੇ ਆਇਆ ਹੋਵੇ।

ਲੱਡੂ ਵੰਡੇ ਅਤੇ ਰੋਵੇ, ਜਦ ਮੈਂ ਰੋਂਦਾ ਵੇਖਿਆ ਤਾਂ ਮੈਂ ਉਹਨੂੰ ਹਾਸੇ 'ਚ ਕਿਹਾ, ਪਾਗਲਾ ਲੋਕ ਗਰੀਨ ਕਾਰਡ ਮਿਲਣ 'ਤੇ ਭੰਗੜੇ ਪਾਉਂਦੇ ਆ, ਖੁਸ਼ੀਆਂ ਮਨਾਉਂਦੇ ਆ ਅਤੇ ਤੂੰ ਰੋ ਰਿਹਾਂ ਏਂ। ਉਹ ਕਹਿੰਦਾ ਭਾ ਜੀ ਅਗਰ ਇਸ ਗਰੀਨ ਕਾਰਡ ਬਦਲੇ ਮੇਰੀ ਕੋਈ ਬਾਂਹ ਵੱਢ ਦਿੰਦਾ ਤਾਂ ਮੈਨੂੰ ਐਨਾ ਦੁੱਖ ਨਹੀਂ ਸੀ ਹੋਣਾ, ਜਿੰਨਾ ਆਹ ਤਿੰਨ ਸਾਲਾਂ 'ਚ ਮੈਂ ਦੁੱਖ ਕੱਟਿਆ। ਬਹੁਤ ਗੱਲਾਂ ਉਹਨੇ ਮੇਰੇ ਨਾਲ ਸਾਂਝੀਆਂ ਕੀਤੀਆਂ ਕਿ ਕਿਵੇਂ ਉਸ ਨੂੰ ਜਿਸਮਾਨੀ ਤੌਰ 'ਤੇ ਉਸ ਕਾਲੀ (ਹਬਸ਼ਣ) ਨੇ ਉਸ ਨੂੰ ਵਰਤਿਆ ਹੈ। ਕਹਿੰਦਾ ਜਦੋਂ ਮੈਂ ਉਹ ਸੀਨ ਚੇਤੇ ਕਰਦਾ ਹਾਂ ਤਾਂ ਮੇਰਾ ਕਾਲਜਾ ਬਾਹਰ ਨੂੰ ਆਉਂਦਾ ਹੈ। ਅੱਜ ਬੇਸ਼ੱਕ ਉਸ ਦੇ ਘਰਵਾਲੇ ਇੰਡੀਆ 'ਚ ਕਲਾਕਾਰ ਸੱਦ ਕੇ ਆਪਣੇ ਰਿਸ਼ਤੇਦਾਰਾਂ 'ਚ ਟੌਹਰ ਬਣਾਉਂਦੇ ਹੋਣਗੇ। ਬਈ ਸਾਡਾ ਮੁੰਡਾ ਅਮਰੀਕਾ 'ਚ ਪੱਕਾ ਹੋ ਗਿਆ। ਪਰ ਉਸ ਮੁੰਡੇ ਦੀ ਭਾਵ ਜਦ ਮਾਂ ਆਪਣੇ ਪੁੱਤ ਦੀ ਦਰਦਭਰੀ ਕਹਾਣੀ ਆਪਣੀ ਗੋਦ 'ਚ ਸਿਰ ਰੱਖ ਕੇ ਸੁਣੇਗੀ ਤਾਂ ਉਸ ਦਾ ਗੱਚ ਭਰ ਆਵੇਗਾ।

ਉਹ ਆਪਣੇ ਲਾਲ ਦਾ ਸਿਰ ਪਲੋਸ ਕੇ ਜ਼ਰੂਰ ਆਖੇਗੀ ਪੁੱਤ ਕੀ ਗੱਡਾ ਖੜ੍ਹਾ ਸੀ ਇਸ ਕਮਾਈ ਦਾ। ਬੀਤੇ ਸਮੇਂ ਦੇ ਜ਼ਖਮ ਭਰ ਜਾਂਦੇ ਹਨ। ਅਗਰ ਆਉਣ ਵਾਲਾ ਸਮਾਂ ਸੁੱਖਦਾਈ ਹੋਵੇ। ਕਹਿੰਦੇ ਹਨ ਕਿਸੇ ਨੂੰ ਤਾਂ ਮੰਜ਼ਿਲ ਘਰ ਦਾ ਬੂਹਾ ਪਾਰ ਕਰਦਿਆਂ ਹੀ ਮਿਲ ਜਾਂਦੀ ਹੈ ਅਤੇ ਕਈ ਭਟਕਦੇ ਰਹਿੰਦੇ ਵਿਚ ਰਾਹਾਂ ਦੇ। ਆਮੀਨ!

○○

24

ਮਾਂ ਦਾ ਪਿਆਰ ਡਾਲਰਾਂ ਦੀ ਤਹਿ ਥੱਲੇ ਦੱਬ ਕੇ ਰਹਿ ਗਿਆ !

ਸਿਆਣਿਆਂ ਦਾ ਕਥਨ ਹੈ ਕਿ "ਪੁੱਤ ਕੁਪੁੱਤ ਹੋ ਸਕਦਾ ਹੈ, ਪਰ ਮਾਪੇ ਕੁਮਾਪੇ ਨਹੀਂ ਹੋ ਸਕਦੇ।"

ਅਜੋਕੇ ਸੰਸਾਰ ਦੀ ਦੌੜ ਤਕਰੀਬਨ ਪੈਸੇ ਨੂੰ ਮੁੱਖ ਰੱਖ ਕੇ ਲੱਗੀ ਹੋਈ ਹੈ। ਇਕ ਫਿਲਾਸਫਰ ਨੇ ਕਿਹਾ ਸੀ ਕਿ "ਪੈਸਾ ਰੱਬ ਤਾਂ ਨਹੀਂ, ਪਰ ਰੱਬ ਤੋਂ ਘੱਟ ਵੀ ਨਹੀਂ।" ਇਨਸਾਨ ਨੇ ਲੱਖਾਂ ਖੋਜਾਂ ਕੀਤੀਆਂ, ਕਰੋੜਾਂ ਮਸ਼ੀਨੀਰੀਆਂ ਬਣਾਈਆਂ ਅਤੇ ਆਪਣੇ ਸੁੱਖ ਅਰਾਮ ਦੇ ਅਰਬਾਂ ਸਾਧਨ ਅਰਾਮਦਾਇਕ ਬਣਾਏ ਹਨ, ਪਰ ਇਨ੍ਹਾਂ ਸਭ ਦੇ ਬਾਵਜੂਦ ਵੀ ਮਨੁੱਖ ਮਾਂ ਦੀ ਮਮਤਾ ਦਾ ਪਿਆਸਾ ਨਜ਼ਰ ਆਇਆ। ਮੈਂ ਉਨ੍ਹਾਂ ਲੱਖਾਂ ਪ੍ਰਦੇਸੀਆਂ ਅਤੇ ਸਵਦੇਸ਼ੀਆਂ ਨੂੰ ਅੱਖੀਂ ਮਾਂ ਦੇ ਵਿਯੋਗ 'ਚ ਰੋਂਦਿਆਂ ਤੱਕਿਆ, ਜਿਹੜੇ ਮਾਵਾਂ ਖੋ ਬੈਠੇ ਹਨ, ਜਾਂ ਆਪਣੀਆਂ ਮਾਵਾਂ ਤੋਂ ਦੂਰ ਬੈਠੇ ਹਨ। ਮੇਰਾ ਇਕ

ਦੋਸਤ ਹੈ ਅਤੇ ਉਹ ਅਮਰੀਕਾ 'ਚ ਹੀ ਰਹਿੰਦਾ ਹੈ। ਉਸ ਦੀ ਮਾਤਾ ਸਵਰਗਵਾਸ ਕਾਫੀ ਚਿਰ ਪਹਿਲਾਂ ਵਿਸਾਖੀ ਵਾਲੇ ਦਿਨ ਹੋ ਗਈ ਸੀ। ਉਹ ਇਸ ਪਵਿੱਤਰ ਦਿਹਾੜੇ ਨੂੰ ਅੱਜ ਵੀ ਰੋ-ਰੋ ਕੇ ਮਨਾਉਂਦਾ ਹੈ। ਅਤੇ ਉਸ ਦਿਨ ਉਹ ਸਾਰੇ ਜ਼ਰੂਰੀ ਕੰਮ ਛੱਡ ਕੇ ਘਰ ਪ੍ਰਸ਼ਾਦ ਬਣਾ ਕੇ ਗੁਰੂ ਮਹਾਰਾਜ ਜੀ ਦੀ ਅਰਦਾਸ ਕਰਦਾ ਹੈ ਅਤੇ ਆਪਣੀ ਉਸ ਦੀ ਉਮਰ 60 ਸਾਲ ਦੀ ਹੈ। ਮੇਰਾ ਕਹਿਣ ਤੋਂ ਭਾਵ ਹੈ ਕਿ ਮਾਂ ਦੀ ਯਾਦ ਨੂੰ ਉਹ ਅੱਜ ਵੀ ਤਾਜ਼ਾ ਕਰਕੇ ਬੱਚਿਆਂ ਵਾਂਗ ਰੋਂਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਸਾਨੂੰ ਆਪਣੇ ਪਿਤਾ ਨਾਲ ਘੱਟ ਪਿਆਰ ਹੁੰਦਾ ਹੈ। ਉਸ ਨਾਲ ਵੀ ਓਨਾ ਹੀ ਪਿਆਰ ਹੁੰਦਾ ਹੈ ਪਰ ਮਾਂ ਦਾ ਪਿਆਰ ਅਧਿਆਮਿਕ ਤੌਰ 'ਤੇ ਵੀ ਲਿਆ ਜਾਂਦਾ ਹੈ। ਇਥੇ ਅੱਜ ਮੈਂ ਆਪਣੇ ਪਾਠਕਾਂ ਦੇ ਰੂਬਰੂ ਇਕ ਐਸੀ ਮਾਂ ਦੀ ਦਾਸਤਾਨ ਲਿਖ ਰਿਹਾ ਹਾਂ ਜਿਹੜੀ ਅਮਰੀਕਾ 'ਚ ਰਹਿੰਦੀ ਹੈ। ਕਰੋੜਾਂਪਤੀ ਪੁੱਤਾਂ ਦੀ ਮਾਂ ਹੈ। ਪਰ ਅਫਸੋਸ ਪੁੱਤ ਉਸ ਕੋਲ ਇਕ ਵੀ ਨਹੀਂ ਰਹਿੰਦਾ ਹੈ। ਉਸ ਦੇ ਤਿੰਨ ਪੁੱਤਰ ਹਨ। ਤਿੰਨਾਂ ਦਾ ਅਮਰੀਕਾ 'ਚ ਮੰਨਿਆ ਪ੍ਰਮੰਨਿਆ ਰੈਸਟੋਰੈਂਟਾਂ ਦਾ ਕਾਰੋਬਾਰ ਹੈ। ਘੱਟੋ-ਘੱਟ ਇਕ ਪੁੱਤਰ ਕੋਲ 50-50 ਬੰਦੇ ਕੰਮ ਕਰਦੇ ਹਨ। ਪਰ ਮਾਂ ਦੀ ਦੇਖਭਾਲ ਲਈ ਕਿਸੇ ਕੋਲ ਟਾਈਮ ਨਹੀਂ।

ਕੰਮ 'ਚ ਪੁੱਤਰ ਆਪਣੀ ਮਾਂ ਨੂੰ ਘਰ ਵੀ ਨਹੀਂ ਰੱਖਦੇ। ਉਸ ਨੂੰ ਇਕ ਔਰਤ ਜੋ ਉਸ ਦੀ ਦੇਖਭਾਲ ਕਰ ਸਕੇ, ਅਤੇ ਇਕ ਕਿਰਾਏ 'ਤੇ ਵੱਖਰਾ ਕਮਰਾ ਲੈ ਦਿੰਦੇ ਹਨ। ਉਹ ਸਾਰੀ ਰਾਤ ਡੌਰ-ਭੌਰ ਇਕੱਲੀ ਅਤੇ ਦਿਨ ਵੇਲੇ ਉਸ ਦੀ ਨੌਕਰਾਣੀ ਦੀ ਸੂਰਤ ਵਿਚ ਇਕ ਲੇਡੀ ਉਸ ਕੋਲ ਹੁੰਦੀ ਹੈ। ਉਸ ਨੂੰ ਜੋ ਚਾਹੀਦਾ ਹੈ ਉਹੀ ਬਣਾ ਕੇ ਦਿੰਦੀ ਹੈ। ਪੁੱਤਰ ਕੋਈ ਮਹੀਨੇ ਬਾਅਦ ਮਿਲਦਾ ਹੈ ਅਤੇ ਕੋਈ ਮਿਲਦਾ ਹੀ ਨਹੀਂ। ਉਂਜ ਉਹ ਕਮਿਊਨਿਟੀ ਵਿਚ ਕਰੋੜਪਤੀ ਜਾਣੇ ਜਾਂਦੇ ਹਨ। ਮਾਂ ਵਿਚਾਰੀ ਰਾਤ ਨੂੰ ਪਤਾ ਨਹੀਂ ਕਿਵੇਂ ਤੇ ਕਿਹੜੀਆਂ ਸੋਚਾਂ 'ਚ ਡੁੱਬੀ ਤੇ ਕਦੋਂ ਸੌਂਦੀ ਹੋਵੇਗੀ। ਉਸ ਦੀਆਂ ਆਂਦਰਾਂ ਪਤਾ ਨਹੀਂ ਵਿਲਕ-ਵਿਲਕ ਕੇ ਕੀ ਕਹਿੰਦੀਆਂ ਹੋਣਗੀਆਂ। ਇਸ ਦੀ ਕਿਸੇ ਨੂੰ ਕੋਈ ਸਾਰ ਨਹੀਂ। ਦਿਨ-ਰਾਤ ਡਾਲਰ ਇਕੱਠੇ ਕਰਨ ਵਿਚ ਲੱਗੇ ਹੋਏ ਹਨ, ਇਸ ਮਾਂ ਦੇ ਪੁੱਤਰ।

ਇਕ ਦਿਨ ਮੈਨੂੰ ਇਕ ਆਦਮੀ ਨੇ ਗੱਲ ਸੁਣਾਈ ਮੈਂ ਉਸ ਕੋਲ ਇਹੀ ਕਹਾਣੀ ਦੁਹਰਾ ਬੈਠਾ ਤਾਂ ਉਸ ਨੇ ਕਿਹਾ ਭੌਰਾ ਸਾਹਿਬ ਮੈਂ ਤੁਹਾਨੂੰ ਇਕ ਗੱਲ ਆਖਾਂ, ਮੈਂ ਕਿਹਾ ਜ਼ਰੂਰ। ਕਹਿੰਦਾ ਮਾਂ-ਬਾਪ ਦਾ ਕਰਜ਼ ਕੋਈ ਨਹੀਂ ਮੋੜ ਸਕਦਾ। ਮਾਂ ਦਾ ਕਰਜ਼ ਤਾਂ ਪੁੱਤ ਨਾ ਧੀਆਂ ਮੋੜ ਹੀ ਨਹੀਂ ਸਕਦੇ। ਮੈਂ ਕਿਹਾ ਬਿਲਕੁਲ ਮੈਂ ਮੰਨਦਾ ਹਾਂ। ਅੱਗੇ ਕਹਿੰਦੇ ਕਿ ਇਕ ਆਪਣੇ ਭਾਈਬੰਦ ਦੀ ਲਾਟਰੀ ਨਿਕਲ ਆਈ, ਲੱਖਾਂ ਡਾਲਰ ਮਿਲ ਗਏ। ਮਾਲਾਮਾਲ ਹੋਇਆ ਇੰਡੀਆ ਆ ਗਿਆ ਆਪਣੇ ਭਰਾਵਾਂ ਨੂੰ ਇਕੱਠੇ ਕੀਤਾ ਅਤੇ ਥੋੜ੍ਹੇ-ਥੋੜ੍ਹੇ ਪੈਸੇ ਉਨ੍ਹਾਂ 'ਚ ਵੰਡੇ ਦਿੱਤੇ। ਭਰਾ ਖੁਸ਼ ਹੋ ਗਏ ਬਈ ਸਾਡਾ

ਭਰਾ ਸਾਨੂੰ ਭੁੱਲਿਆ ਨਹੀਂ ਯਾਦ ਰੱਖਿਆ। ਫਿਰ ਉਹਨੇ ਆਪਣੀ ਮਾਂ ਜੀ ਨੂੰ ਕਿਹਾ, ਮਾਤਾ ਅੱਜ ਤੇਰੇ ਕਰਜ਼ੇ ਦਾ ਵੀ ਭਾਰ ਲਾਹ ਦੇਣਾ ਹੈ। ਬੋਲ ਕਿੰਨੇ ਪੈਸੇ ਦਿਆਂ, ਕਿਉਂਕਿ ਤੂੰ ਮੈਨੂੰ ਪਾਲਿਆ ਪੋਸਿਆ ਵੱਡਾ ਕੀਤਾ, ਪੜ੍ਹਾਇਆ-ਲਿਖਾਇਆ, ਬਾਹਰ ਭੇਜਿਆ ਤੇ ਤੇਰੇ ਅਹਿਸਾਨਾਂ ਦਾ ਬਦਲਾ ਵੀ ਮੈਂ ਅੱਜ ਚੁਕਾਅ ਸਕਦਾ ਹਾਂ। ਮਾਂ ਨੇ ਬੜੇ ਪਿਆਰੇ ਨਾਲ ਕਿਹਾ ਪੁੱਤਰਾ ਇਹ ਚੰਗੀ ਗੱਲ ਹੈ, ਕਿ ਤੂੰ ਅੱਜ ਲੱਖਾਂਪਤੀ ਹੈਂ, ਡਾਲਰਾਂ 'ਚ ਖੇਡਦਾ ਹੈਂ। ਮੇਰੇ ਦਿਲ ਨੂੰ ਬਹੁਤ ਖੁਸ਼ੀ ਹੋਈ ਹੈ। ਪਰ ਇਹ ਕਰਜ਼ ਮੋੜਨ ਵਾਲੀ ਗੱਲ ਨਾ ਕਰ। ਪੁੱਤਰਾ ਜੇ ਇਸ ਤਰ੍ਹਾਂ ਕਰੇਂਗਾ ਤਾਂ ਤੇਰਾ ਮੇਰਾ ਰਿਸ਼ਤਾ ਕੀ ਰਹਿ ਗਿਆ। ਡਾਲਰਾਂ ਦੀ ਮਗਰੂਰੀ 'ਚ ਪੁੱਤ ਫੇਰ ਬੋਲਿਆ, ਮਾਂ ਰਹਿਣਾ ਤਾਂ ਤੂੰ ਮੇਰੀ ਮਾਂ ਹੀ ਹੈ। ਪਰ ਅੱਜ ਮੰਗ ਜੋ ਤੂੰ ਆਪਣੇ ਪੁੱਤ ਕੋਲੋਂ ਮੰਗ ਸਕਦੀ ਹੈਂ। ਅੱਜ ਤੇਰਾ ਪੁੱਤਰ ਤੇਰੇ ਕਰਜ਼ ਉਤਾਰਨ ਲਈ ਸਭ ਕੁਝ ਕਰ ਸਕਦਾ ਹੈ। ਮਾਂ ਤੋਂ ਪੁੱਤ ਦੀ ਮਗਰੂਰੀ ਦੇਖੀ ਨਾ ਗਈ, ਤਾਂ ਮਾਂ ਨੇ ਪਿਆਰ ਨਾਲ ਕਿਹਾ ਪੁੱਤਰਾ ਤੂੰ ਮੇਰਾ ਕਰਜ਼ ਮੋੜਨਾ ਚਾਹੁੰਦਾ ਹੈਂ। ਪੁੱਤ ਨੇ ਕਿਹਾ ਹਾਂ, ਮਾਂ ਕਹਿੰਦੀ ਪੁੱਤਰਾ ਦੁਨੀਆ ਦੀ ਸਾਰੀ ਦੌਲਤ ਵੀ ਇਕੱਠੀ ਕਰ ਲਵੇਂ ਤਾਂ ਮਾਂ ਦੀ ਮਮਤਾ ਦਾ ਕਰਜ਼ਾ ਨਹੀਂ ਲਾਹ ਸਕਦਾ। ਪੁੱਤਰ ਨੇ ਫਿਰ ਕਿਹਾ ਮਾਂ ਉਹ ਦਿਨ ਲੱਦ ਗਏ ਜਦ ਮੈਂ ਰੋਟੀ ਤੋਂ ਵੀ ਮੋਹਤਾਜ ਸੀ। ਅੱਜ ਪਾਸਾ ਪਲਟ ਗਿਆ ਹੈ।

ਮਾਂ ਨੇ ਫਿਰ ਪਿਆਰ ਨਾਲ ਕਿਹਾ ਕਿ ਠੀਕ ਹੈ। ਇਸ ਤਰ੍ਹਾਂ ਇਕ ਮੰਜਾ ਲੈ ਕੇ ਆ। ਪੁੱਤ ਨੇ ਝੱਟ ਮੰਜਾ ਚੁੱਕ ਲਿਆਂਦਾ, ਫਿਰ ਮਾਂ ਨੇ ਕਿਹਾ ਇਸ ਉੱਪਰ ਇਕ ਦਰੀ ਵਿਛਾ ਦੇ, ਪੁੱਤ ਨੇ ਝੱਟ ਦਰੀ ਵਿਛਾ ਦਿੱਤੀ। ਫਿਰ ਮਾਂ ਨੇ ਕਿਹਾ ਪੁੱਤਰਾ ਇਕ ਗਲਾਸ ਪਾਣੀ ਦਾ ਲੈ ਕੇ ਆ, ਪੁੱਤ ਨੇ ਪਾਣੀ ਲੈ ਆਂਦਾ। ਮਾਂ ਨੇ ਕਿਹਾ ਇਹ ਪਾਣੀ ਦਾ ਗਿਲਾਸ ਇਸ ਦਰੀ ਉੱਪਰ ਡੋਲ੍ਹ ਦੇ। ਪੁੱਤਰ ਨੇ ਉਵੇਂ ਕੀਤਾ ਜਿਵੇਂ ਮਾਂ ਨੇ ਕਿਹਾ। ਕਹਿੰਦੀ ਪੁੱਤਰਾ ਅਗਰ ਮੇਰਾ ਕਰਜ਼ ਉਤਾਰਨਾ ਹੈ ਤਾਂ ਅੱਜ ਇਕ ਘੰਟਾ ਇਸ ਗਿੱਲੀ ਦਰੀ ਉੱਤੇ ਸੌਂ ਕੇ ਦਿਖਾ। ਪੁੱਤ ਹੱਥ ਜੋੜ ਕੇ ਖੜ੍ਹ ਗਿਆ। ਮਾਂ ਇਹ ਮੈਥੋਂ ਨਹੀਂ ਹੋ ਸਕਦਾ। ਤੂੰ ਪੈਸਾ ਚਾਹੀਦਾ ਹੈ ਤਾਂ ਪੈਸਾ ਲੈ ਲੈਅ, ਹੋਰ ਐਸ਼ੋਅਰਾਮ ਦਾ ਸਮਾਨ ਚਾਹੀਦਾ ਹੈ, ਉਹ ਲਿਆ ਦਿੰਦਾ ਹਾਂ ਪਰ ਦਰੀ 'ਤੇ ਨਹੀਂ ਸੌਂ ਸਕਦਾ। ਮਾਂ ਕਹਿੰਦੀ ਪੁੱਤਰਾ ਤੂੰ ਤਾਂ ਇਕ ਘੰਟਾ ਨਹੀਂ ਸੌਂ ਸਕਦਾ ਮੈਂ ਤਾਂ 7-8 ਸਾਲ ਤੇਰੇ ਕੀਤੇ ਪਿਸ਼ਾਬ 'ਤੇ ਸੌਂਦੀ ਰਹੀ ਹਾਂ।

ਤੂੰ ਕਹਿੰਦਾ ਕਿ ਮੈਂ ਤੇਰਾ ਕਰਜ਼ ਮੋੜਨਾ ਹੈ। ਪੁੱਤ ਨੇ ਮਾਂ ਦੇ ਪੈਰ ਫੜ ਲਏ, ਗੱਚ ਭਰ ਆਇਆ ਪੈਸੇ ਦਾ ਨਸ਼ਾ ਮਿੰਟਾਂ 'ਚ ਉੱਡ ਗਿਆ। ਸੋ, ਗੱਲ ਹੈ। ਅਸੀਂ ਜਿੰਨਾ ਮਰਜ਼ੀ ਧੰਨ ਇਕੱਠਾ ਕਰ ਲਈਏ, ਪਰ ਅਸੀਂ ਪਵਿੱਤਰ ਰਿਸ਼ਤਿਆਂ ਨੂੰ ਪੈਸੇ ਦੀ ਚੱਕੀ 'ਚ ਨਾ ਪੀਸੀਏ।

OO

25

ਅੱਜ ਛੁੱਟੀ ਕਰ ਲਓ ਡਾਰਲਿੰਗ...

ਅਜੋਕੇ ਯੁੱਗ 'ਚ ਸਾਇੰਸ ਨੇ ਬੜੀ ਤਰੱਕੀ ਕੀਤੀ ਹੈ। ਸਾਇੰਸ ਦੀਆਂ ਲੱਭਤਾਂ ਆਸਰੇ ਮਨੁੱਖ ਦਾ ਜੀਵਨ ਦਿਨੋ-ਦਿਨ ਸੁਖਦ ਹੁੰਦਾ ਜਾਂਦਾ ਹੈ। ਪਰ ਸਾਇੰਸ ਅਜੇ ਤੱਕ ਇਹ ਪਤਾ ਨਹੀਂ ਲਗਾ ਸਕੀ ਕਿ ਇਕ ਮਨੁੱਖ ਨੂੰ ਆਪਣੇ ਜੀਵਨ ਦੀ ਗੱਡੀ ਚਲਾਉਣ ਲਈ ਪੈਸਾ ਰੂਪੀ ਤੇਲ ਦੀ ਕਿਉਂ ਜ਼ਰੂਰਤ ਹੈ ਜਾਂ ਇਹ ਕਹਿ ਲਈਏ ਬਈ ਕੰਮ ਕਿਉਂ ਜ਼ਰੂਰੀ ਹੈ। ਕੰਮ ਕਰਨਾ ਕੋਈ ਵੀ ਮਾੜੀ ਗੱਲ ਨਹੀਂ ਹੈ। ਸਾਡੇ ਤਾਂ ਗੁਰੂ ਵੀ ਇਨਸਾਨ ਨੂੰ ਇਹੀ ਸੰਦੇਸ਼ ਦੇ ਕੇ ਗਏ ਹਨ ਕਿ ਭਾਈ ਕਿਰਤ ਕਰ ਅਤੇ ਵੰਡ ਕੇ ਛਕ। ਇੰਡੀਆ ਵਿਚ ਕਈ ਵਾਰ ਜਦੋਂ ਕਿਸੇ ਦੂਰ ਜਾਂ ਨੇੜਲੇ ਰਿਸ਼ਤੇਦਾਰ ਨੂੰ ਫੋਨ ਕਰੀਏ ਤਾਂ ਅਸੀਂ ਪੁੱਛਦੇ ਹਾਂ ਬਈ ਕੰਮਕਾਰ ਦਾ ਕੀ ਹਾਲ ਹੈ ਤਾਂ ਅੱਗੋਂ ਜਵਾਬ ਮਿਲੇਗਾ ਕਿ ਇਥੇ ਕੰਮ ਹੀ ਕੋਈ ਨਹੀਂ, ਕੀ ਕਰੀਏ, ਬਸ ਵਿਹਲੇ ਬੈਠੇ ਹਾਂ।

ਬੱਸ ਇਕ ਟੱਬਰ 'ਚ ਇਕ ਹੀ ਕੰਮ ਕਰਦਾ ਬਾਕੀ ਸਾਰੇ ਜੀਅ ਉਸ 'ਤੇ ਹੀ ਨਿਰਭਰ ਕਰਦੇ ਹਨ। ਬਹੁਤ ਘੱਟ ਪਰਿਵਾਰ ਹਨ ਜੋ ਸਾਰੇ ਹੀ ਕੰਮ ਕਰਦੇ ਹਨ ਅਤੇ ਉਹ ਹੈ ਵੀ ਸੁਖੀ।

ਪ੍ਰਦੇਸਾਂ ਵਿਚ ਅਸੀਂ ਘੜੀਆਂ 'ਤੇ ਟਾਈਮ ਘੜੀ-ਘੜੀ ਦੇਖਦੇ ਹਾਂ। ਉਹ ਇਸ ਲਈ ਕਿ ਕਿੰਨੇ ਵਜੇ ਸੌਣਾ, ਕਿੰਨੇ ਵਜੇ ਉੱਠਣਾ, ਕਿੰਨੇ ਵਜੇ ਕੰਮ 'ਤੇ ਜਾਣਾ, ਕਿੰਨੇ ਵਜੇ ਲੰਚ ਹੈ। ਕਿੰਨੇ ਵਜੇ ਘਰ ਆਵਾਂਗੇ, ਅੱਜ ਕਿਸੇ ਦੇ ਵਿਆਹ 'ਚ ਵੀ ਸ਼ਾਮਲ ਹੋਣਾ ਹੈ। ਓ ਮਾਈ ਗਾਡ ਡ੍ਰਾਈਕਲੀਨਰ ਤੋਂ ਕਪੜੇ ਵੀ ਲਿਆਉਣੇ ਹਨ ਵਗੈਰਾ-ਵਗੈਰਾ। ਇਥੇ ਬੁੜ੍ਹੀਆਂ ਬੰਦੇ ਸਭ ਨੀਵੀਂ ਪਾ ਕੇ ਜੁੱਟੇ ਹਨ। ਹੋਰ ਤਾਂ ਹੋਰ ਇਥੇ ਤਾਂ ਅਗਰ ਕੋਈ ਇੰਡੀਆ ਤੋਂ ਕਿਤੇ ਸੱਜਣ ਮਿੱਤਰ ਰਾਹਦਾਰੀ ਰਾਹੀਂ ਵੀਜ਼ਾ ਲੈ ਕੇ ਮਹੀਨਾ ਦੋ ਮਹੀਨੇ ਘੁੰਮਣ ਆ ਜਾਵੇ ਤਾਂ ਉਹਨੂੰ ਵੀ ਕਹਿ ਦਈਦਾ ਹੈ ਹੁਣ ਆਇਆਂ ਹੈਂ। ਦੋ ਮਹੀਨੇ ਲਾ ਲੈ ਚਾਰ ਪੈਸੇ ਬਣ ਜਾਣਗੇ ਅਤੇ ਮਹਿਮਾਨ ਵੀ ਜਿਸ ਘਰ 'ਚ ਆਇਆ ਹੁੰਦਾ ਹੈ, ਉਹ ਦੇਖਦਾ ਕਿ ਮੇਰੇ ਕੋਲ ਬੈਠਣ ਲਈ ਵੀ ਇਹ ਤਾਂ ਮਸਾਂ ਟਾਈਮ ਕੱਢਦੇ ਹਨ। ਮੈਂ ਘਰ ਵਿਹਲਾ ਬਹਿ ਕੇ ਕੀ ਕਰਨਾ। ਉਹ ਵੀ ਕਹਿਣ ਲੱਗ ਜਾਂਦਾ ਹੈ। ਮੇਰੇ ਲਈ ਦੇਖ ਲਓ ਕਿਤੇ ਕੋਈ ਮਾੜਾ-ਮੋਟਾ ਕੰਮ (ਭਾਵੇਂ ਅੰਦਰੋਂ ਕੰਮ ਹੀ ਕਰਨ ਆਇਆ ਹੋਵੇ)।

ਇਥੇ ਵਿਦੇਸ਼ਾਂ 'ਚ ਲਾਈਫ਼ ਐਨੀ ਵਿਅਸਤ ਹੋਣ ਕਾਰਨ ਹਾਲ ਇਸ ਤਰ੍ਹਾਂ ਹੋਇਆ ਹੈ ਕਿ ਕਈ ਔਰਤਾਂ ਨੂੰ ਤਾਂ ਰੋਟੀ ਵੀ ਪਕਾਉਣੀ ਭੁੱਲ ਗਈ ਹੈ। ਸਾਰਾ ਸਾਰਾ ਦਿਨ ਮਰਦਾਂ ਵਾਂਗ ਕੰਮ ਕਰਨਾ ਅਤੇ ਜਦ ਰਾਤ ਨੂੰ ਘਰ ਆਉਂਦੇ ਹਨ ਤਾਂ ਦੋਵੇਂ ਥੱਕ ਟੁੱਟ ਗਏ ਹੁੰਦੇ ਹਨ। ਫਿਰ ਫਾਸਟ ਫੂਡ ਵਰਗੀਆਂ ਵਸਤੂਆਂ ਇਸਤੇਮਾਲ ਕਰਕੇ ਫਟਾਫਟ ਢਿੱਡ ਭਰਦੇ ਹਨ ਤੇ ਸੌਂ ਜਾਂਦੇ ਹਨ। ਸਵੇਰੇ ਦੋ-ਚਾਰ ਉਬਾਲਿਆਂ ਵਾਲੀ ਚਾਹ ਵੀ ਨਸੀਬ ਨਹੀਂ ਹੁੰਦੀ। ਆਪਣਾ-ਆਪਣਾ ਟਾਈਮ ਸਵੇਰੇ ਉੱਠ ਕੇ ਬੁਰਸ਼ ਕਰਨਾ ਤੇ ਫਿਰ ਮਾਈਕਰੋਵੇਵ 'ਚ ਥੋੜ੍ਹਾ ਕੱਪ 'ਚ ਪਾਣੀ ਪਾ ਕੇ ਗਰਮ ਕੀਤਾ ਚਾਹ ਦਾ ਛੋਟਾ ਜਿਹਾ ਪੈਕਟ ਵਿਚ ਘੋਲਿਆ ਅਤੇ ਘੋਲਦੇ-ਘੋਲਦੇ ਅੱਧਾ ਕੁ ਚਮਚ ਖੰਡ ਪਾਈ ਅਤੇ ਬਾਅਦ 'ਚ ਜਦੋਂ ਫਰਿੱਜ 'ਚੋਂ ਦੁੱਧ ਕੱਢ ਕੇ ਪਾਉਣਾ ਨਾਲ ਹੀ ਚਾਹ ਠੰਡੀ, ਬੱਸ ਉਸੇ ਤਰ੍ਹਾਂ ਦੀ ਹੀ ਪੀ ਕੇ ਭੱਜਦੇ ਆ। ਇਥੇ ਕਈ ਗੋਰੀਆਂ ਤਾਂ ਮੇਕਅਪ ਵੀ ਗੱਡੀ 'ਚ ਹੀ ਕਰਦੀਆਂ ਹਨ। ਬੱਸ ਭੱਜ ਦੌੜ ਸਭ ਆਪਣੇ ਅਨੁਸਾਰ ਸਪੀਡ ਬੰਨ੍ਹੀ ਫਿਰਦੇ ਆ।

ਇੰਡੀਆ ਵਿਚ ਜਦੋਂ ਅਸੀਂ ਛੁੱਟੀਆਂ ਕੱਟਣ ਆਈਦਾ ਹੈ ਤਾਂ ਇੰਡੀਆ ਵਿਚ ਰਹਿੰਦੇ ਸਾਡੇ ਰਿਸ਼ਤੇਦਾਰ, ਭੈਣ ਭਰਾ, ਇਹੀ ਸੋਚਦੇ ਆ ਬਈ ਦੇਖੋ ਕਿਵੇਂ ਸਵਰਗਾਂ 'ਚੋਂ ਆਏ ਲੱਗਦੇ ਆ। ਗੋਰਾ ਨਿਛੋਹ ਰੰਗ, ਸੋਹਣੇ ਕੱਪੜੇ, ਪੈਸਾ ਖੁੱਲ੍ਹਾ ਖਰਚਦੇ ਆ। ਕੋਈ ਕੰਮ ਨਹੀਂ ਸ਼ਾਇਦ ਇਸੇ ਤਰ੍ਹਾਂ ਸੈਰਾਂ ਕਰਦੇ ਰਹਿੰਦੇ ਹੋਣੇ ਆ।

ਅਸਲ 'ਚ ਅਸੀਂ ਆਰਾਮ ਕਰਨ ਜਾਂਦੇ ਹਾਂ। ਛੁੱਟੀਆਂ ਕੱਟਣ ਦਾ ਮਤਲਬ ਹੈ ਜਿਹੜਾ ਅਸੀਂ ਐਨੀ ਸਪੀਡ ਨਾਲ ਕੰਮ ਕਰਦੇ-ਕਰਦੇ ਥੱਕ ਗਏ ਹਾਂ, ਉਹ ਸਾਹ ਲੈਣ ਲਈ, ਕਿਤੇ ਨਾ ਕਿਤੇ ਸਾਲ ਬਾਅਦ ਜਾਂ ਦੋ ਸਾਲ ਬਾਅਦ ਟੂਰ ਰੱਖਣਾ ਪੈਂਦਾ ਹੈ। ਪੰਜਾਬ 'ਚ ਬੋਹੜਾਂ ਥੱਲੇ ਤਾਸ਼ ਦੀਆਂ ਢਾਣੀਆਂ, ਬੱਚੇ ਖੇਡਦੇ, ਕਿਸੇ ਨੂੰ ਨਾ ਕੰਮ ਦਾ ਫਿਕਰ ਨਾ ਛੁੱਟੀਆਂ ਦਾ। ਬੁੜ੍ਹੀਆਂ ਵਿਚਾਰੀਆਂ ਬੰਦਿਆਂ ਨੂੰ ਕਹਿੰਦੀਆਂ ਹਨ, ਭਾਈ ਕੋਈ ਕੰਮ ਕੁੰਮ ਕਰੋ ਕਿਤੇ ਏਦਾਂ ਕਿੱਦਾਂ ਗੁਜ਼ਾਰਾ ਹੋਵੇਗਾ। ਕੋਈ ਧਿਆਨ ਨਾਲ ਗੱਲ ਹੀ ਨਹੀਂ ਸੁਣਦਾ।

ਸਵੇਰੇ ਮਰਜ਼ੀ ਨਾਲ ਉਠਦੇ ਆ। ਮਰਜ਼ੀ ਨਾਲ ਘਰ ਆਉਂਦੇ ਆ, ਕਿਸੇ ਰਿਸ਼ਤੇਦਾਰ ਜਾ ਕੇ ਚਾਰ-ਚਾਰ ਦਿਨ ਵਾਪਸ ਨਹੀਂ ਮੁੜਦੇ। ਅਗਰ ਪ੍ਰਦੇਸਾਂ 'ਚ ਚਾਰ ਪੈਸੇ ਜੁੜਦੇ ਆ ਤਾਂ ਕੰਮ ਵੀ ਸਾਰਾ ਪਰਿਵਾਰ ਮੋਢੇ ਨਾਲ ਮੋਢਾ ਲਾ ਕੇ ਕਰਦਾ ਹੈ।

ਫ਼ਰਕ ਸਿਰਫ ਏਨਾ ਕੁ ਹੈ ਕਿ ਇੰਡੀਆ 'ਚ ਔਰਤਾਂ ਬੰਦਿਆਂ ਨੂੰ ਕਹਿੰਦੀਆਂ ਹਨ। ਜਾਓ ਜਾ ਕੇ ਕੰਮ ਕਰੋ ਅਤੇ ਵਿਦੇਸ਼ਾਂ 'ਚ ਸਾਡੀਆਂ ਘਰਵਾਲੀਆਂ ਸਾਡੀਆਂ ਮਿੰਨਤਾਂ ਕਰਦੀਆਂ ਹਨ ਡਾਰਲਿੰਗ ਅੱਜ ਛੁੱਟੀ ਕਰ ਲਓ। ਅੱਜ ਮੈਂ ਵੀ ਕੰਮ 'ਤੇ ਨਹੀਂ ਜਾਣਾ। ਪਰ ਬੰਦਾ ਫਿਰ ਪਿਆਰ ਨਾਲ ਕਹਿੰਦਾ ਹੈ, ਡਾਰਲਿੰਗ ਅਗਰ ਮੈਂ ਛੁੱਟੀ ਕਰ ਲਈ ਤਾਂ ਆ ਜਿਹੜਾ ਥੱਬਾ ਬਿੱਲਾਂ ਦਾ ਆਇਆ ਇਹ ਕਿਸ ਤਰ੍ਹਾਂ ਦੇਣਾ ਹੈ। ਇਹ ਨਹੀਂ ਕਿ ਵਿਦੇਸ਼ੀਆਂ ਕੋਲ ਐਨਾ ਵੀ ਟਾਈਮ ਨਹੀਂ ਹੈ। ਬੱਸ ਹਫ਼ਤੇ 'ਚ ਇਕ ਦਿਨ ਹੀ ਹੁੰਦਾ ਹੈ ਜਿਸ ਦਿਨ ਆਪਣਿਆਂ ਵਾਂਗ ਬੈਠਣ ਨੂੰ ਮੌਕਾ ਮਿਲਦਾ ਹੈ।

○○

26

ਉਹੀ ਸੰਪਰਕ ਕਰਨ ਜਿਹੜੇ...

ਵਿਦੇਸ਼ਾਂ 'ਚ ਆ ਕੇ ਕਈ ਤਾਂ ਐਨੇ ਬੇਸ਼ਰਮ ਅਤੇ ਇਨਸਾਨੀ ਪੱਧਰ ਤੋਂ ਏਨਾ ਨੀਵਾਂ ਹੋ ਜਾਂਦੇ ਨੇ ਕਿ ਆਮ ਵਿਅਕਤੀ ਤਾਂ ਗੱਲ ਸੁਣ ਕੇ ਹੀ ਦੰਗ ਰਹਿ ਜਾਂਦਾ ਹੈ। ਤੁਸੀਂ ਆਮ ਅਖ਼ਬਾਰਾਂ ਵਿਚ ਪੜ੍ਹਦੇ ਹੋਵੋਗੇ ਕਿ ਜਿਵੇਂ 'ਲਾੜੀ ਏਅਰਪੋਰਟ ਤੋਂ ਗਾਇਬ, ਲਾੜਾ ਵਿਆਹ ਵਾਲੇ ਘਰ ਪਹੁੰਚਿਆ ਹੀ ਨਹੀਂ' ਜਦੋਂ ਇੰਡੀਆ 'ਚ ਇਹੋ ਜਿਹੀਆਂ ਲੋਕ ਖ਼ਬਰਾਂ ਪੜ੍ਹਦੇ ਹੋਣਗੇ ਤਾਂ ਇਕ ਵਾਰ ਜ਼ਰੂਰ ਆਪਣੀ ਸੋਚ ਦਾ ਘੋੜਾ ਦੌੜਾਉਂਦੇ ਹੋਣਗੇ, ਬਈ ਐਸੀ ਕੀ ਮਜਬੂਰੀ ਸੀ ਜਿਹੜਾ ਏਅਰਪੋਰਟ ਤੋਂ ਹੀ ਭੱਜਣਾ ਪੈ ਗਿਆ। ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਜਿਹੜੀਆਂ ਲੜਕੀਆਂ ਨੂੰ ਅਸੀਂ ਕਦੇ ਚੰਡੀਗੜ੍ਹ ਤੋਂ ਅੱਗੇ ਇਕੱਲਿਆਂ ਨਹੀਂ ਜਾਣ ਦਿੱਤਾ, ਉਹਨੂੰ ਕਿਵੇਂ ਪਤਾ ਬਈ ਏਅਰਪੋਰਟ ਤੋਂ ਕਿਵੇਂ ਤੇ ਕਿੱਧਰ ਭੱਜਣਾ ਹੈ। ਦਾਲ ਵਿਚ ਕਾਲਾ ਹੀ ਨਹੀਂ ਸਾਰੀ ਦਾਲ ਹੀ ਕਾਲੀ ਹੈ। ਮੇਰੇ ਖਿਆਲ ਮੁਤਾਬਿਕ ਪੰਜਾਬ ਦੀਆਂ ਅਖ਼ਬਾਰਾਂ 'ਚ ਵੀ ਵਿਦੇਸ਼ੀ ਕਲਾਸੀਫਾਈਡ

ਇਸ਼ਤਿਹਾਰ ਛਪਦੇ ਹੋਣਗੇ ਕਿਉਂਕਿ ਬਾਹਰਲੀਆਂ ਤਾਂ ਖਾਸ ਕਰਕੇ ਕੈਨੇਡਾ ਅਤੇ ਅਮਰੀਕਾ ਦੀਆਂ ਅਖ਼ਬਾਰਾਂ ਦਾ ਅੱਧਾ ਬਿਜ਼ਨੈੱਸ ਇਨ੍ਹਾਂ ਇਸ਼ਤਿਹਾਰਾਂ ਨਾਲ ਹੀ ਚਲਦਾ ਹੈ। ਇਕ ਕੈਨੇਡਾ ਤੋਂ ਛਪਦੀ ਵੀਕਲੀ ਅਖ਼ਬਾਰ ਦੇ ਤਾਂ ਤਿੰਨ ਪੇਜ ਸਿਰਫ਼ ਰਿਸ਼ਤੇ ਦੀਆਂ ਲੋੜਾਂ ਨਾਲ ਹੀ ਭਰੇ ਹੁੰਦੇ ਹਨ। ਮਨੁੱਖ ਨੇ ਬਹੁਤ ਤਰੱਕੀ ਕੀਤੀ ਹੈ। ਟੈਕਨਾਲੋਜੀ ਅਤੇ ਹੋਰ ਬਹੁਤ ਸਾਰੇ ਖੇਤਰਾਂ 'ਚ ਵੀ, ਅਗਰ ਆਪਾਂ ਇਸ ਤਰ੍ਹਾਂ ਵੀ ਕਹਿ ਲਈਏ ਕਿ ਜੋ ਅੱਜ ਸਾਡੇ ਜੀਵਨ 'ਚ ਹਰ ਸ਼ੈਅ ਹੈ ਇਹ ਸਭ ਮਨੁੱਖ ਦੀਆਂ ਹੀ ਲੱਭਤਾਂ ਹਨ। ਪਰ 'ਰਿਸ਼ਤਾਨੋਲਜ਼ੀ' ਵਿਚ ਵੀ ਮਨੁੱਖੀ ਕਾਢ ਕਿਸੇ ਤੋਂ ਘੱਟ ਨਹੀਂ ਹੈ। ਰਿਸ਼ਤਿਆਂ ਵਾਲੇ ਇਸ਼ਤਿਹਾਰ 'ਚ ਇਸ ਤਰ੍ਹਾਂ ਲਿਖਿਆ ਹੁੰਦਾ ਹੈ। 5 ਫੁੱਟ 6 ਇੰਚ ਕਲੀਨ ਸ਼ੇਵ ਬਾਅਦ 'ਚ ਜਿਹੜੀ ਵੀ ਜਾਤ ਨਾਲ ਸਬੰਧਿਤ ਲਿਖ ਕੇ ਲੜਕੇ ਦਾ ਕੈਨੇਡਾ ਜਾਂ ਅਮਰੀਕਾ 'ਚ ਕਾਰੋਬਾਰ ਸੈੱਟ ਹੈ। ਲੜਕੇ ਦਾ ਪੂਰਾ ਪਰਿਵਾਰ ਸੈਟਲ ਹੈ। ਲੜਕਾ ਕੈਨੇਡੀਅਨ ਜਾਂ ਅਮਰੀਕਨ ਸਿਟੀਜ਼ਨ ਹੈ। ਲਈ ਇਕ ਸੁਸ਼ੀਲ ਸੁੰਦਰ ਲੜਕੀ ਦੀ ਲੋੜ ਹੈ। ਵਿਜ਼ਟਰ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ ਅਤੇ ਅੰਤ 'ਚ ਇਕ ਛੋਟੀ ਜਿਹੀ ਲਾਈਨ ਹੁੰਦੀ ਹੈ, ਜਿਹੜੀ ਸਾਰੀ ਪੁਆੜਿਆਂ ਦੀ ਜੜ੍ਹ ਹੈ। ਜਿਸ ਕਰਕੇ ਐਨੇ ਪਾਪੜ ਵੇਲੇ ਜਾਂਦੇ ਆ। ਉਹ ਹੈ। "ਉਹੀ ਸੰਪਰਕ ਕਰਨ ਜਿਹੜੇ ਲੜਕੇ ਦੇ ਇੰਡੀਆ 'ਚ ਰਹਿੰਦੇ ਭਰਾ ਨੂੰ ਬੁਲਾ ਸਕਣ ਜਾਂ ਬਾਹਰ ਮੰਗਵਾ ਸਕਣ ਅਤੇ ਜਾਂ ਫਿਰ ਉਸ ਲਈ ਕੈਨੇਡੀਅਨ ਜਾਂ ਅਮਰੀਕਨ ਸਿਟੀਜ਼ਨ ਦੀ ਲੋੜ ਹੈ।"

ਇਕ ਇਸ਼ਤਿਹਾਰ ਇਸ ਤਰ੍ਹਾਂ ਵੀ ਹੁੰਦਾ ਹੈ। ਦੋ ਲੜਕਿਆਂ ਲਈ ਦੋ ਲੜਕੀਆਂ ਦੀ ਜ਼ਰੂਰਤ ਹੈ। ਅਮਰੀਕਾ ਰਹਿੰਦੇ ਸਿਟੀਜ਼ਨ ਲੜਕੇ ਲਈ ਇੰਡੀਆ ਦੀ ਪੜ੍ਹੀ-ਲਿਖੀ ਲੜਕੀ ਅਤੇ ਛੋਟਾ ਜੋ ਇੰਡੀਆ 'ਚ ਹੈ। ਉਸ ਲਈ ਕੈਨੇਡੀਅਨ ਜਾਂ ਅਮਰੀਕਨ ਸਿਟੀਜ਼ਨ ਲੜਕੀ ਦੀ ਲੋੜ ਹੈ।

ਆਓ ਪਹਿਲਾਂ ਇਨ੍ਹਾਂ ਬਾਰੇ ਗੱਲ ਕਰਦੇ ਆਂ। ਹੁੰਦਾ ਇੰਜ ਹੈ ਕਿ ਇਹੋ ਜਿਹੇ ਲੋਕਾਂ ਦਾ ਵਿਆਹ ਵਰਗੇ ਪਵਿੱਤਰ ਬੰਧਨ ਨਾਲ ਕੋਈ ਦੂਰ ਦਾ ਵੀ ਵਾਸਤਾ ਨਹੀਂ ਹੁੰਦਾ। ਉਨ੍ਹਾਂ ਦਾ ਅਸਲੀ ਮਕਸਦ ਹੁੰਦਾ ਹੈ, ਇੰਡੀਆ ਵਾਲੇ ਲੜਕੇ ਨੂੰ ਕਿਸੇ ਨਾ ਕਿਸੇ ਤਰੀਕੇ ਬਾਹਰ ਲਿਆਉਣਾ। ਗੱਲਬਾਤ ਪਹਿਲਾਂ ਹੀ ਦੋਹਾਂ ਪਾਰਟੀਆਂ ਵਿਚ ਖੁੱਲ੍ਹੇਆਮ ਹੋ ਜਾਂਦੀ ਹੈ। ਬਈ ਐਨੇ ਡਾਲਰ ਲੱਗਣਗੇ, ਸਾਡੀ ਕੁੜੀ ਜਾ ਕੇ ਤੁਹਾਡੇ ਮੁੰਡੇ ਨਾਲ ਵਿਆਹ ਕਰਵਾ ਕੇ ਲੈ ਆਵੇਗੀ ਅਤੇ ਏਅਰਪੋਰਟ ਤੋਂ ਅਸੀਂ ਉਸ ਨੂੰ ਘਰ ਲੈ ਆਵਾਂਗੇ ਅਤੇ ਤੁਸੀਂ ਮੁੰਡਾ ਆਪਣਾ ਘਰ ਲੈ ਜਾਇਓ ਕਿਉਂਕਿ ਗੱਲ ਸਿਰਫ ਲੜਕਾ ਇੰਡੀਆ ਤੋਂ ਏਅਰਪੋਰਟ ਤੱਕ ਪਹੁੰਚਾਉਣ ਦੀ ਹੀ ਹੁੰਦੀ ਹੈ। ਅਸਲੀ ਵਿਆਹ ਹੋਵੇ ਤਾਂ ਹੀ ਕੁੜੀ ਆਪਣੇ ਸਹੁਰੇ ਘਰ ਜਾਵੇ। ਪਾਠਕ ਸੋਚਦੇ ਹੋਣਗੇ ਕਿ ਇੰਡੀਆ ਵਾਲਾ ਮੁੰਡਾ ਤਾਂ ਆ ਗਿਆ ਪਰ ਜਿਹੜਾ ਕੈਨੇਡੀਅਨ ਸਿਟੀਜ਼ਨ ਮੁੰਡੇ ਦਾ ਰਿਸ਼ਤਾ ਉਹਦਾ ਕੀ ਬਣਿਆ। ਮੇਰੇ ਭੋਲੇ-ਭਾਲੇ ਪਿਆਰੇ ਪਾਠਕੋ ਉਹ ਦਾਣਾ ਪਾਇਆ ਹੁੰਦਾ ਹੈ। ਚਿੜੀ ਨੂੰ ਫਸਾਉਣ ਲਈ। ਹਾਂ ਕਈ ਸੌਦਾ ਏਦਾਂ ਵੀ ਤੈਅ ਹੋ

ਜਾਂਦਾ ਹੈ। ਬਈ ਤੁਸੀਂ ਸਾਡੀ ਕੁੜੀ ਮੰਗਵਾ ਦਿਉ ਅਤੇ ਅਸੀਂ ਤੁਹਾਡਾ ਮੁੰਡਾ ਮੰਗਵਾ ਦਿੰਦੇ ਹਾਂ। ਬਰਾਬਰ ਹੋ ਗਿਆ ਹਿਸਾਬ ਕਿਤਾਬ।

ਵਿਦੇਸ਼ਾਂ 'ਚ ਵਿਆਹਾਂ ਦੀਆਂ ਕਿਸਮਾਂ ਵੀ ਸੱਪਾਂ ਦੀਆਂ ਕਿਸਮਾਂ ਜਿੰਨੀਆਂ ਹਨ। ਅਗਰ ਮੈਂ ਬਿਆਨ ਕਰਨ ਲੱਗ ਪਿਆ ਤਾਂ ਇਕ ਪੂਰੀ ਕਿਤਾਬ ਲਿਖਣੀ ਪਵੇਗੀ, ਸੋ ਇਸ ਲਈ ਮੈਂ ਤੁਹਾਨੂੰ ਕੁਝ ਖਾਸ-ਖਾਸ ਕਿਸਮਾਂ ਬਾਰੇ ਹੀ ਚਾਨਣਾ ਪਾ ਰਿਹਾ ਹਾਂ। ਇਨ੍ਹਾਂ ਢੰਗ-ਤਰੀਕਿਆਂ ਦੇ ਕਾਰਨ ਲੋਕਾਂ ਦਾ ਅਸਲ ਵਿਆਹ ਤੋਂ ਵੀ ਵਿਸ਼ਵਾਸ ਉੱਠਦਾ ਜਾ ਰਿਹਾ ਹੈ ਕਿਉਂਕਿ ਪਤਾ ਹੀ ਨਹੀਂ ਲੱਗਦਾ ਕਿ ਅੱਗੇ ਜਾ ਕੇ ਕੀ ਵਾਪਰਨੀ ਹੈ। ਪਿੱਛੇ ਜਿਹੇ ਨਿਊਯਾਰਕ ਵਿਚ ਇਕ ਐਸੀ ਗੋਰੀ ਫੜੀ ਗਈ ਜਿਸ ਨੇ 27 ਵਿਆਹ ਕਰਵਾਏ ਸਨ। ਉਹਨੂੰ ਵਿਆਹ ਕਰਵਾਉਣ ਦਾ ਕੋਈ ਸ਼ੌਕ ਨਹੀਂ ਸੀ, ਇਹ ਤਾਂ ਉਸ ਦਾ ਆਪਣਾ ਬਿਜ਼ਨੈੱਸ ਸੀ। ਸੋ, ਮੇਰੇ ਕਹਿਣ ਤੋਂ ਭਾਵ ਇਹੋ ਹੈ ਕਿ ਵਿਆਹ ਵਰਗੇ ਪਵਿੱਤਰ ਰਿਸ਼ਤਿਆਂ ਨੂੰ ਵੀ ਅਸੀਂ ਆਪਣੇ ਨਿੱਜੀ ਸਵਾਰਥਾਂ ਲਈ ਹਥਿਆਰ ਵਾਂਗ ਵਰਤਣਾ ਸ਼ੁਰੂ ਕਰ ਦਿੱਤਾ ਹੈ। ਸ਼ਾਇਦ ਤੁਸੀਂ ਵੀ ਇੰਡੀਆ ਵਿਚ ਇਕ ਖ਼ਬਰ ਜ਼ਰੂਰ ਪੜ੍ਹੀ ਹੋਵੇਗੀ ਕਿ ਇਕ ਕੈਨੇਡਾ ਨਿਵਾਸੀ ਪੰਜਾਬੀ ਸਿੱਖ ਨੇ ਆਪਣੀ ਸਕੀ ਧੀ ਨਾਲ ਵਿਆਹ ਇਸ ਲਈ ਕਰਵਾਇਆ ਕਿ ਉਹ ਵੀ ਕਿਸੇ ਤਰ੍ਹਾਂ ਕੈਨੇਡਾ ਲੰਘ ਆਵੇ। ਇਸ ਤੋਂ ਅੱਗੇ ਹੁਣ ਹੋਰ ਕੀ ਗੱਲ ਕਰਨ ਵਾਲੀ ਰਹਿ ਗਈ ਹੈ। ਕਈ ਇਸ਼ਤਿਹਾਰਾਂ 'ਚ ਲਿਖਿਆ ਹੁੰਦਾ ਹੈ -"ਬਈ ਜਾਤ-ਪਾਤ ਦਾ ਕੋਈ ਬੰਧਨ ਨਹੀਂ", ਬੰਧਨ ਤਾਂ ਹੋਵੇ ਜੇ ਘਰ ਵਸਾਉਣਾ ਹੋਵੇ। ਮੇਰੇ ਖਿਆਲ ਮੁਤਾਬਿਕ ਇਨ੍ਹਾਂ ਨੂੰ ਰਿਸ਼ਤਿਆਂ ਦੀ ਲੋੜ ਨਹੀਂ ਏਜੰਟਾਂ ਦੀ ਲੋੜ ਹੈ।

ਚੰਗੇ ਲੜਕੇ-ਲੜਕੀਆਂ ਨੂੰ ਰਿਸ਼ਤੇ ਤਾਂ ਆਪਣੇ ਆਪ ਘਰ ਪਹੁੰਚ ਜਾਂਦੇ ਹਨ। ਉਨ੍ਹਾਂ ਦੀਆਂ ਇਹ ਮੰਗਾਂ ਨਹੀਂ ਹੁੰਦੀਆਂ ਬਈ ਭਰਾ ਨੂੰ ਇੰਡੀਆ ਤੋਂ ਮੰਗਵਾਉਣਾ ਹੈ। ਉਹ ਤਾਂ ਇਹ ਦੇਖਦੇ ਆ ਬਈ ਆਪਣੇ ਜੀਵਨ ਸਾਥੀ ਦੀ ਚੋਣ ਸਹੀ ਢੰਗ ਨਾਲ ਕੀਤੀ ਜਾਵੇ।

ਇਹੋ ਜਿਹੇ ਤਰੀਕੇਬਾਜ਼ਾਂ ਤੋਂ ਬਚ ਕੇ ਰਹੋ। ਅਖ਼ਬਾਰੀ ਰਿਸ਼ਤਿਆਂ ਤੋਂ ਵੀ ਸੁਚੇਤ ਹੋਣ ਦੀ ਲੋੜ ਹੈ। ਜਿੱਥੇ ਇਹ ਲਿਖਿਆ ਹੋਵੇ ਕਿ 'ਉਹੀ ਸੰਪਰਕ ਕਰਨ'। ਕਿਉਂਕਿ ਉਨ੍ਹਾਂ ਨੂੰ ਰਿਸ਼ਤੇ ਦੀ ਜ਼ਰੂਰਤ ਨਹੀਂ ਹੁੰਦੀ, ਉਨ੍ਹਾਂ ਨੂੰ ਤਾਂ ਫਿਕਰ ਹੁੰਦਾ ਹੈ ਕਿ ਉਨ੍ਹਾਂ ਦਾ ਇੰਡੀਆ 'ਚ ਰਹਿੰਦਾ ਭਰਾ ਜਾਂ ਭੈਣ ਕਿਸ ਤਰ੍ਹਾਂ ਬਾਹਰ ਆਵੇ ਜਾਂ ਇਹ ਕਹਿ ਲਈਏ ਕਿ ਵਿਦੇਸ਼ੀਆਂ ਦੀ ਦਾਜ ਲੈਣ ਦੀ ਇਹ ਨਵੀਂ ਪ੍ਰਥਾ ਹੈ। ਅਖ਼ਬਾਰੀ ਰਿਸ਼ਤਿਆਂ ਵਿਚ 99% ਵਿਚ ਕੋਈ ਨਾ ਕੋਈ ਘਾਟ ਜ਼ਰੂਰ ਹੁੰਦੀ ਹੈ। ਇਹੋ ਜਿਹੇ ਘਰ 'ਚ ਜਾ ਕੇ ਜਾਂ ਮੁੰਡਾ ਵਿਆਹ ਕੇ ਸੁੱਖ ਦੇ ਦਿਨ ਨਸੀਬ ਨਹੀਂ ਹੁੰਦੇ। ਮਿਹਰਬਾਨੀ ਕਰਕੇ ਬਚ ਕੇ ਰਹਿਣਾ ਜੀ ਇਨ੍ਹਾਂ ਤੋਂ ਜਿਹੜੇ ਲਿਖਦੇ ਹਨ 'ਉਹੀ ਸੰਪਰਕ ਕਰਨ ਜਿਹੜੇ...'।

OO

27

ਕਦੋਂ ਤੱਕ ਝੱਲਣੇ ਪੈਣਗੇ ਰਫ਼ਿਊਜੀਆਂ ਨੂੰ ਮਿਹਣੇ

ਮਨੁੱਖ ਹੀ ਮਨੁੱਖ ਨਾਲ ਹਰ ਤਰ੍ਹਾਂ ਦੀ ਘਿਰਣਾ ਲਈ ਮਸ਼ਹੂਰ ਹੈ। ਹਾਲੇ ਜਾਨਵਰ ਏਨਾ ਜਾਨਵਰਾਂ ਨਾਲ ਨਹੀਂ ਈਰਖਾ ਰੱਖਦਾ ਜਿੰਨਾ ਮਨੁੱਖ ਰੱਖਦਾ ਹੈ।

ਜਦੋਂ ਕੋਈ ਪ੍ਰਦੇਸੀ ਘਰੋਂ ਏਜੰਟਾਂ ਨੂੰ ਲੱਖਾਂ ਰੁਪਏ ਦੇ ਕੇ ਬਾਹਰ ਆਉਣ ਦੀ ਤਿਆਰੀ ਕਰਦਾ ਹੈ ਤਾਂ ਉਸ ਨੂੰ ਇਹ ਬਿਲਕੁਲ ਨਹੀਂ ਪਤਾ ਹੁੰਦਾ ਕਿ ਹੁਣ ਜ਼ਿੰਦਗੀ 'ਚ ਉਸ ਨਾਲ ਕਿਹੜੇ-ਕਿਹੜੇ ਮਜ਼ਾਕ ਹੋਣੇ ਹਨ। ਅੱਜ ਪੂਰੀ ਦੁਨੀਆ 'ਚ ਇਕ ਸੌ ਵੀਹ ਤੋਂ ਵੱਧ ਮੁਲਕਾਂ 'ਚ ਪੰਜਾਬੀ ਜਾ ਕੇ ਵੱਸੇ ਹੋਏ ਹਨ ਅਤੇ ਇਹ ਸਾਰੇ ਇਕ ਦਿਨ ਇਸੇ ਤਰ੍ਹਾਂ ਜਿਸ ਤਰ੍ਹਾਂ ਅੱਜਕਲ੍ਹ ਬਾਹਰ ਨੂੰ ਹੋਰ ਪੰਜਾਬੀ ਆਉਂਦੇ ਹਨ, ਆਏ ਸੀ। ਕੋਈ ਵਿਆਹ ਕਰਵਾ ਕੇ ਪੱਕਾ ਹੋ ਗਿਆ ਕੋਈ ਕਿਸੇ ਵੱਲੋਂ ਸਪਾਂਸਰ ਕਰਨ ਨਾਲ ਪੱਕਾ ਹੋ ਗਿਆ ਅਤੇ ਕਿਸੇ ਨੂੰ ਉਸ ਮੁਲਕ ਦੇ ਇਮੀਗ੍ਰੇਸ਼ਨ ਖੁੱਲ੍ਹਣ ਨਾਲ ਸਿੱਧੇ ਤੌਰ

'ਤੇ ਪੱਕਾ ਹੋਣ ਨੂੰ ਰਾਹ ਖੁੱਲ੍ਹ ਗਿਆ। ਪੂਰੀ ਦੁਨੀਆ 'ਚ ਤਿੰਨ ਪ੍ਰਮੁੱਖ ਦੇਸ਼ ਹਨ ਜਿੱਥੇ ਜਾਣ ਲਈ ਹਰ ਪੰਜਾਬੀ ਦਾ ਦਿਲ ਉਤਾਵਲਾ ਰਹਿੰਦਾ ਹੈ। ਇਹ ਹਨ, ਕੈਨੇਡਾ, ਅਮਰੀਕਾ ਅਤੇ ਇੰਗਲੈਂਡ। ਅਗਰ ਇਨ੍ਹਾਂ ਤਿੰਨਾਂ ਮੁਲਕਾਂ ਨੂੰ ਜਾਣ ਦਾ ਨਾ ਕੰਮ ਬਣੇ ਤਾਂ ਫਿਰ ਯੂਰਪ ਦੇ ਦੂਸਰੇ ਮੁਲਕਾਂ ਵੱਲ ਸਾਡੇ ਪੰਜਾਬੀ ਨਿਸ਼ਾਨਾ ਖਿੱਚ ਲੈਂਦੇ ਹਨ। ਪਰ ਅੰਦਰ ਇਹੀ ਖਿਆਲ ਪਾਲਿਆ ਹੁੰਦਾ ਹੈ ਕਿ ਇਕ ਨਾ ਇਕ ਦਿਨ ਅੱਗੇ ਜ਼ਰੂਰ ਨਿਕਲਣਾ ਹੈ। ਅੱਜਕਲ੍ਹ ਇਨ੍ਹਾਂ ਦੇਸ਼ਾਂ 'ਚ ਪੱਕਾ ਹੋਣਾ ਬੜਾ ਮੁਸ਼ਕਿਲ ਹੈ। ਜਦੋਂ ਕਿਸੇ ਪਾਸੇ ਕੋਈ ਕਿਰਨ ਨਹੀਂ ਦਿਸਦੀ ਪੱਕਾ ਹੋਣ ਦੀ ਤਾਂ ਸਾਡੇ ਭਰਾ ਰਫਿਊਜੀ ਸ਼ਰਨ (ਰਾਜਸੀ ਸ਼ਰਨ) ਲੈਣ ਲਈ ਕੇਸ ਫਾਈਲ ਕਰ ਦਿੰਦੇ ਹਨ। ਇਨ੍ਹਾਂ 'ਚ ਵੀ ਬਹੁਤ ਸਾਰੇ ਫੇਲ੍ਹ ਹੋ ਜਾਂਦੇ ਹਨ। ਪਰ ਸੱਤਰ ਫੀਸਦੀ ਪਾਸ ਹੋ ਹੀ ਜਾਂਦੇ ਹਨ। ਮਤਲਬ ਕਿਸੇ ਨਾ ਕਿਸੇ ਤਰੀਕੇ ਆਪਣੇ ਰਹਿਣ ਸਹਿਣ ਦਾ ਵਸੀਲਾ ਬਣ ਹੀ ਜਾਂਦਾ ਹੈ। ਇੰਗਲੈਂਡ ਵਿਚ ਇਹੋ ਜਿਹੇ ਪੰਜਾਬੀ ਭਰਾਵਾਂ ਨੂੰ ਤਾਂ ਸਭ ਤੋਂ ਵੱਧ ਬੁਰੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਉਥੇ ਰੇਡੀਓ ਉੱਪਰ ਟਾਕ-ਸ਼ੋਅ ਚਲਦੇ ਰਹਿੰਦੇ ਹਨ ਅਤੇ ਪੁਰਾਣੇ ਰਹਿੰਦੇ ਪੰਜਾਬੀ ਨਵਿਆਂ ਨੂੰ ਵਾਰਨਿੰਗ ਦਿੰਦੇ ਹਨ। ਬਈ ਆਪਣੇ ਲੱਗੇ ਪੈਸੇ ਕਮਾਓ ਅਤੇ ਵਾਪਿਸ ਘਰ ਨੂੰ ਜਾਓ। ਜਦੋਂ ਮੈਂ 2003 ਦੀਆਂ ਗਰਮੀਆਂ 'ਚ ਇੰਗਲੈਂਡ ਸੀ ਤਾਂ ਰੋਜ਼ਾਨਾ ਮੈਂ ਰੇਡੀਓ ਸੁਣਦਾ ਹੁੰਦਾ ਸੀ। ਇਕ ਦਿਨ ਮੈਂ ਸੁਣਿਆ ਬਈ ਇਕ ਬਜ਼ੁਰਗ ਕਹਿੰਦਾ ਬਈ ਅਸੀਂ ਫੈਕਟਰੀਆਂ ਵਿਚ ਕੰਮ-ਕਰ-ਕਰ ਕੇ ਵਲੈਤ ਨੂੰ ਪੈਰਾਂ 'ਤੇ ਖੜ੍ਹਾ ਕੀਤਾ, ਅਸੀਂ ਉਨ੍ਹਾਂ ਵਕਤਾਂ 'ਚ ਕੰਮ ਕੀਤਾ ਜਦੋਂ ਘਰਾਂ 'ਚ ਹੀਟਾਂ ਵੀ ਨਹੀਂ ਸੀ ਹੁੰਦੀਆਂ ਇਕੋ ਕੰਬਲ 'ਚ ਰਾਤ ਨੂੰ ਇਕ ਜਣੇ ਨੇ ਪੈਣਾ ਅਤੇ ਰਾਤ ਦੀ ਸ਼ਿਫਟ ਕਰਨ ਵਾਲੇ ਨੇ ਦਿਨ ਨੂੰ ਕੰਬਲ ਦੇ ਘੁਰਨੇ ਜਿਹੇ ਵਿਚ ਵੜ ਜਾਣਾ, ਇਹੋ ਜਿਹੇ ਤਸੀਹੇ ਝੱਲ ਕੇ ਅਸੀਂ ਕਮਾਈਆਂ ਕੀਤੀਆਂ ਹਨ। ਇਹ ਅੱਜਕਲ੍ਹ ਆਉਂਦੇ ਆ ਤੇ ਕਾਰਾਂ ਲੈ ਕੇ ਘੁੰਮਦੇ ਆ ਕੋਈ ਟੈਕਸ ਨਹੀਂ ਦਿੰਦੇ। ਸਗੋਂ ਉਲਟਾ ਕੰਮ ਵੀ ਘੱਟ ਪੈਸਿਆਂ 'ਤੇ ਕਰਦੇ ਆ। ਸਾਨੂੰ ਵੀ ਵਿਹਲੇ ਕਰਤਾ ਇਨ੍ਹਾਂ ਆ ਕੇ। ਰੇਡੀਓ ਹੋਸਟ ਨੇ ਬਾਪੂ ਨੂੰ ਬਥੇਰਾ ਸਮਝਾਇਆ ਬਈ ਜਿਹੋ ਜਿਹਾ ਤੁਹਾਡਾ ਟਾਈਮ ਸੀ ਤੁਸੀਂ ਕੱਢ ਲਿਆ ਉਸ ਵੇਲੇ ਘਰਾਂ 'ਚ ਹੀਟਾਂ ਨਹੀਂ ਸਨ ਤਾਂ ਇਨ੍ਹਾਂ ਦਾ ਕੀ ਕਸੂਰ ਹੈ। ਅਗਰ ਅੱਜ ਸਹੂਲਤਾਂ ਪਹਿਲਾਂ ਨਾਲੋਂ ਜ਼ਿਆਦਾ ਹਨ ਤਾਂ ਤੁਸੀਂ ਵੀ ਹੁਣ ਇਸ ਟੈਕਨਾਲੋਜੀ ਦਾ ਸੁੱਖ ਮਾਣਦੇ ਹੀ ਹੋ। ਬਾਬਾ ਕਹੇ ਕਿ ਭਾਈ ਇਹ ਆਪਣੇ ਜਿੰਨੇ ਕੁ ਪੈਸੇ ਖਰਚ ਕੇ ਆਏ ਆ, ਉਹ ਕਮਾ ਲੈਣ ਅਤੇ ਆਪਣੇ ਘਰ ਨੂੰ ਜਾਣ। ਇੰਗਲੈਂਡ 'ਚ ਤਾਂ ਕਈ ਰਿਸ਼ਤੇਦਾਰ ਆਪਣੇ ਹੀ ਰਿਸ਼ਤੇਦਾਰ ਨੂੰ ਪੁਲਿਸ ਨੂੰ ਕਾਲ ਕਰਕੇ ਫੜਵਾ ਦਿੰਦੇ ਆਂ। ਇਸੇ ਕਰਕੇ ਹੀ ਬਹੁਤੇ ਮੁੰਡੇ ਇਕੱਲੇ ਹੀ ਰਹਿੰਦੇ ਹਨ। ਕਿਸੇ ਨੂੰ ਕੁਝ ਨਹੀਂ ਦੱਸਦੇ। ਨਾ ਆਪਣੇ ਰਿਸ਼ਤੇਦਾਰਾਂ ਨੂੰ ਮਿਲਦੇ ਹਨ। ਕੈਨੇਡਾ ਵਿਚ ਪਿੱਛੇ ਜਾਣ ਨੂੰ ਤਾਂ ਨਹੀਂ ਕਹਿੰਦੇ ਪਰ ਇਥੇ ਇੱਕ ਹੋਰ ਬਿਮਾਰੀ ਦਾ ਸਾਹਮਣਾ

ਕਰਨਾ ਪੈਂਦਾ ਹੈ। ਇਥੇ ਜਿਹੜੇ ਪਹਿਲੇ ਪੁਰਾਣੇ ਪੰਜਾਬੀ ਸੈਟਲ ਹੋਏ ਹੁੰਦੇ ਆ, ਉਹ ਨਵਿਆਂ ਨੂੰ ਅਤੇ ਕਿਤੇ ਚਾਰ ਪੱਗਾਂ ਵਾਲੇ ਮੁੰਡੇ ਖੜ੍ਹੇ ਹੋਣ ਤਾਂ ਕਹਿਣਗੇ, ਉਹ ਰਫਿਊਜੀ ਖੜ੍ਹੇ ਹਨ। ਜਿਸ ਪੱਗ ਦੀ ਅੱਜ ਦੁਨੀਆ ਭਰ 'ਚ ਜਾਣਕਾਰੀ ਲਈ ਅਤੇ ਸਜਾਈ ਰੱਖਣ ਲਈ ਸਾਰੀਆਂ ਸਿੱਖ ਸੰਸਥਾਵਾਂ ਅੱਡੀ ਚੋਟੀ ਦਾ ਜ਼ੋਰ ਲਾ ਰਹੀਆਂ ਹਨ ਉਸੇ ਨੂੰ ਦੇਖ ਕੇ ਕਹਿਣਗੇ ਔਹ ਰਫਿਊਜੀ ਲੱਗਦਾ। ਭਲਾ ਕੋਈ ਪੁੱਛਣ ਵਾਲਾ ਹੋਵੇ ਕਿ ਉਹ ਵੀ ਪੰਜਾਬੀ ਹੈ ਤੁਹਾਡਾ ਭਾਈ ਭਰਾ ਹੈ। ਕੀ ਕਰੇ ਜਦੋਂ ਕਿਤੇ ਨਹੀਂ ਹੋਰ ਕੋਈ ਕੰਮ ਬਣਿਆ ਪੱਕੇ ਹੋਣ ਦਾ ਤਾਂ ਰਾਜਸੀ ਸ਼ਰਨ ਲੈਣ ਲਈ ਅਪਲਾਈ ਕਰ ਦਿੱਤਾ। ਕਈ ਬੁੜ੍ਹੀਆਂ ਤਾਂ ਏਦਾਂ ਗੱਲਾਂ ਕਰਨਗੀਆਂ 'ਆਹ ਜਦੋਂ ਦੇ ਰਫਿਊਜੀ ਆ ਗਏ ਕੰਮ ਵੀ ਮੰਦੇ ਪੈ ਗਏ।' ਰਫ਼ਿਊਜੀ ਵੀਰਾਂ ਦੇ ਪਰਿਵਾਰਾਂ ਨੂੰ ਕਿਵੇਂ ਇਹੋ ਜਿਹੇ ਈਰਖ਼ਾ ਭਰੇ ਵਤੀਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਤਾਂ ਉਹੀ ਜਾਣਦੇ ਹਨ। ਸਾਨੂੰ ਕਿਸੇ ਦਾ ਵੀ ਮਨੋਬਲ ਕਮਜ਼ੋਰ ਨਹੀਂ ਕਰਨਾ ਚਾਹੀਦਾ। ਪੱਕੇ ਵੀ ਕਾਹਦੇ ਹੁੰਦੇ ਆ, ਵਿਚਾਰੇ ਇੰਡੀਆ ਤਾਂ ਜਾ ਨਹੀਂ ਸਕਦੇ ਅਗਰ ਜਾਂਦੇ ਵੀ ਹਨ ਤਾਂ ਚੋਰੀ ਛੁਪੀ ਜਾਂ ਗਲਤ ਰਸਤਿਆਂ ਵਿਚ ਦੀ। ਇਕ ਤਰ੍ਹਾਂ ਸੰਤਾਪ ਭੋਗਦੇ ਹਨ ਸਾਡੇ ਰਫਿਊਜੀ ਭਰਾ। ਹਰ ਪਾਰਟੀ 'ਚ ਵਿਆਹ, ਹਰ ਘਰ ਵਿਚ ਇਸੇ ਗੱਲ ਦਾ ਇਨ੍ਹਾਂ ਨੂੰ ਡਰ ਮਾਰਦਾ ਰਹਿੰਦਾ ਹੈ ਕਿ ਕਿਤੇ ਇਹ ਨਾ ਪੁੱਛ ਲੈਣ ਬਈ ਤੂੰ ਪੱਕਾ ਹੋ ਗਿਆਂ। ਅਗਰ ਜੇ ਪੁੱਛੇ ਤੇ ਕਹਿ ਦੇਣਾ ਬਈ ਹਾਂ ਮੈਂ ਰਫ਼ਿਊਜੀ ਕੇਸ ਕੀਤਾ ਸੀ ਪਾਸ ਹੋ ਗਿਆ ਤਾਂ ਝੱਟ ਕਹਿਣਗੇ, 'ਅੱਛਾ-ਅੱਛਾ ਤੇਰਾ ਤਾਂ ਦੂਜਾ ਕੇਸ ਹੈ', ਰਫ਼ਿਊਜੀ ਕੇਸ ਨੂੰ ਦੂਜਾ ਕੇਸ ਕਹਿੰਦੇ ਹਨ।

ਅਮਰੀਕਾ ਦੇ ਸੂਬੇ ਕੈਲੇਫੋਰਨੀਆ ਵਿਚ ਵੀ ਇਸ ਦੁਖਾਂਤ ਦਾ ਕਾਫੀ ਬੋਲਬਾਲਾ ਹੈ। ਹਾਲੇ ਨਿਊਯਾਰਕ 'ਚ ਗੱਲ ਘੱਟ ਹੈ। ਨਿਊਯਾਰਕ ਦੇ ਰਫਿਊਜੀਆਂ ਨੂੰ ਇਨ੍ਹਾਂ ਅਲਾਮਤਾਂ ਤੋਂ ਥੋੜ੍ਹਾ ਅਰਾਮ ਹੈ। ਪਰ ਪਤਾ ਲੱਗਣ 'ਤੇ ਅੰਦਰੋਂ ਇਥੇ ਵੀ ਉਸੇ ਨਜ਼ਰ ਨਾਲ ਦੇਖਦੇ ਹਨ। ਮੈਂ ਤਾਂ ਪ੍ਰਮਾਤਮਾ ਅੱਗੇ ਇਹੀ ਅਰਦਾਸ ਕਰਦਾ ਹਾਂ ਕਿ ਪ੍ਰਮਾਤਮਾ ਕਿਸੇ ਨੂੰ ਰਫਿਊਜੀ ਨਾ ਬਣਾਵੇ। ਕਿਉਂਕਿ ਸਾਡਾ ਭਾਈਚਾਰਾ ਕਿਸੇ ਤਰ੍ਹਾਂ ਵੀ ਸੁੱਖ ਨਾਲ ਨਹੀਂ ਜੀਊਣ ਦਿੰਦਾ। ਅਗਰ ਅਸੀਂ ਸੋਚੀਏ ਬਈ ਅਸੀਂ ਸਾਰੇ ਭਰਾ ਹਾਂ ਇਕੋ ਦੇਸ਼ ਤੋਂ ਆਏ ਆਂ। ਇਨਸਾਨ ਨੂੰ ਇਨਸਾਨਾਂ ਵਾਂਗ ਹੀ ਦੂਜਿਆਂ ਨੂੰ ਲੈਣਾ ਚਾਹੀਦਾ ਹੈ। ਮੇਰੀ ਨਜ਼ਰ 'ਚ ਤਾਂ ਅਸੀਂ ਸਾਰੇ ਹੀ ਰਫ਼ਿਊਜੀ ਹਾਂ ਕਿਉਂਕਿ ਜਦੋਂ ਅਸੀਂ ਆਪਣਾ ਦੇਸ਼ ਛੱਡ ਕੇ ਦੂਸਰੇ ਦੇਸ਼ 'ਚ ਰੋਜ਼ੀ ਰੋਟੀ ਲਈ ਭਟਕਦੇ ਹਾਂ ਤਾਂ ਅਸੀਂ ਸਾਰੇ ਹੀ ਰਫਿਊਜੀ ਬਣ ਜਾਂਦੇ ਹਾਂ।

○○

28

ਸਾਡੇ ਤਾਂ ਇਹੀ ਭਈਏ ਕੰਮ ਆਉਂਦੇ ਆ, ਤੁਸੀਂ ਤਾਂ ਅਮਰੀਕਾ ਰਹਿੰਦੇ ਹੋ



ਕੁਝ ਪਲ ਤਾਂ ਮੈਂ ਇਹ ਸਾਰੀ ਵਿੱਥਿਆ ਸੁਣ ਕੇ ਖਾਮੋਸ਼ ਜਿਹਾ ਹੋ ਗਿਆ, ਮੇਰਾ ਮਿੱਤਰ ਕਹਿੰਦਾ ਕੀ ਗੱਲ, ਧਿਆਨ ਕਿੱਧਰ ਗਿਆ ਹੈ। ਮੈਂ ਤੈਨੂੰ ਆਪਣੀ ਦੁੱਖ ਭਰੀ ਕਹਾਣੀ ਸੁਣਾ ਰਿਹਾ ਹਾਂ, ਤੂੰ ਪਤਾ ਨਹੀਂ ਕਿਹੜੇ ਗੀਤ ਦੇ ਮੁੱਖੜੇ ਸੋਚਣ ਲੱਗ ਪਿਆ। ਪਰ ਮੇਰੀਆਂ ਅੱਖਾਂ ਮੋਹਰਿਉਂ ਉਹਦੀ ਕਹਾਣੀ ਦੇ ਪਾਤਰ ਹਟਣ ਦਾ ਨਾਂਅ ਹੀ ਨਹੀਂ ਸੀ ਲੈਂਦੇ। ਉਹਨੇ ਫਿਰ ਮੇਰੀ ਬਾਂਹ ਫੜ ਕੇ ਝੰਜੋੜਿਆ, ਮੈਂ ਮੁੜ-ਮੁੜ ਉਸੇ ਵੇਗ 'ਚ ਗੁਆਚੀ ਜਾਵਾਂ। ਉਹਨੇ ਅੱਕ ਕੇ ਕਿਹਾ ਉਹ ਛੱਡ ਯਾਰ, ਤੁਹਾਡੇ ਵਰਗੇ ਲੋਕਾਂ ਨੂੰ ਤਾਂ ਗੱਲ ਦੱਸਣ ਦਾ ਛੱਤੀਆਂ ਦਾ ਘਾਟਾ ਆ। ਮੇਰੀ ਹਾਲਤ ਬਿਲਕੁਲ ਉਸ ਸੁੱਤੇ ਬੰਦੇ ਵਾਂਗ ਸੀ ਜਿਹੜਾ ਦੋ ਰਾਤਾਂ ਦਾ ਉਨੀਂਦਰਾ ਹੋਵੇ ਅਤੇ ਜਦੋਂ ਉਸ ਨੂੰ ਕੋਈ ਉਠਾਉਂਦਾ ਹੈ ਤਾਂ ਉਹ ਮੁੜ ਸੌਂ ਜਾਂਦਾ ਹੈ। ਜਦੋਂ ਮੇਰਾ ਮਿੱਤਰ ਅੱਕ ਕੇ ਤੁਰਨ

ਲੱਗਾ ਤਾਂ ਮੈਂ ਇਕ ਦਮ ਕਿਹਾ ਬਹਿਜਾ ਬਹਿਜਾ ਬੱਸ ਮੈਂ ਤਾਂ ਐਵੇਂ ਹੀ ਕੁਝ ਜ਼ਿਆਦਾ ਹੀ ਸੋਚ ਗਿਆ।

ਇਹ ਮੇਰਾ ਮਿੱਤਰ ਜੋ ਪੱਕੇ ਤੌਰ 'ਤੇ ਅਮਰੀਕਾ 'ਚ ਰਹਿੰਦਾ ਹੈ। ਇਸ ਨੇ ਆਪਣੀ ਫੈਮਲੀ (ਪਰਿਵਾਰ) ਨੂੰ ਇਸ ਕਰਕੇ ਨਹੀਂ ਪੰਜਾਬ ਤੋਂ ਮੰਗਵਾਇਆ ਕਿ ਬਾਹਰਲਾ ਮਾਹੌਲ ਠੀਕ ਨਹੀਂ ਹੈ। ਇਥੇ ਆ ਕੇ ਨਿਆਣੇ ਖਰਾਬ ਹੋ ਜਾਂਦੇ ਹਨ। ਇੱਜ਼ਤ ਨਹੀਂ ਕਰਦੇ ਐਵੇਂ ਮਾੜੀ-ਮਾੜੀ ਗੱਲ 'ਤੇ ਕਾਨੂੰਨ ਦਾ ਡੰਡਾ ਦਿਖਾਉਂਦੇ ਹਨ ਅਤੇ ਕਈ ਔਰਤਾਂ ਵੀ ਬਾਹਰ ਆ ਕੇ ਰੋਮਾਂਟਿਕ ਨੋਕ-ਝੋਕ ਤੋਂ ਬਾਜ ਨਹੀਂ ਆਉਂਦੀਆਂ। ਇਸੇ ਕਰਕੇ ਮੇਰੇ ਇਸ ਮਿੱਤਰ ਨੇ ਇਹ ਫੈਸਲਾ ਕੀਤਾ ਬਈ ਮੈਂ ਹਰ ਸਾਲ ਚਾਰ ਮਹੀਨੇ ਇੰਡੀਆ 'ਚ ਰਹਿ ਆਇਆ ਕਰਾਂਗਾ ਅਤੇ ਅੱਠ ਮਹੀਨੇ ਅਮਰੀਕਾ 'ਚ ਕੰਮ ਕਰ ਲਿਆ ਕਰਾਂਗਾ। ਨਾਲੇ ਪਿੱਛੇ ਪੰਜਾਬ 'ਚ ਕੋਈ ਪੰਜਾਹ ਖੇਤ ਜ਼ਮੀਨ ਦੇ ਹਨ, ਜਿਹੜੇ ਇਹਦੇ ਲਈ ਅਤੇ ਇਹਦੇ ਪਰਿਵਾਰ ਲਈ ਇਕਦਮ ਪੰਜਾਬ ਛੱਡਣ ਲਈ ਮਨਜ਼ੂਰੀ ਨਹੀਂ ਦਿੰਦੇ। ਖੈਰ ਇਨ੍ਹਾਂ ਸਾਰੀਆਂ ਮੁਸ਼ਕਲਾਂ ਨੂੰ ਭਾਂਪਦੇ ਹੋਏ ਮੇਰੇ ਇਸ ਮਿੱਤਰ ਨੇ ਅੱਠ ਮਹੀਨੇ ਕੱਲ੍ਹਿਆਂ ਰਹਿਣ ਦਾ ਫੈਸਲਾ ਕੀਤਾ।

ਇਹ ਹਰ ਸਾਲ ਅਮਰੀਕਾ ਤੋਂ ਪੰਜਾਬ ਜਾਂਦਾ ਅਤੇ ਚਾਰ ਮਹੀਨੇ ਤੀਆਂ ਵਾਂਗ ਗੁਜ਼ਾਰ ਕੇ ਵਾਪਿਸ ਆ ਜਾਂਦਾ ਅਤੇ ਨਾਲੇ ਘਰ ਦੀ ਫ਼ਸਲ ਦਾ ਜੋ ਪੈਸਾ ਧੇਲਾ ਹੁੰਦਾ ਉਹਦਾ ਹਿਸਾਬ ਕਿਤਾਬ ਕਰ ਆਉਂਦਾ। ਇਸੇ ਤਰ੍ਹਾਂ ਪੰਜ ਸਾਲ ਤੱਕ ਚਲਦਾ ਰਿਹਾ। ਅੱਜ ਪੰਜਵੇਂ ਸਾਲ ਬਾਅਦ ਮੈਂ ਇਸ ਨੂੰ ਪਹਿਲੀ ਵਾਰ ਨਿਰਾਸ਼ ਵੇਖਿਆ ਅਤੇ ਮੈਂ ਇਸ ਤੋਂ ਇਸ ਦੇ ਦੁੱਖ ਦੀ ਦਾਸਤਾਨ ਸੁਣਨ ਲਈ ਮਜਬੂਰ ਕੀਤਾ। ਜਿਵੇਂ ਕੋਈ ਛੋਟਾ ਬੱਚਾ ਜਦ ਡਾਕਟਰ ਕੋਲ ਜਾਂਦਾ ਹੈ, ਤਾਂ ਉਹ ਪਹਿਲਾਂ ਹੀ ਰੋਣ ਲੱਗ ਜਾਂਦਾ ਹੈ। ਮੈਂ ਟੀਕਾ ਨਹੀਂ ਲੁਆਉਣਾ, ਮੈਂ ਟੀਕਾ ਨਹੀਂ ਲੁਆਉਣਾ। ਬਿਲਕੁਲ ਉਸੇ ਤਰ੍ਹਾਂ ਮੇਰੇ ਮਿੱਤਰ ਨੇ ਮੇਰੇ ਕੋਲ ਹੱਥ ਜੋੜ ਕੇ ਕਿਹਾ ਸੀ ਮੈਂ ਦੱਸ ਦਿੰਦਾ ਹਾਂ ਪਰ ਕੌੜੀਆਂ ਸੱਚੀਆਂ ਨਾ ਲਿਖੀਂ ਮੇਰੇ ਨਾਲ ਵਾਅਦਾ ਕਰ। ਮੈਂ ਉਹਨੂੰ ਬੜੇ ਪਿਆਰ ਨਾਲ ਸਮਝਾਇਆ ਬਈ ਮੈਂ ਤੇਰਾ ਨਾਂਅ ਨਹੀਂ ਲਿਖਦਾ ਕਿਸੇ ਨੂੰ ਕੀ ਪਤਾ ਬਈ ਇਹ ਕੌਣ ਹੈ। ਨਾਲੇ ਇਹ ਕਹਾਣੀ ਤੇਰੇ ਇਕੱਲੇ ਦੀ ਨਹੀਂ। ਇਹ ਤਾਂ ਘਰ-ਘਰ ਦੀ ਕਹਾਣੀ ਹੈ। ਸ਼ਾਇਦ ਆਪਣੇ ਇਸ ਲੇਖ ਨਾਲ ਕੋਈ ਘਰ ਬਚ ਹੀ ਜਾਵੇ।

ਉਹਨੇ ਦੱਸਣਾ ਸ਼ੁਰੂ ਕੀਤਾ ਕਿ ਅਸੀਂ ਘਰ ਵਿਚ ਇਕ ਭਈਆ ਬੜੇ ਚਿਰਾਂ ਤੋਂ ਰੱਖਿਆ ਹੈ। ਉਦੋਂ ਮੈਂ ਇੰਡੀਆ ਹੀ ਸੀ। ਉਸ ਟਾਈਮ ਉਹ ਚੌਦਾ ਕੁ ਸਾਲਾਂ ਦਾ ਨਿਆਣਾ ਸੀ। ਮੈਂ ਉਸ ਨੂੰ ਭਰਾਵਾਂ ਵਾਂਗ ਰੱਖਿਆ। ਉਹ ਮੇਰੇ ਘਰਵਾਲੀ ਨੂੰ ਭਾਬੀ ਜੀ ਕਹਿ ਕੇ ਬੁਲਾਉਂਦਾ। ਬੜਾ ਪਿਆਰਾ ਹਰ ਕੰਮ ਭੱਜ-ਭੱਜ ਕਰਦਾ ਦੇਖ ਕੇ ਅੱਜ ਵੀ ਉਹਨੂੰ ਕੋਈ ਭਈਆ ਨਹੀਂ ਕਹਿ ਸਕਦਾ। ਮੈਂ ਪਹਿਲਾਂ ਇਨ੍ਹਾਂ ਗੱਲਾਂ ਦਾ ਕਦੇ ਧਿਆਨ ਨਹੀਂ ਕੀਤਾ। ਇਸ ਵਾਰ ਜਦ ਮੈਂ ਗਿਆ ਇਕ ਸਵੇਰ ਮੈਂ ਬਿਸਤਰੇ ਵਿਚ

ਹੀ ਪਿਆ ਸਾਂ ਕਿ ਮੇਰੀ ਘਰਵਾਲੀ ਕਹਿੰਦੀ ਜਲਦੀ ਉੱਠੋ ਆਪਾਂ ਸ਼ਹਿਰ ਜਾਣਾ ਹੈ। ਅੱਜ ਕੁਝ ਘਰ 'ਚ ਮਹਿਮਾਨ ਆਉਣ ਵਾਲੇ ਹਨ। ਮੈਂ ਰਾਤ ਕੁਝ ਜ਼ਿਆਦਾ ਪੀ ਲਈ ਸੀ ਇਸ ਕਰਕੇ ਮੈਂ ਕਿਹਾ ਕੋਈ ਗੱਲ ਨਹੀਂ ਚਲਦੇ ਆਂ, ਗਿਆਰਾਂ-ਬਾਰਾਂ ਵਜੇ, ਐਡੀ ਕੀ ਨ੍ਹੇਰੀ ਆਈ ਆ। ਉਹਨੇ ਪੈਂਦੀ ਸੱਟੇ ਕਿਹਾ, ਚੰਗਾ ਇਸ ਤਰ੍ਹਾਂ ਕਰੋ ਤੁਸੀਂ ਅਰਾਮ ਕਰੋ ਮੈਂ ਤੇ ਰਾਮੂ ਸ਼ਹਿਰ ਜਾ ਕੇ ਆਪੇ ਸਾਮਾਨ ਲੈ ਆਵਾਂਗੇ, ਤੁਸੀਂ ਵੀ ਦੱਸ ਦਿਉ ਕੋਈ ਹੋਰ ਚੀਜ਼ ਚਾਹੀਦੀ ਹੈ ਤਾਂ ਮੈਂ ਸੋਚਿਆ ਜਾਨ ਛੁੱਟੀ ਹੁਣ ਘੰਟਾ ਹੋਰ ਸੌਂ ਲਵਾਂਗਾ। ਸਾਲੀ ਰਾਤ ਦੀ ਅੱਖਾਂ 'ਚੋਂ ਸ਼ਰਾਬ ਹੀ ਨਹੀਂ ਨਿਕਲੀ।

ਉਹ ਬਾਰਾਂ ਕੁ ਵਜਦੇ ਨੂੰ ਸ਼ਹਿਰੋਂ ਮੁੜ ਆਏ ਮੈਂ ਉਠ ਕੇ ਆਪਣੀ ਕੋਠੀ ਦੇ ਬਾਹਰਲੇ ਨਲਕੇ 'ਤੇ ਬੁਰਸ਼ ਕਰ ਰਿਹਾ ਸੀ, ਉਨ੍ਹਾਂ ਸ਼ਾਇਦ ਮੇਰੇ ਵੱਲ ਨਹੀਂ ਦੇਖਿਆ, ਉਹ ਟਰੈਕਟਰ ਤੋਂ ਉਤਰ ਕੇ ਜਦੋਂ ਅੰਦਰ ਵੜੇ ਤਾਂ ਰਾਮੂ ਨੇ ਮੇਰੇ ਘਰਵਾਲੀ ਦੇ ਵੱਖੀ 'ਚ ਉੱਪਰੀ ਜਿਹੀ ਚੂੰਢੀ ਵੱਢੀ ਅਤੇ ਉਹ ਹੱਸ ਕੇ ਅਗਾਂਹ ਹੋ ਗਈ। ਮੈਂ ਅੱਗੇ ਹੋਰ ਬੁਰਸ਼ ਨਾ ਕਰ ਸਕਿਆ। ਮੈਨੂੰ ਲੱਗਾ ਮੈਨੂੰ ਪਹਿਲਾਂ ਨਾਲੋਂ ਵੀ ਜ਼ਿਆਦਾ ਥਕਾਵਟ ਹੋ ਗਈ ਹੈ। ਉਨ੍ਹਾਂ ਦਾ ਸਰਕਦਾ-ਸਰਕਦਾ ਹਾਸਾ ਮੇਰੇ ਕੰਨਾਂ ਨੂੰ ਚੀਰਦਾ ਚਲਾ ਗਿਆ। ਮੈਂ ਅੰਦਰ ਆਇਆ ਤਾਂ ਰਾਮੂ ਮੇਰੇ ਬੈੱਡ 'ਤੇ ਚੌਫਾਲ ਲੱਤਾਂ ਖਿਲਾਰ ਕੇ ਇੰਜ ਪਿਆ ਸੀ ਜਿਵੇਂ ਉਹ ਮੇਰਾ ਮਾਲਕ ਅਤੇ ਮੈਂ ਉਹਦਾ ਨੌਕਰ ਹੋਵਾਂ। ਮੈਂ ਕੁਝ ਨਹੀਂ ਬੋਲਿਆ ਅਤੇ ਗੱਲ ਦੀ ਗਹਿਰਾਈ ਨੂੰ ਮਾਪਣ ਲੱਗਾ। ਕੀ ਇਹ ਪਿਆਰ ਹੈ ਜਾਂ ਅਮਾਨਤ ਵਿਚ ਖਿਆਨਤ।

ਪਿਛਲੇ ਚਾਰਾਂ ਸਾਲਾਂ ਦੇ ਕਾਰਨਾਮੇ ਮੇਰੀਆਂ ਅੱਖਾਂ ਮੋਹਰੇ ਫ਼ਿਲਮ ਵਾਂਗ ਚੱਲਣ ਲੱਗੇ, ਕੰਨਾਂ 'ਚ ਹਾਸੇ ਕਿਲਕਾਰੀਆਂ, ਰਾਮੂ-ਰਾਮੂ ਹੁੰਦੀ ਸੁਣੀ। ਫਿਰ ਮੈਨੂੰ ਪਿੰਡ ਦੀ ਸੱਥ ਦੀਆਂ ਗੱਲਾਂ ਯਾਦ ਆਉਣ ਲੱਗੀਆਂ ਜਦੋਂ ਵੀ ਮੈਂ ਪਿੰਡ ਦੀ ਸੱਥ 'ਚ ਕਦੇ ਖੜ੍ਹਦਾ ਸੀ ਤਾਂ ਮੁੰਡੇ-ਖੁੰਡੇ ਮੈਨੂੰ ਲਾ ਕੇ ਗੱਲ ਕਰਦੇ, ਬਈ ਭਾਅ ਤੇਰਾ ਸੂਤ ਆ ਤੂੰ ਬਾਹਰ ਡਾਲਰ ਕਮਾਈ ਜਾਨਾਂ ਤੇਰਾ ਰਾਮੂ ਤੇਰਾ ਘਰ ਅਤੇ ਜ਼ਮੀਨ ਸੰਭਾਲ ਕੇ ਰੱਖਦਾ ਬਈ ਕਿਸਮਤ ਹੋਵੇ ਤਾਂ ਇਸ ਤਰ੍ਹਾਂ ਦੀ ਹੋਵੇ। ਹੁਣ ਮੈਨੂੰ ਕਈ ਲੁਕਣਮੀਟੀਆਂ ਯਾਦ ਆਉਣ ਲੱਗੀਆਂ। ਮੈਨੂੰ ਆਨੀਂ ਬਹਾਨੀਂ ਇਕੱਲਿਆਂ ਛੱਡਣਾ, ਰਾਮੂ ਦੇ ਸਰਦਾਰਾਂ ਵਰਗੇ ਕੱਪੜੇ, ਰਾਮੂ ਦਾ ਕਦੇ-ਕਦੇ ਮੇਰੇ ਘਰਵਾਲੀ ਨੂੰ ਦਬਕਾ ਜਿਹਾ ਮਾਰ ਕੇ ਗੱਲ ਕਰਨੀ। ਮੈਂ ਇਹ ਸਭ ਸੋਚ ਕੇ ਸਿਰ ਫੜ ਕੇ ਬਹਿ ਗਿਆ। ਮੇਰੇ ਵੱਲ ਦੇਖ ਕੇ ਮੇਰੇ ਘਰ ਵਾਲੀ ਨੇ ਕਿਹਾ ਕਿ ਰਾਤ ਥੋੜ੍ਹੀ ਪੀਣੀ ਸੀ, ਹੁਣ ਸਿਰ ਦੁਖਦਾ ਹੋਣਾ। ਮੈਨੂੰ ਰਾਤ ਵਾਲਾ ਵੀ ਸੀਨ ਚੇਤੇ ਆ ਗਿਆ ਰਾਮੂ ਮੈਨੂੰ ਵੱਡੇ ਭਾ ਜੀ ਵੱਡੇ ਭਾ ਜੀ ਕਹਿ ਕੇ ਪੈੱਗ ਭਰੀ ਜਾ ਰਿਹਾ ਸੀ, ਮੈਨੂੰ ਪਤਾ ਨਹੀਂ ਮੈਨੂੰ ਕਿਹਨੇ ਬੈੱਡ 'ਤੇ ਪਾਇਆ ਸੀ।

ਮੈਂ ਆਪਣੀ ਘਰਵਾਲੀ ਨੂੰ ਉਹਦਾ ਨਾਂਅ ਲੈ ਕੇ ਆਵਾਜ਼ ਮਾਰੀ। ਉਹ ਅੰਦਰ ਆਈ ਅਤੇ ਸਹਿਮੀ ਜਿਹੀ ਪਰ ਠਰੰਮੇ ਨਾਲ ਬੋਲੀ ਦੱਸੋ ਕੀ ਗੱਲ ਹੈ। ਉਹਦੇ ਬੋਲਾਂ

ਤੋਂ ਲੱਗਦਾ ਸੀ ਜਿਵੇਂ ਉਸ ਨੂੰ ਪਹਿਲਾਂ ਹੀ ਪਤਾ ਹੋਵੇ ਕਿ ਕੀ ਗੱਲ ਪੁੱਛਣੀ ਹੈ। ਮੈਂ ਕਿਹਾ ਇਹ ਜੋ ਮੈਂ ਦੇਖ ਰਿਹਾਂ ਇਹ ਕੁਝ ਮੈਨੂੰ ਚੰਗਾ ਨਹੀਂ ਲੱਗਾ। ਕੀ ਚੰਗਾ ਨਹੀਂ, ਕੀ ਦੇਖ ਰਹੇ ਹੋ ਤੁਸੀਂ। ਐਵੇਂ ਮਾੜੀ-ਮਾੜੀ ਗੱਲ 'ਤੇ ਸ਼ੱਕ ਕਰਦੇ ਹੋ। ਲੋਕਾਂ ਨੇ ਕੰਨ ਭਰਤੇ ਹੋਣੇ ਆ ਵਗੈਰਾ-ਵਗੈਰਾ। ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਉਹਨੇ ਇੰਨੀਆਂ ਗੱਲਾਂ ਸੋਚ ਉਗਲ ਦਿੱਤਾ, ਮੈਂ ਠੰਡਾ ਸੀਤ ਹੋ ਗਿਆ। ਉਹ ਫਿਰ ਬੋਲੀ ਐਨਾ ਕੰਮ ਤਾਂ ਤੁਸੀਂ ਵੀ ਅਮਰੀਕਾ 'ਚ ਨਹੀਂ ਕਰਦੇ ਹੋਣੇ ਜਿੰਨਾ ਮੈਂ ਕਰਦੀ ਆਂ। ਪੂਰੇ ਪੰਜਾਹ ਖੇਤਾਂ ਦੀ ਵਾਹੀ ਅਤੇ ਸਾਰਾ ਹਿਸਾਬ ਕਿਤਾਬ ਤੇ ਸਾਰੇ ਘਰ ਦਾ ਖਿਆਲ। ਆਪ ਤਾਂ ਤੁਸੀਂ ਬਾਹਰ ਰਹਿੰਦੇ ਹੋ, ਸਾਡੇ ਤਾਂ ਸਾਡੇ ਨੌਕਰ ਹੀ ਕੰਮ ਆਉਣੇ ਆ। ਕੀ ਇਨ੍ਹਾਂ ਨੂੰ ਵੀ ਘਰੋਂ ਕੱਢ ਦਈਏ। ਆ ਜਾਂਦੇ ਆਂ ਅੱਠਾਂ ਕੁ ਮਹੀਨਿਆਂ ਬਾਅਦ ਉਹ ਵੀ ਦਾਰੂ ਪੀਣ।

ਮੈਂ ਸੋਚਿਆ ਸ਼ਾਇਦ ਅਮਰੀਕਾ 'ਚ ਫੈਮਲੀਆਂ ਠੀਕ ਨਹੀਂ ਰਹਿੰਦੀਆਂ ਪਰ ਅੱਜ ਪਤਾ ਲੱਗਾ ਕਿ ਪਰਿਵਾਰ ਨੂੰ ਹਮੇਸ਼ਾ ਨਾਲ ਰੱਖੋ। ਮਾਲੀ ਬਿਨਾਂ ਬਗ਼ੀਚੀ ਨੂੰ ਹਰ ਜਾਨਵਰ ਮੂੰਹ ਮਾਰਨ ਦੀ ਕੋਸ਼ਿਸ਼ ਕਰਦਾ ਹੈ। ਬਗ਼ੀਚੀ ਦਾ ਕੋਈ ਕਸੂਰ ਨਹੀਂ। ਮੈਂ ਛੇਤੀ ਹੀ ਫੈਸਲਾ ਕੀਤਾ ਅਤੇ ਪਿਛਲੀ ਜ਼ਿੰਦਗੀ ਨੂੰ ਪਿਛਲੇ ਜਨਮ ਵਾਂਗ ਭੁੱਲ ਕੇ ਭਰਾਵਾ ਹੁਣ ਨਵੀਂ ਜ਼ਿੰਦਗੀ ਸ਼ੁਰੂ ਕਰ ਰਿਹਾਂ ਸ਼ਾਇਦ ਰੱਬ ਸਾਥ ਦੇਵੇ।

○○

29

ਅਮਰੀਕਾ 'ਚ ਆ ਕੇ ਮੈਂ ਸਭ ਕੁਝ ਗੁਆ ਲਿਆ

ਇਨਸਾਨ ਦੁਨੀਆ ਦੇ ਇਸ ਮੇਲੇ ਨੂੰ ਦੇਖਣ ਇਸ ਧਰਤੀ 'ਤੇ ਆਉਂਦਾ ਹੈ। ਮੇਲਾ ਰੂਪੀ ਇਹ ਦੁਨੀਆ ਇਨਸਾਨ ਲਈ ਜੀਵਨ ਦੇ ਹਰ ਪਹਿਲੂ ਤੋਂ ਅਨਿੱਖੜਵਾਂ ਅੰਗ ਹੁੰਦੀ ਹੈ। ਜਿਸ ਇਨਸਾਨ ਨੂੰ ਮੈਂ ਅਮਰੀਕਾ ਦੀ ਧਰਤੀ 'ਤੇ ਅੱਜ ਤੋਂ 13-14 ਸਾਲ ਪਹਿਲਾਂ ਮਿਲਿਆ ਸੀ, ਉਹੀ ਅੱਜ ਮੇਰਾ ਵਧੀਆ ਮਿੱਤਰ ਵੀ ਹੈ। ਮਿੱਤਰਤਾ ਬੇਸ਼ੱਕ ਸਿਆਣਿਆਂ ਅਨੁਸਾਰ ਹਾਣੀਆਂ ਨਾਲ ਹੀ ਪੁੱਗਦੀ ਹੈ। ਪਰ ਇਸ ਮੇਰੇ ਦੋਸਤ ਨਾਲ ਮੇਰੀ ਦੋਸਤੀ ਉਮਰਾਂ ਨੂੰ ਲੈ ਕੇ ਨਹੀਂ, ਬਲਕਿ ਇਨਸਾਨੀ ਫ਼ਿਤਰਤ ਨੂੰ ਲੈ ਕੇ ਨਿਭ ਰਹੀ ਹੈ।

1937 ਵਿਚ ਇਹ ਮੇਰਾ ਮਿੱਤਰ ਇੰਗਲੈਂਡ ਆਇਆ ਅਤੇ ਪੰਜ ਸਾਲ ਰਿਹਾ ਤੇ ਫਿਰ ਵਾਪਿਸ ਚਲਾ ਗਿਆ। ਭਾਵ ਇੰਡੀਆ ਆ ਗਿਆ। ਮੇਰੇ ਇਸ ਦੋਸਤ ਦੀ

ਜਨਮ ਭੂਮੀ ਪੰਜਾਬ ਹੈ ਪਰ ਬਾਪ ਦੀ ਨੌਕਰੀ ਕਾਰਨ ਇਹ ਲੰਮੇ ਅਰਸੇ ਤੋਂ ਦਿੱਲੀ ਵਿਚ ਹੀ ਰਹਿੰਦੇ ਹਨ ਅਤੇ ਉਥੋਂ ਦੇ ਹੀ ਮੂਲ ਵਸ਼ਿੰਦੇ ਬਣ ਗਏ। ਚੰਗੀ ਹਾਈ ਕਲਾਸ ਦੀ ਵਿੱਦਿਆ ਹਾਸਲ ਕੀਤੀ। ਉਸ ਦੇ ਦੱਸਣ ਅਨੁਸਾਰ ਸਵਰਗੀ ਸੰਜੇ ਗਾਂਧੀ ਉਸ ਦਾ ਕਲਾਸਫੈਲੋ ਰਿਹਾ ਹੈ। ਇੰਗਲੈਂਡ ਤੋਂ ਵਾਪਿਸ ਇੰਡੀਆ ਪਰਤਣ 'ਤੇ ਵਿਆਹ ਕਰ ਦਿੱਤਾ ਗਿਆ, ਚੰਗੀ ਸੋਹਣੀ ਸੁਨੱਖੀ ਪਤਨੀ ਨਾਲ ਘਰ ਗ੍ਰਹਿਸਥੀ ਸ਼ੁਰੂ ਹੋ ਗਈ। ਪਤਨੀ ਜੋ ਦਿੱਲੀ 'ਚ ਸਥਿਤ ਇੰਗਲੈਂਡ ਦੀ ਅੰਬੈਸੀ 'ਚ ਨੌਕਰੀ ਕਰਦੀ ਸੀ। ਆਪ ਮੇਰਾ ਦੋਸਤ ਵਿਆਹ ਤੋਂ ਬਾਅਦ ਆਟੋ ਇੰਜੀਨੀਅਰਿੰਗ ਦਾ ਡਿਪਲੋਮਾ ਕਰਨ ਪੈਰਿਸ ਆ ਗਿਆ।

ਪੈਰਿਸ ਕੋਈ ਅੱਠ ਮਹੀਨੇ ਦੇ ਕਰੀਬ ਰਹਿ ਕੇ ਵਾਪਿਸ ਇੰਡੀਆ ਚਲੇ ਗਿਆ। ਫਿਰ ਆਪਣੇ ਪਰਿਵਾਰ 'ਚ ਦਿੱਲੀ ਵਿਖੇ ਰਹਿਣ ਲੱਗ ਪਿਆ, ਇਸ ਦੌਰਾਨ ਪ੍ਰਮਾਤਮਾ ਨੇ ਇਸ ਦੇ ਪਰਿਵਾਰ 'ਚ ਵਾਧਾ ਕੀਤਾ ਤੇ ਦੋ ਬੱਚੇ ਇਕ ਲੜਕਾ ਅਤੇ ਲੜਕੀ ਪਰਿਵਾਰ ਲਈ ਖੁਸ਼ੀਆਂ ਲੈ ਕੇ ਆਏ। ਇਸ ਤੋਂ ਬਾਅਦ ਮੇਰਾ ਦੋਸਤ ਸਵਿਟਜ਼ਰਲੈਂਡ, ਨਾਰਵੇ ਤੇ ਫਿਰ ਅਮਰੀਕਾ 'ਚ ਆ ਗਿਆ। ਅਮਰੀਕਾ 'ਚ ਆ ਕੇ ਕਾਫੀ ਬਿਜ਼ਨੈੱਸ ਕੀਤਾ। ਜਿਸ 'ਚ ਮੁਨਾਫ਼ਾ ਅਤੇ ਘਾਟਾ ਵੀ ਨਸੀਬ ਹੋਇਆ। ਫਿਰ ਇਥੇ ਪੱਕੇ ਤੌਰ 'ਤੇ ਰਹਿਣ ਲਈ ਇਕ ਮੈਕਸੀਕਨ ਔਰਤ ਨਾਲ ਫਰਜ਼ੀ ਵਿਆਹ ਕਰ ਲਿਆ। ਜਿਸ ਦੀ ਬਦੌਲਤ ਇਸ ਨੂੰ ਅਮਰੀਕਾ 'ਚ ਪੱਕੇ ਰਹਿਣ ਲਈ ਗਰੀਨ ਕਾਰਡ ਮਿਲ ਗਿਆ। ਜਿਸ ਔਰਤ ਨਾਲ ਇਸ ਨੇ ਵਿਆਹ ਕਰਵਾਇਆ ਉਹ ਬਹੁਤ ਭਲੀ ਔਰਤ ਹੈ, ਮੈਂ ਵੀ ਕਈ ਵਾਰ ਉਸ ਨੂੰ ਮਿਲ ਚੁੱਕਿਆ ਹਾਂ। ਪੱਕਾ ਹੋਣ ਉਪਰੰਤ ਹੀ ਫਿਰ ਇਸ ਨੇ ਇੰਡੀਆ ਗੇੜਾ ਮਾਰਿਆ ਅਤੇ ਆਪਣੇ ਬੱਚਿਆਂ ਨੂੰ ਸਿੰਗਾਪੁਰ ਅਤੇ ਇੰਗਲੈਂਡ ਛੁੱਟੀਆਂ ਕੱਟਣ ਲਈ ਲੈ ਗਿਆ। ਖੂਬ ਮਨੋਰੰਜਨ ਕੀਤਾ। ਇਸੇ ਹੀ ਗੇੜੇ ਦੌਰਾਨ ਇਨ੍ਹਾਂ ਦੇ ਗੁਆਂਢ 'ਚ ਰਹਿੰਦਾ ਪਰਿਵਾਰ ਜਿਸ ਦਾ ਇਹ ਪਹਿਲਾਂ ਵੀ ਬਹੁਤ ਖਿਆਲ ਰੱਖਦੇ ਸਨ ਅਤੇ ਮੇਰਾ ਦੋਸਤ ਉਸ ਪਰਿਵਾਰ ਦੇ ਮੁਖੀ ਨੂੰ ਆਪਣਾ ਭਰਾ ਹੀ ਸਮਝਦਾ ਸੀ। ਉਹ ਪਰਿਵਾਰ ਕਾਫੀ ਗਰੀਬ ਸੀ। ਅਜੇ ਇਹ ਇੰਡੀਆ ਵਿਚ ਹੀ ਸੀ ਕਿ ਇਸ ਦਾ ਗੁਆਂਢੀ ਦੋਸਤ ਸਵਰਗਵਾਸ ਹੋ ਗਿਆ। ਉਸ ਦਾ ਇਕੋ ਹੀ ਲੜਕਾ ਸੀ। ਪਰਿਵਾਰ ਦੀ ਹਾਲਤ ਬਹੁਤ ਤਰਸਯੋਗ ਸੀ।

ਮੇਰੇ ਦੋਸਤ ਨੇ ਉਸ ਲੜਕੇ ਨੂੰ ਆਪਣੇ ਕੋਲ ਕਿਸੇ ਨਾ ਕਿਸੇ ਤਰੀਕੇ ਅਮਰੀਕਾ 'ਚ ਬੁਲਾ ਲਿਆ। ਆਪਣੇ ਬੱਚਿਆਂ ਵਾਂਗ ਉਸ ਨੂੰ ਰੱਖਿਆ ਅਤੇ ਅਮਰੀਕਾ 'ਚ ਪੱਕਾ ਕਰਵਾਇਆ ਅਤੇ ਅੱਜ ਤੋਂ ਅੱਠ ਸਾਲ ਪਹਿਲਾਂ ਇਸ ਦੀ ਆਪਣੀ ਫੈਮਲੀ ਵੀ ਅਮਰੀਕਾ 'ਚ ਪੱਕੇ ਤੌਰ 'ਤੇ ਆ ਗਈ। ਅਮਰੀਕਾ 'ਚ ਆਉਣ ਤੋਂ ਬਾਅਦ ਕੋਈ ਮਸਾਂ ਇਕ ਸਾਲ ਹੀ ਬੀਤਿਆ ਕਿ ਮੇਰੇ ਦੋਸਤ ਦੀ ਪਤਨੀ ਬੱਚਿਆਂ ਸਮੇਤ ਇਸ ਤੋਂ ਅਲੱਗ ਹੋ ਗਈ। ਇਕ ਦਮ ਮੇਰੇ ਮਿੱਤਰ ਨੂੰ ਝਟਕਾ ਲੱਗਾ। ਉਸ ਨੇ ਕਦੇ

ਇਹੋ ਜਿਹੀ ਅਣਹੋਣੀ ਦਾ ਤਸੱਵਰ ਵੀ ਨਹੀਂ ਕੀਤਾ ਸੀ। ਇਹ ਕੀ ਹੋ ਗਿਆ? ਉਸ ਨੇ ਦੂਸਰੇ ਹੀ ਦਿਨ ਮੇਰੇ ਨਾਲ ਗੱਲ ਕੀਤੀ ਮੈਨੂੰ ਦੱਸਿਆ ਤਾਂ ਮੈਂ ਦੰਗ ਰਹਿ ਗਿਆ, ਮੈਂ ਕਿਹਾ ਭਾ ਜੀ ਕੀ ਗੱਲ ਕੋਈ ਲੜਾਈ ਝਗੜਾ ਹੋ ਗਿਆ। ਕਹਿੰਦਾ ਨਹੀਂ ਮੈਂ ਤਾਂ ਜਦੋਂ ਤੋਂ ਵਿਆਹ ਹੋਇਆ ਅੱਜ ਤੱਕ ਇਕ ਥੱਪੜ ਤੱਕ ਨਹੀਂ ਮਾਰਿਆ। ਮੈਂ ਵੀ ਅਚਾਨਕ ਹੋਈ ਦੁਰਘਟਨਾ ਬਾਰੇ ਗੰਭੀਰਤਾ ਨਾਲ ਸੋਚਣ ਲੱਗ ਪਿਆ। ਮੈਂ ਕਿਹਾ ਭਾ ਜੀ ਇਸ ਵਜ੍ਹਾ ਦੀ ਪੂਰੀ ਤਹਿ ਤੱਕ ਪਹੁੰਚਣ ਦੀ ਕੋਸ਼ਿਸ਼ ਕਰੋ। ਥੋੜ੍ਹੇ ਦਿਨਾਂ ਬਾਅਦ ਫਿਰ ਉਸ ਦੀ ਪਤਨੀ ਘਰ ਆਈ ਅਤੇ ਤਲਾਕ ਮੰਗਣ ਲੱਗ ਪਈ। ਮੇਰਾ ਦੋਸਤ ਕਹਿੰਦਾ ਕਿ ਮੈਂ ਵੀ ਕੋਈ ਗੱਲ ਨਹੀਂ ਪੁੱਛੀ ਕਿ ਤੂੰ ਕਿਉਂ ਤਲਾਕ ਮੰਗਦੀ ਹੈਂ। ਮੈਂ ਗੁੱਸੇ 'ਚ ਪਰ ਨਰਮਾਈ ਨਾਲ ਕਿਹਾ ਠੀਕ ਹੈ। ਮੈਨੂੰ ਦੱਸ ਦੇ ਕਿਥੇ ਦਸਤਖਤ ਕਰਨੇ ਹਨ। ਮੈਂ ਕਰ ਦੇਵਾਂਗਾ।

ਬੱਚੇ ਵਿਆਹੁਣ ਵਾਲੇ ਸਨ ਪਰ ਬੱਚਿਆਂ ਨੇ ਵੀ ਕੋਈ ਵਿਰੋਧ ਨਹੀਂ ਕੀਤਾ ਕਿ ਸਾਡੀ ਮੰਮੀ ਕੀ ਕਰਦੀ ਹੈ। ਹੌਲੀ-ਹੌਲੀ ਗੱਲ ਤਲਾਕ ਤੱਕ ਪਹੁੰਚਦੀ-ਪਹੁੰਚਦੀ ਇਕ ਦਿਨ ਤਲਾਕ ਹੋ ਗਿਆ। ਗੱਲ ਦੀ ਡੂੰਘਾਈ ਤੱਕ ਪਹੁੰਚੇ ਮੇਰੇ ਦੋਸਤ ਨੇ ਦੱਸਿਆ ਕਿ ਇਸ ਸਭ ਕੁਝ ਦਾ ਜ਼ਿੰਮੇਵਾਰ ਉਹ ਲੜਕਾ ਹੈ। ਜਿਸ ਨੂੰ ਮੈਂ ਆਪਣੇ ਪੁੱਤਰਾਂ ਵਾਂਗ ਅਮਰੀਕਾ ਲਿਆਂਦਾ, ਪੱਕਾ ਕਰਵਾਇਆ ਅਤੇ ਨਾਲ ਰੱਖਿਆ। ਉਸ ਨੇ ਆਪਣੀ ਮਾਂ ਦੀ ਉਮਰ ਦੀ ਆਪਣੀ ਆਂਟੀ ਨਾਲ ਇਸ਼ਕ ਪੇਚਾ ਲੜਾਇਆ ਕਿ ਨੌਬਤ ਇਥੋਂ ਤੱਕ ਆ ਗਈ ਕਿਉਂਕਿ ਉਹ ਮੁੰਡਾ ਵੀ ਉਨ੍ਹਾਂ ਨਾਲ ਹੀ ਰਹਿਣ ਲੱਗ ਪਿਆ।

ਮੇਰਾ ਦੋਸਤ ਕਹਿੰਦਾ ਹੈ ਕਿ ਮੈਂ ਅੱਜ ਤੱਕ ਇਹ ਸੋਚਿਆ ਹੀ ਨਹੀਂ ਕਿ ਜਿਸ ਨੂੰ ਮੈਂ ਐਸਾ ਪਿਆਰ ਦਿੱਤਾ। ਉਹੀ ਇਕ ਦਿਨ ਮੇਰਾ ਘਰ ਉਜਾੜ ਦੇਵੇਗਾ। ਅੱਜ ਮੇਰੇ ਮਿੱਤਰ ਦੀ ਉਮਰ ਕੋਈ ਅੱਠਵੰਜਾ ਸਾਲ ਹੈ ਪਰ ਦੇਖਣ ਨੂੰ ਕੋਈ ਨਹੀਂ ਕਹਿ ਸਕਦਾ।

ਹਰ ਰੋਜ਼ ਜਿਮ ਜਾਂਦਾ ਹੈ। ਸੋਹਣਾ ਸੁਨੱਖਾ ਹੈ। ਉਹ ਫਿਰ ਇਕੱਲਾ ਹੋ ਗਿਆ ਅਤੇ ਉਦਾਸ ਹੋਇਆ ਕਹਿੰਦਾ ਹੈ ਕਿ ਜਿਸ ਅਮਰੀਕਾ 'ਚ ਲੋਕ ਸੈਟਲ ਹੋਣ ਲਈ ਅਤੇ ਸੁਨਹਿਰੇ ਭਵਿੱਖ ਲਈ ਆਉਂਦੇ ਆ ਅੱਜ ਉਸੇ ਅਮਰੀਕਾ ਦੀ ਬਦੌਲਤ ਮੈਂ ਸਭ ਕੁਝ ਗੁਆ ਕੇ ਬੈਠ ਗਿਆ ਹਾਂ।

○○

30

ਸਾਡੇ ਬੱਚੇ ਤਾਂ ਇੰਡੀਆ 'ਚ ਪੜ੍ਹਦੇ ਹਨ

ਮਨੁੱਖ ਆਪਣੇ ਹੀ ਢੰਗ ਤਰੀਕਿਆਂ ਨਾਲ ਰਹਿਣਾ ਐਨਾ ਗਿੱਝ ਜਾਂਦਾ ਹੈ ਕਿ ਉਹ ਕੁਦਰਤ ਦੇ ਬਣਾਏ ਅਨਮੋਲ ਅਸੂਲਾਂ ਨੂੰ ਵੀ ਮਨੋਂ ਵਿਸਾਰ ਦਿੰਦਾ ਹੈ। ਅਜੋਕਾ ਯੁੱਗ ਟੈਕਨਾਲੋਜੀ ਦਾ ਯੁੱਗ ਕਹਾਉਂਦਾ ਹੈ ਅਤੇ ਇਨਸਾਨੀ ਫ਼ਿਤਰਤ ਵੀ ਨਾਲ਼ੋ-ਨਾਲ਼ ਟੈਕਨੋਲਾਈਜ ਹੁੰਦੀ ਜਾ ਰਹੀ ਹੈ। ਸਮੇਂ ਦੇ ਨਾਲ ਚੱਲਣਾ, ਭਵਿੱਖਤਾ ਨੂੰ ਅਪਣਾਉਣਾ ਅਤੇ ਜ਼ਿੰਦਗੀ 'ਚ ਤਰੱਕੀ ਦੇ ਰਾਹ ਚੁਣਨਾ ਕੋਈ ਮਾੜੀ ਗੱਲ ਨਹੀਂ ਅਗਰ ਪ੍ਰਮਾਤਮਾ ਵੱਲੋਂ ਬਖਸ਼ੇ ਰਿਸ਼ਤਿਆਂ ਨੂੰ ਵੀ ਕੁਦਰਤੀ ਢਾਂਚੇ 'ਚ ਢਾਲਣ ਦੇ ਦਾਇਰੇ 'ਚ ਰਹਿ ਕੇ ਅੱਗੇ ਵਧਿਆ ਜਾਵੇ। ਗਲੈਮਰਤਾ ਦਾ ਘੁਣ ਮਨੁੱਖੀ ਸੋਚ ਦੇ ਰੋਮ-ਰੋਮ 'ਚ ਧੱਸਦਾ ਜਾ ਰਿਹਾ ਹੈ ਅਤੇ ਇਸੇ ਸੰਦਰਭ 'ਚ ਅਸੀਂ ਕਈ ਕੋਝੇ ਅਤੇ ਘਿਨਾਉਣੇ ਕੰਮ ਵੀ ਕਰਨ ਤੋਂ ਬਾਜ਼ ਨਹੀਂ ਆਉਂਦੇ ਅਤੇ ਇਸ ਨੂੰ ਅਸੀਂ ਆਪਣੀ

ਸੂਝ ਬੂਝ ਦਾ ਗਿਆਨ ਦੱਸਦੇ ਹਾਂ।

ਅੱਜ ਤਕਰੀਬਨ ਸਾਰੇ ਸੰਸਾਰ 'ਚ ਪੈਸੇ ਦੀ ਦੌੜ ਲੱਗੀ ਹੋਈ ਹੈ। ਮਨੁੱਖ ਨੇ ਆਪਣੀਆਂ ਲੋੜਾਂ ਐਨੀਆਂ ਕੁ ਵਧਾ ਲਈਆਂ ਹਨ ਕਿ ਉਹ ਦਿਨ ਰਾਤ ਪੈਸੇ ਕਮਾਉਣ ਦੀ ਦੌੜ 'ਚ ਆਪਣੀ ਜ਼ਿੰਦਗੀ ਦਾਅ 'ਤੇ ਲਾਈ ਜਾਂਦਾ ਹੈ। ਵਿਦੇਸ਼ੀ ਜ਼ਿੰਦਗੀ ਸਭ ਤੋਂ ਵੱਧ ਤੇਜ ਚੱਲ ਰਹੀ ਹੈ। ਇਥੇ ਆਪੋ-ਧਾਪੀ ਪਈ ਹੋਈ ਹੈ। ਦਿਨ-ਰਾਤ ਅੱਜ ਤੋਂ ਵੱਧ ਹੋਣ ਦਾ ਫ਼ਿਕਰ ਸੌਣ ਨਹੀਂ ਦਿੰਦਾ। ਇਕ ਦੂਜੇ ਤੋਂ ਅੱਗੇ ਅਤੇ ਵੱਡੇ ਹੋਣ ਦੀ ਲਾਲਸਾ ਕਾਫੀ ਜ਼ੋਰਾਂ 'ਤੇ ਹੈ।

ਤੁਸੀਂ ਦੇਖਿਆ ਹੋਣਾ ਹੈ ਕਿ ਜਿਹੜੇ ਲੋਕ ਵਿਦੇਸ਼ਾਂ 'ਚੋਂ ਆਉਂਦੇ ਆ ਜਾਂ ਤਾਂ ਉਨ੍ਹਾਂ ਦੇ ਵਾਲਾਂ 'ਚ ਚਿੱਟੇ ਧੌਲੇ ਉਮਰ ਤੋਂ ਪਹਿਲਾਂ ਹੀ ਆਏ ਹੋਏ ਹੁੰਦੇ ਆ ਅਤੇ ਜਾਂ ਫਿਰ ਸਿਰ 'ਤੇ ਵਾਲ ਹੀ ਨਹੀਂ ਹੁੰਦੇ। ਇਹ ਸਭ ਦਿਮਾਗ਼ 'ਤੇ ਬੋਝ ਪਾਉਣ ਦੀਆਂ ਨਿਸ਼ਾਨੀਆਂ ਹਨ। ਪ੍ਰੇਸ਼ਾਨੀਆਂ ਵਧਾਈਆਂ ਹਨ ਅਤੇ ਇਨ੍ਹਾਂ ਹੀ ਪ੍ਰੇਸ਼ਾਨੀਆਂ 'ਚ ਅਸੀਂ ਉਹ ਕੀਮਤੀ ਪਲ ਗੁਆ ਲੈਂਦੇ ਆਂ ਜਿਹੜੇ ਲੱਖਾਂ ਕਰੋੜਾਂ ਰੁਪਏ ਖਰਚ ਕੇ ਵੀ ਨਸੀਬ ਨਹੀਂ ਹੁੰਦੇ। ਵਿਦੇਸ਼ੀ ਮਾਪਿਆਂ 'ਚ ਇਕ ਰਿਵਾਜ ਬੜੀ ਤੇਜ਼ੀ ਨਾਲ ਵਧ ਰਿਹਾ ਹੈ ਬੱਚਿਆਂ ਨੂੰ ਇੰਡੀਆ 'ਚ ਪੜ੍ਹਾਉਣਾ। ਇਹ ਉਹ ਇਸ ਸੋਚ ਨਾਲ ਨਹੀਂ ਪੜ੍ਹਾ ਰਹੇ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਦੀ ਜੰਮਣ ਭੌਇੰ 'ਤੇ ਪੜ੍ਹਨ ਜਾਂ ਉਹ ਪੰਜਾਬੀ ਜਾਂ ਹਿੰਦੀ ਸਿੱਖਣ ਨਹੀਂ-ਨਹੀਂ ਇਥੇ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ। ਦਰਅਸਲ ਵਿਚਲੀ ਘੁੰਡੀ ਇਹ ਹੈ ਕਿ ਵਿਦੇਸ਼ਾਂ 'ਚ ਆ ਕੇ, ਰਹਿ ਕੇ ਘਰ ਲੈ ਕੇ, ਨਵੀਆਂ ਕਾਰਾਂ ਅਤੇ ਹੋਰ ਵਿਖਾਵੇ ਵਾਲਾ ਵਾਧੂ ਸਮਾਨ ਲੈ ਕੇ ਪਰਿਵਾਰ ਤੇ ਡਾਲਰਾਂ ਦਾ ਬੋਝ ਵਧ ਜਾਂਦਾ ਹੈ।

ਇਸ ਬੋਝ ਨੂੰ ਹਲਕਾ ਕਰਨ ਲਈ ਮੀਆਂ ਅਤੇ ਬੀਵੀ ਦੋਵਾਂ ਨੂੰ ਲਗਾਤਾਰ ਕੋਹਲੂ ਦੇ ਬੈਲ ਵਾਂਗ ਬਿਨਾਂ ਕੁਝ ਦੇਖਿਆਂ-ਸੁਣਿਆਂ ਕੰਮ ਕਰਨਾ ਪੈਂਦਾ ਹੈ। ਜਿਨ੍ਹਾਂ ਦੇ ਬੱਚੇ ਸੋਲਾਂ ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਨ, ਉਹ ਤਾਂ ਠੀਕ ਹਨ, ਐਡਜਸਟਮੈਂਟ ਹੋ ਜਾਂਦੇ ਹਨ, ਜਿਨ੍ਹਾਂ ਦੇ ਬੱਚੇ ਛੋਟੇ ਹਨ ਉਨ੍ਹਾਂ ਨੂੰ ਪਹਿਲਾਂ ਬੱਚੇ ਸਕੂਲ ਛੱਡ ਕੇ ਆਉਣੇ ਪੈਂਦੇ ਆ, ਫਿਰ ਸਕੂਲ ਤੋਂ ਘਰ ਲਿਆਉਣੇ ਪੈਂਦੇ ਆ। ਬੱਸ ਸੇਵਾ ਵੀ ਪੇਂਡੂ ਇਲਾਕਿਆਂ 'ਚ ਉਪਲਬੱਧ ਹੈ ਪਰ ਘਰ 'ਚ ਵੱਡੇ ਦਾ ਹੋਣਾ ਜ਼ਰੂਰੀ ਹੈ।

ਸੋ ਇਸੇ ਮੁਸ਼ਕਿਲ ਨੂੰ ਹੱਲ ਕਰਨ ਲਈ ਉਹ ਮਾਪੇ ਆਪਣੇ ਬੱਚਿਆਂ ਨੂੰ ਇੰਡੀਆ 'ਚ ਆਪਣੇ ਘਰ ਭਾਵ ਚਾਚਾ-ਚਾਚੀ ਕੋਲ, ਦਾਦਾ-ਦਾਦੀ, ਮਾਮਾ-ਮਾਮੀ, ਨਾਨਾ-ਨਾਨੀ, ਤਾਈ-ਤਾਇਆ ਵਰਗੇ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਕੋਲ ਛੱਡ ਆਉਂਦੇ ਹਨ ਅਤੇ ਉਨ੍ਹਾਂ ਨੂੰ ਮਹੀਨੇ ਦਾ ਖਰਚ ਮਹੀਨੇ ਬਾਅਦ ਜਾਂ ਛੇ ਮਹੀਨੇ ਜਿਸ ਤਰ੍ਹਾਂ ਵੀ ਕਿਸੇ ਦਾ ਸੂਤ ਲੱਗਦਾ ਭੇਜਦੇ ਰਹਿੰਦੇ ਹਨ। ਇਕ ਤਰ੍ਹਾਂ ਨਾਲ ਉਹ ਥੋੜ੍ਹਾ ਗੁੱਡਫ਼ੀਲ ਕਰਨ ਲੱਗ ਜਾਂਦੇ ਆ। ਫਿਰ ਖੁੱਲ੍ਹਾ ਟਾਈਮ ਮਿਲ ਜਾਂਦਾ

ਹੈ ਕੰਮ ਕਰਨ ਨੂੰ। ਬੱਚਾ ਇਕ ਨਾਜ਼ੁਕ ਫੁੱਲ ਵਾਂਗ ਹੈ। ਇਸ ਦਾ ਮੁੱਢਲਾ ਪਾਲਣ ਪੋਸ਼ਣ ਅਗਰ ਮਾਂ-ਬਾਪ ਆਪ ਕਰਦਾ ਹੈ ਤਾਂ ਬੱਚੇ ਦਾ ਮਾਂ-ਬਾਪ ਪ੍ਰਤੀ ਪਿਆਰ ਵੀ ਦੂਣਾ ਵਧਦਾ ਹੈ ਅਤੇ ਮਾਂ-ਬਾਪ ਨੂੰ ਬੱਚੇ ਦੀਆਂ ਆਦਤਾਂ ਮੁੱਢਲੀਆਂ ਜ਼ਰੂਰੀ ਲੋੜਾਂ ਬਾਰੇ ਵੀ ਜਾਣਕਾਰੀ ਹੁੰਦੀ ਹੈ। ਆਪਣੇ ਤੇ ਪਰਾਏ ਬੱਚੇ ਵਿਚ ਕੀ ਫ਼ਰਕ ਹੈ। ਬੱਸ ਐਨਾ ਹੀ ਫ਼ਰਕ ਹੈ। ਇਕ ਆਪਣਾ ਉਹਨੂੰ ਕਹਿੰਦੇ ਆ ਜਿਸ ਨੂੰ ਤੁਸੀਂ ਹੱਥੀਂ ਪਾਲਿਆ ਹੁੰਦਾ ਹੈ ਅਤੇ ਪਰਾਇਆ ਤੁਹਾਡੀਆਂ ਅੱਖਾਂ ਉਹਲੇ, ਕਿਸੇ ਹੋਰ ਦਾ ਆਪਣਾ। ਅਗਰ ਤੁਹਾਡੇ ਬੱਚੇ ਦੇ ਕੋਈ ਤੁਹਾਡੀਆਂ ਅੱਖਾਂ ਸਾਹਮਣੇ ਜਾਂ ਅੱਖੋਂ ਉਹਲੇ ਵੀ ਥੱਪੜ ਮਾਰਦਾ ਹੈ ਤਾਂ ਤੁਹਾਡੀ ਰੂਹ ਤੱਕ ਕੰਬ ਉੱਠਦੀ ਹੈ। ਅਗਰ ਪਰਾਏ ਬੱਚੇ ਦੇ ਕੋਈ ਤੁਹਾਡੇ ਸਾਹਮਣੇ ਚਪੇੜ ਮਾਰ ਦੇਵੇ ਤਾਂ ਤੁਸੀਂ ਦੇਖਦੇ ਮੂੰਹ ਦੂਸਰੇ ਪਾਸੇ ਕਰ ਲੈਂਦੇ ਹੋ। ਫ਼ਰਕ ਸਿਰਫ਼ ਐਨਾ ਹੀ ਹੈ ਕਿ ਤੁਹਾਡੇ ਬੱਚੇ ਨਾਲ ਤੁਹਾਡੀਆਂ ਪਿਆਰ ਦੀਆਂ ਭਾਵਨਾਵਾਂ ਜੁੜੀਆਂ ਹੁੰਦੀਆਂ ਹਨ। ਅਸੀਂ ਘਰਾਂ 'ਚ ਜਾਨਵਰ ਬਿੱਲੀ, ਕੁੱਤਾ ਜਾਂ ਕੋਈ ਪਸ਼ੂ ਰੱਖ ਲੈਂਦੇ ਹਾਂ ਉਹ ਸਾਡੇ ਪੇਟੋਂ ਤਾਂ ਜੰਮੇ ਨਹੀਂ ਹੁੰਦੇ ਅਤੇ ਨਾ ਹੀ ਸਾਡੇ ਬੱਚੇ ਹੁੰਦੇ ਹਨ ਪਰ ਕੁੱਤਾ ਬਿਮਾਰ ਹੋ ਜਾਵੇ ਤਾਂ ਉਸ ਦਾ ਇਲਾਜ ਬੜੀ ਫਿਕਰਮੰਦੀ ਨਾਲ ਕਰਵਾਉਂਦੇ ਹਾਂ। ਜੇ ਕੋਈ ਕੁੱਤਾ ਸੜਕ ਉੱਪਰ ਜਾਂਦਾ ਹੋਵੇ ਅਤੇ ਉਸ ਦੀ ਲੱਤ ਤਾਜ਼ੀ ਟੁੱਟੀ ਹੋਵੇ ਅਸੀਂ ਕਦੇ ਵੀ ਉਸ ਨੂੰ ਹਸਪਤਾਲ ਲੈ ਕੇ ਨਹੀਂ ਜਾਵਾਂਗੇ। ਫ਼ਰਕ ਸਿਰਫ ਐਨਾ ਹੀ ਹੈ ਕਿ ਤੁਹਾਡਾ ਕੁੱਤਾ ਤੁਸੀਂ ਆਪਣੇ ਹੱਥੀਂ ਪਾਲਿਆ, ਦੁੱਧ ਪਿਲਾਇਆ, ਠੰਡ 'ਚ ਖੇਸ ਦਿੱਤਾ। ਬਿਮਾਰ ਨੂੰ ਦਵਾਈ ਦਿੱਤੀ। ਭਾਵ ਕੋਲ ਹੋਣ ਦਾ ਅਤੇ ਦੂਰ ਹੋਣਾ ਦਾ ਫ਼ਰਕ।

ਇਹੋ ਜਿਹੇ ਬੱਚੇ ਜਦ ਇੰਡੀਆ ਤੋਂ ਛੁੱਟੀਆਂ ਕੱਟਣ ਆਪਣੇ ਮਾਂ-ਬਾਪ ਕੋਲ ਪਹੁੰਚਦੇ ਹਨ ਤਾਂ ਉਹ ਆਪਣੇ ਹੀ ਮਾਂ-ਬਾਪ ਕੋਲੋਂ ਇਸ ਤਰ੍ਹਾਂ ਸੰਗਦੇ ਆ ਜਿਵੇਂ ਉਨ੍ਹਾਂ ਲਈ ਇਹ ਕੋਈ ਨਵਾਂ ਮਹਿਮਾਨ ਹੋਵੇ। ਹਰ ਗੱਲ ਸੰਗਦੇ-ਸੰਗਦੇ ਕਰਦੇ ਆ। ਹਰ ਵਕਤ ਉਨ੍ਹਾਂ ਦਾ ਨਾਂਅ ਲੈ ਕੇ ਗੱਲ ਕਰਦੇ ਆ। ਜਿਨ੍ਹਾਂ ਕੋਲ ਰਹੇ ਹੁੰਦੇ ਆ। ਮਿਸਾਲ ਦੇ ਤੌਰ 'ਤੇ ਜਿਵੇਂ ਮੰਮੀ ਚਾਚੀ ਬਹੁਤ ਚੰਗੀ ਹੈ। ਸਾਨੂੰ ਸਵੇਰੇ ਵਧੀਆ ਨਾਸ਼ਤਾ ਦਿੰਦੀ ਆ, ਤੂੰ ਵੀ ਸਾਨੂੰ ਉਸ ਤਰ੍ਹਾਂ ਦਾ ਨਾਸ਼ਤਾ ਬਣਾ ਕੇ ਦੇ ਸਕਦੀ ਹੈਂ ਅਤੇ ਫਿਰ ਜ਼ਿੱਦ ਕਰਨਗੇ ਅਸੀਂ ਇੰਡੀਆ ਚਾਚੀ ਚਾਚੇ ਨਾਲ ਗੱਲ ਕਰਨੀ ਹੈ। ਫੋਨ 'ਤੇ ਉਨ੍ਹਾਂ ਨਾਲ ਉਹ ਬੇਝਿਜਕ ਗੱਲਾਂ ਕਰਨਗੇ ਪਰ ਆਪਣੇ ਮਾਂ-ਪਿਉ ਨਾਲ ਜ਼ਰੂਰੀ ਗੱਲ। ਮਾਂ-ਪਿਉ ਨੂੰ ਇਸ ਤਰ੍ਹਾਂ ਲੱਗਦਾ ਹੈ ਜਿਉਂ ਉਨ੍ਹਾਂ ਕੋਲ ਕੋਈ ਬੱਚੇ ਛੱਡ ਗਿਆ ਹੋਵੇ। ਖਿਆਲ ਰੱਖਣ ਲਈ। ਫਿਰ ਇਹੋ ਜਿਹੇ ਮਾਪੇ ਜਦੋਂ ਵਿਦੇਸ਼ਾਂ 'ਚ ਕਿਤੇ ਪਾਰਟੀਆਂ 'ਚ ਜਾਂਦੇ ਆ ਤਾਂ ਫ਼ਖਰ ਨਾਲ ਕਹਿਣਗੇ, ਸਾਡੇ ਬੱਚੇ ਤਾਂ ਇੰਡੀਆ 'ਚ ਪੜ੍ਹਦੇ ਆ, ਅਸੀਂ ਨਹੀਂ ਲਾਈਕ ਕਰਦੇ ਬਈ ਸਾਡੇ ਬੱਚੇ ਇਹੋ ਜਿਹੇ ਮਾਹੌਲ 'ਚ ਪੜ੍ਹਨ, ਭਲਾ ਇਨ੍ਹਾਂ ਨੂੰ ਪੁੱਛਣ ਵਾਲਾ ਹੋਵੇ ਕੋਈ, ਜਦੋਂ ਉਨ੍ਹਾਂ 'ਤੇ ਇਸ ਮਾਹੌਲ ਦਾ

ਅਸਰ ਹੋਣਾ ਉਦੋਂ ਉਨ੍ਹਾਂ ਇਥੇ ਆ ਜਾਣਾ। ਫਿਰ ਕਿਵੇਂ ਕਰੋਗੇ? ਵਿਚਲੀ ਗੱਲ ਨਹੀਂ ਦੱਸਣੀ। ਬਹੁਤੇ ਬੱਚੇ ਮਾਂ-ਬਾਪ ਦਾ ਸਮੇਂ ਸਿਰ ਪਿਆਰ ਅਤੇ ਦੇਖਭਾਲ ਨਾ ਹੋਣ ਕਰਕੇ ਵੀ ਖਰਾਬ ਹੋ ਜਾਂਦੇ ਆ। ਬੱਚਿਆਂ ਦਾ ਕੋਈ ਕਸੂਰ ਨਹੀਂ ਬੱਚੇ ਤਾਂ ਸਿਰਫ਼ ਬੱਚੇ ਹਨ। ਸਾਨੂੰ ਚਾਹੀਦਾ ਹੈ ਕਿ ਅਸੀਂ ਵੱਧ ਤੋਂ ਵੱਧ ਸਮਾਂ ਆਪਣੇ ਬੱਚਿਆਂ ਵੱਲ ਦਈਏ ਕਿਉਂਕਿ ਸਾਡੇ ਆਉਣ ਵਾਲੇ ਕੱਲ੍ਹ ਦਾ ਇਹੀ ਭਵਿੱਖ ਹਨ।

○○

31

ਲੋਕ ਵਿਦੇਸ਼ਾਂ ਨੂੰ ਕਿਉਂ ਭੱਜਦੇ ਹਨ?

ਸਵਾਲ ਬੜਾ ਪੇਚੀਦਾ ਹੈ, ਇਸ ਦਾ ਜਵਾਬ ਇਕ ਵਿਦੇਸ਼ੀ ਹੀ ਮੇਰੇ ਖਿਆਲ ਮੁਤਾਬਕ ਦੇ ਸਕਦਾ ਹੈ। ਵਪਾਰੀਆਂ ਅਤੇ ਖਿਡਾਰੀਆਂ ਨੂੰ ਛੱਡ ਕੇ, ਬਾਕੀ ਸਭ ਲਈ ਇਹ ਢੁੱਕਦਾ ਹੈ। ਹਾਂ ਇਕ ਹੋਰ ਅਦਾਰਾ ਹੈ ਜਿਹੜਾ ਵਿਦੇਸ਼ਾਂ 'ਚ ਵੱਸਦੇ ਲੱਖਾਂ ਪ੍ਰਦੇਸੀਆਂ ਦਾ ਮਨੋਰੰਜਨ ਕਰਨ ਆਉਂਦਾ ਹੈ। ਉਹ ਹੈ ਗਾਇਕ, ਗਾਇਕਾਵਾਂ ਅਤੇ ਫ਼ਿਲਮੀ ਖੇਤਰ ਨਾਲ ਜੁੜੇ ਹੋਏ ਐਕਟਰ। ਮੈਂ ਪਿਛਲੇ ਵੀਹ ਸਾਲਾਂ 'ਚ ਵਿਦੇਸ਼ੀਆਂ ਦੇ ਮੂੰਹੋਂ ਇਕੋ ਹੀ ਜ਼ਿਆਦਾ ਗੱਲ ਸੁਣੀ ਹੈ ਜਿਸ ਦੇ ਸੰਕਲਪ 'ਚ ਮੈਂ ਇਹ ਲੇਖ ਲਿਖਣ ਲਈ ਅੱਜ ਮਨ ਬਣਾਇਆ।

ਤੁਸੀਂ ਨਿੱਤ ਅਖ਼ਬਾਰਾਂ, ਰੇਡੀਓ ਅਤੇ ਟੀ. ਵੀ. 'ਤੇ ਖ਼ਬਰਾਂ ਸੁਣਦੇ ਹੋ ਕਿ ਕਿਸ ਤਰ੍ਹਾਂ ਭਾਰਤੀ ਆਪਣੀ ਜਾਨ ਜ਼ੋਖਮ ਵਿਚ ਪਾ ਕੇ ਵਿਦੇਸ਼ਾਂ ਵਿਚ ਜਾਣ ਦੀ ਜਦੋ-

ਜਹਿਦ ਕਰ ਰਹੇ ਹਨ। ਆਖਰਕਾਰ ਕੁਝ ਤਾਂ ਜ਼ਰੂਰ ਇਹੋ ਜਿਹਾ ਹੈ ਜਿਸ ਲਈ ਬੰਦਾ ਜਾਨ ਦੀ ਵੀ ਪ੍ਰਵਾਹ ਨਹੀਂ ਕਰਦਾ।

ਆਪਣੀ ਜਨਮ ਭੂਮੀ, ਆਪਣਾ ਦੇਸ਼ ਹਰ ਇਨਸਾਨ ਲਈ ਜਾਨ ਤੋਂ ਵੱਧ ਪਿਆਰਾ ਹੁੰਦਾ ਹੈ। ਅਸੀਂ ਭਾਵਨਾਤਮਿਕ ਤੌਰ 'ਤੇ ਅਤੇ ਅਧਿਆਤਮਿਕ ਤੌਰ 'ਤੇ ਵੀ ਆਪਣੇ ਦੇਸ਼ ਨਾਲ ਗੂੜ੍ਹਾ ਸਬੰਧ ਰੱਖਦੇ ਹਾਂ। ਡੰਗ ਟਪਾਊ ਜ਼ਿੰਦਗੀ ਕੋਈ ਮਨੁੱਖ ਪ੍ਰਵਾਨ ਕਰਨ ਲਈ ਤਿਆਰ ਨਹੀਂ ਹੈ। ਹਰ ਬੰਦਾ ਦਿਨ-ਰਾਤ ਆਪਣੀ ਜੀਵਨ ਲੀਲ੍ਹਾ ਸੁਧਾਰਨ 'ਤੇ ਲੱਗਾ ਹੋਇਆ ਹੈ।

ਮੈਂ ਇਥੇ ਅਮਰੀਕਾ 'ਚ ਕੇਰਲਾ ਸੂਬੇ ਤੋਂ ਆਈ ਇਕ ਫੈਮਲੀ ਨੂੰ ਮਿਲਿਆ ਅਤੇ ਗੱਲਬਾਤ ਦੌਰਾਨ ਮੈਂ ਗੱਲਾਂ-ਗੱਲਾਂ 'ਚ ਪੁੱਛਿਆ ਤੁਸੀਂ ਕਿਸ ਤਰ੍ਹਾਂ ਅਮਰੀਕਾ 'ਚ ਪਹੁੰਚੇ ਹੋ। ਉਨ੍ਹਾਂ ਕਿਹਾ ਇਹ ਸਭ ਪ੍ਰਭੂ ਦੀ ਮਿਹਰ ਹੈ। ਮੈਂ ਕਿਹਾ ਮਿਹਰ ਤਾਂ ਸਾਡੇ 'ਤੇ ਵੀ ਪ੍ਰਭੂ ਦੀ ਹੈ ਪਰ ਅਸੀਂ ਤਾਂ ਏਜੰਟਾਂ ਨੂੰ ਪੈਸੇ ਦੇ ਕੇ ਆਏ ਸੀ। ਉਹ ਕਹਿੰਦਾ ਅਸੀਂ ਇਕ ਨਿੱਕਾ ਪੈਸਾ ਨਹੀਂ ਖਰਚਿਆ, ਇਹ ਸਭ ਪ੍ਰਭੂ ਦੀ ਕ੍ਰਿਪਾ ਹੈ। ਥੋੜ੍ਹਾ ਜਿਹਾ ਹੋਰ ਗੰਭੀਰਤਾ ਨਾਲ ਪੁੱਛਣ ਲੱਗਾ ਕਿ ਅਗਰ ਜੇ ਇਹ ਮੈਨੂੰ ਦੱਸ ਦੇਵੇ ਕਿਹੜਾ ਪ੍ਰਭੂ ਹੈ ਤਾਂ ਅਸੀਂ ਤਾਂ ਉਸ ਪ੍ਰਭੂ ਨੂੰ ਪੈਸੇ ਦੇ ਕੇ ਤੁਹਾਡੇ ਕੇਰਲਾ ਵਾਲਿਆਂ ਤੋਂ ਵੀ ਪਹਿਲਾਂ ਕੰਮ ਕਰਵਾ ਲੈਣਾ। ਉਹ ਕਹਿੰਦਾ ਅਮਰੀਕਾ ਤੋਂ ਇਕ ਮਸੀਹਾਂ ਦੀ ਪਾਰਟੀ ਗਈ ਸੀ ਅਤੇ ਸਾਡਾ ਉਨ੍ਹਾਂ ਨਾਲ ਮੇਲ-ਜੋਲ ਹੋ ਗਿਆ। ਅਸੀਂ ਤਾਂ ਰੋਟੀ ਤੋਂ ਵੀ ਲਾਚਾਰ ਬੈਠੇ ਸਾਂ, ਤਾਂ ਅਮਰੀਕਾ ਦੀ ਤਾਂ ਗੱਲ ਹੀ ਛੱਡੋ। ਬੱਸ ਉਨ੍ਹਾਂ ਸਦਕਾ ਸਾਡੇ ਬੱਚੇ ਵੀ ਵਧੀਆ ਪੜ੍ਹਾਈ ਕਰਦੇ ਹਨ ਅਤੇ ਅਸੀਂ ਵਧੀਆ ਜ਼ਿੰਦਗੀ ਬਤੀਤ ਕਰਦੇ ਹਾਂ ਅਤੇ ਪ੍ਰਭੂ ਦੇ ਗੁਣ ਗਾਉਂਦੇ ਹਾਂ। ਮੇਰਾ ਮਨ ਬਹੁਤ ਦੁਖੀ ਹੋਇਆ ਅਤੇ ਮੈਂ ਕਿਹਾ ਤੂੰ ਧਰਮ ਬਦਲਿਆ ਸਿਰਫ ਬਾਹਰ ਆਉਣ ਲਈ। ਕਹਿੰਦਾ ਧਰਮ ਤਾਂ ਅਮੀਰਾਂ ਦੇ ਜਾਂ ਧਰਮ ਦੇ ਠੇਕੇਦਾਰਾਂ ਦੇ ਹੁੰਦੇ ਆ। ਗਰੀਬਾਂ ਦਾ ਕਾਹਦਾ ਧਰਮ। ਗਰੀਬਾਂ ਦਾ ਧਰਮ ਹੈ ਰੋਟੀ। ਬੱਸ ਇਸ ਤੋਂ ਅੱਗੇ ਮੇਰੇ ਨਾਲ ਕੋਈ ਗੱਲ ਨਾ ਕਰੀਂ ਅਤੇ ਗੁੱਸੇ 'ਚ ਕਹਿੰਦਾ ਤੁਸੀਂ ਵੀ ਧਰਮਾਂ ਵਾਲੇ ਅਮਰੀਕਾ 'ਚ ਹੀ ਹੋ। ਮੈਂ ਚੁੱਪ ਕਰ ਗਿਆ। ਮੇਰਾ ਇਹ ਦੱਸਣ ਦਾ ਇਹ ਮਤਲਬ ਨਹੀਂ ਕੱਢ ਲੈਣਾ ਕਿ ਤੁਸੀਂ ਵੀ ਧਰਮ ਬਦਲੀ ਕਰਕੇ ਅਮਰੀਕਾ ਆ ਜਾਵੋ। ਮੇਰਾ ਕਹਿਣ ਦਾ ਮਤਲਬ ਹੈ ਕਿ ਜਿਸ ਧਰਮ ਲਈ ਅੱਜ ਹਰ ਮੁਲਕ ਅਤੇ ਮਜ਼ਹਬ ਵਿਚ ਲੜਾਈਆਂ ਹੋ ਰਹੀਆਂ ਹਨ। ਵਿਦੇਸ਼ਾਂ ਦੀ ਖਾਤਰ ਲੋਕ ਉਹਨੂੰ ਵੀ ਨਹੀਂ ਬਖਸ਼ਦੇ। ਸਾਡੀ ਗੱਲ ਤੁਰੀ ਸੀ ਵਿਦੇਸ਼ਾਂ ਨੂੰ ਕਿਉਂ ਜਾਣਾ ਪੈਂਦਾ ਜਾਂ ਜਾਂਦੇ ਆਂ। ਆਉ ਮੈਂ ਦੇਸ਼ ਅਤੇ ਵਿਦੇਸ਼ ਵਿਚਲਾ ਥੋੜ੍ਹਾ ਅੰਤਰ ਦੱਸਾਂ।

ਦੇਸ਼ ਵਿਚ ਪੜ੍ਹ ਕੇ ਵੀ ਨੌਕਰੀ ਨਹੀਂ ਮਿਲਦੀ ਜਿਸ ਖਾਤਰ ਇਨਸਾਨ ਐਨਾ ਪੜ੍ਹਦਾ ਅਤੇ ਆਪਣੇ ਮਾਂ-ਬਾਪ ਦਾ ਮਿਹਨਤ ਨਾਲ ਕਮਾਇਆ ਪੈਸਾ ਬਰਬਾਦ ਕਰਦਾ ਹੈ। ਵਿਦੇਸ਼ਾਂ ਵਿਚ ਪੜ੍ਹਨ ਦੇ ਨਾਲ ਕੰਮ ਵੀ ਵਿਦਿਆਰਥੀਆਂ ਨੂੰ ਮਿਲਦਾ

ਹੈ। ਬਿਨਾਂ ਵਿਆਜ ਅਤੇ ਘੱਟ ਵਿਆਜ 'ਤੇ ਕਰਜ਼ਾ ਵੀ ਮਿਲਦਾ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ। ਦੇਸ਼ ਵਿਚ ਮਿਹਨਤ ਮਜ਼ਦੂਰੀ ਕਰਕੇ ਮਾਲਕ ਨੂੰ ਫਿਰ ਤਰਲੇ ਕੱਢ ਕੇ ਕਹਿਣਾ ਪੈਂਦਾ ਜੀ ਮੇਰੇ ਕੀਤੇ ਹੋਏ ਕੰਮ ਦੇ ਪੈਸੇ ਦੇ ਦਿਉ। ਵਿਦੇਸ਼ਾਂ ਵਿਚ ਜਿਥੇ ਤੁਹਾਡੇ ਹੁਨਰ ਦੀ ਕਦਰ ਕੀਤੀ ਜਾਂਦੀ ਹੈ, ਉਥੇ ਤੁਹਾਡੀ ਤਨਖਾਹ ਬਿਨਾਂ ਪੁੱਛਿਆਂ ਹਫਤੇ ਬਾਅਦ ਲਿਫ਼ਾਫੇ ਵਿਚ ਬੰਦ ਕਰਕੇ ਤੁਹਾਨੂੰ ਫੜਾ ਦਿੱਤੀ ਜਾਂਦੀ ਹੈ। ਵਧੀਆ ਅਤੇ ਲਗਨ ਨਾਲ ਕੰਮ ਕਰਨ ਦਾ ਵੱਖਰਾ ਇਨਾਮ ਟਿੱਪ ਵਜੋਂ ਦਿੱਤਾ ਜਾਂਦਾ ਹੈ। ਦੇਸ਼ ਵਿਚ ਮਿਹਨਤ ਅਤੇ ਮਜ਼ਦੂਰੀ ਕਰਕੇ ਬੰਦਾ ਆਪਣੇ ਪਰਿਵਾਰ ਦਾ ਪੇਟ ਨਹੀਂ ਪਾਲ ਸਕਦਾ, ਪਰ ਵਿਦੇਸ਼ਾਂ ਵਿਚ ਬੰਦਾ ਮਜ਼ਦੂਰੀ ਕਰਕੇ ਰੋਟੀ ਨਾਲ ਰੋਜ਼ਾਨਾ ਪੈਪਸੀ, ਦੁੱਧ ਅਤੇ ਜੂਸ ਪੀ ਸਕਦਾ। ਜੇ ਚਾਹੇ ਤਾਂ ਬੀਅਰ ਅਤੇ ਵਿਸਕੀ ਬਿਨਾਂ ਮਿਲਾਵਟ ਪੀ ਸਕਦਾ ਹੈ। ਆਪਣੇ ਲਈ ਵਧੀਆ ਕਾਰ ਰੱਖਦਾ ਹੈ। ਵਿਗਿਆਨਕ ਯੁੱਗ ਦੀਆਂ ਸਭ ਵਸਤੂਆਂ ਰੱਖਦਾ ਹੈ। ਦੇਸ਼ ਵਿਚ ਘਰ 'ਚ ਕਿਤੇ ਕੋਈ ਵੱਡੀ ਬਿਮਾਰੀ ਦਾ ਸ਼ਿਕਾਰ ਹੋ ਜਾਵੇ ਤਾਂ ਹਸਪਤਾਲ ਵਾਲੇ ਪਹਿਲਾਂ ਲੱਖਾਂ ਦੇ ਹਿਸਾਬ ਨਾਲ ਪੈਸਾ ਜਮ੍ਹਾਂ ਕਰਵਾਉਂਦੇ ਹਨ। ਵਿਦੇਸ਼ 'ਚ ਸਭ ਤੋਂ ਪਹਿਲਾਂ ਤੁਹਾਡੀ ਜਾਨ ਬਚਾਈ ਜਾਂਦੀ ਹੈ। ਨਾ ਤਾਂ ਇਹ ਪੁੱਛਦੇ ਹਨ ਬਈ ਤੇਰੇ ਕੋਲ ਪੈਸੇ ਹੈਗੇ, ਨਾ ਘਰ ਪੁੱਛਦੇ, ਨਾ ਕੌਮ ਪੁੱਛਦੇ, ਨਾ ਮੁਲਕ ਪੁੱਛਦੇ ਸਿਰਫ ਪਹਿਲਾਂ ਇਲਾਜ ਕਰਦੇ ਹਨ। ਬਾਅਦ ਵਿਚ ਤੁਹਾਡੇ ਘਰ ਡਾਕ ਰਾਹੀਂ ਤਿੰਨ ਚਾਰ ਮਹੀਨੇ ਬਾਅਦ ਬਿੱਲ ਭੇਜਦੇ ਹਨ। ਅਗਰ ਤੁਸੀਂ ਉਹ ਵੀ ਨਹੀਂ ਦੇ ਸਕਦੇ ਤਾਂ ਤੁਹਾਨੂੰ ਉਥੇ ਯਾਣੀ ਹਸਪਤਾਲ ਜਾ ਕੇ ਕਹਿਣਾ ਪੈਂਦਾ ਹੈ ਕਿ ਇਹ ਬਿੱਲ ਬਹੁਤ ਜ਼ਿਆਦਾ ਹੈ, ਮੈਂ ਨਹੀਂ ਦੇ ਸਕਦਾ, ਨੱਬੇ ਪਰਸੈਂਟ ਤਾਂ ਮੁਆਫ ਕਰ ਦਿੰਦੇ ਹਨ। ਨਹੀਂ ਤਾਂ ਤੁਹਾਨੂੰ ਕੁਝ ਪ੍ਰਸੈਂਟ ਹੀ ਦੇਣਾ ਪੈਂਦਾ ਹੈ। ਉਹ ਵੀ ਕਿਸ਼ਤਾਂ ਰਾਹੀਂ। ਵਿਦੇਸ਼ ਤੁਸੀਂ ਪੁਲਿਸ ਤੋਂ ਬਿਨਾਂ ਝਿਜਕ ਮੱਦਦ ਲੈ ਸਕਦੇ ਹੋ। ਦੇਸ਼ 'ਚ ਲੋਕ ਥਾਣੇ ਦੇ ਮੋਹਰ ਦੀ ਵੀ ਲੰਘਣਾ ਪਸੰਦ ਨਹੀਂ ਕਰਦੇ। ਦੇਸ਼ 'ਚ ਪਾਸਪੋਰਟ ਦਫਤਰ, ਥਾਣਾ, ਵੱਡਾ ਡਾਕਟਰ, ਸਭ ਥਾਈਂ ਇਕੋ ਜਿਹਾ ਵਰਤਾਓ ਕੀਤਾ ਜਾਂਦਾ ਹੈ। ਵਿਦੇਸ਼ਾਂ ਵਿਚ ਡਾਕਟਰ ਨਰਸਾਂ ਦਾ ਪਿਆਰ ਹੀ ਤੁਹਾਡਾ ਅੱਧਾ ਦੁੱਖ ਭੁਲਾ ਦਿੰਦਾ ਹੈ। ਵਿਦੇਸ਼ 'ਚ ਆਮ ਨਾਗਰਿਕ ਦੇ ਬੱਚੇ ਦਾ ਪਾਲਣ-ਪੋਸ਼ਣ ਦੇਸ਼ ਦੇ ਮੰਤਰੀਆਂ ਦੇ ਬੱਚਿਆਂ ਤੋਂ ਵੀ ਬੇਹਤਰ ਹੈ। ਦੇਸ਼ 'ਚ ਬਿਜਲੀ ਦਾ ਹਰ ਵੇਲੇ ਕਾਲ ਪਿਆ ਰਹਿੰਦਾ ਹੈ। ਵਿਦੇਸ਼ਾਂ 'ਚ ਬਿਜਲੀ ਜਾਂਦੀ ਵੀ ਹੁੰਦੀ ਹੈ ਕਿਸੇ ਨੂੰ ਪਤਾ ਵੀ ਨਹੀਂ। ਅੱਜ ਪੰਜਾਬ 'ਚ ਸੋਹਣੀਆਂ-ਸੋਹਣੀਆਂ ਕੋਠੀਆਂ ਅਤੇ ਕਾਰਾਂ, ਜੀਪਾਂ, ਸਕੂਟਰ, ਮੋਟਰ ਸਾਈਕਲ ਪੇਂਡੂ ਭਾਈਚਾਰਾ ਰੱਜ ਕੇ ਹੰਢਾ ਰਿਹਾ ਹੈ। ਇਨ੍ਹਾਂ 'ਚ ਤਿੰਨ ਗੁਣਾ ਵਿਦੇਸ਼ਾਂ ਦੀ ਦੇਣ ਹਨ। ਦੇਸ਼ 'ਚ ਗਰੀਬ ਦੀ ਸੁਣੀ ਹੀ ਨਹੀਂ ਜਾਂਦੀ। ਵਿਦੇਸ਼ 'ਚ ਸਭ ਲਈ ਕਾਨੂੰਨ ਬਰਾਬਰ ਹੈ। ਦੇਸ਼ 'ਚ ਮੰਤਰੀ ਦੇ ਚਪੜਾਸੀ ਨੂੰ ਮਿਲਣਾ ਹੋਵੇ ਤਾਂ ਪੰਜਾਹ ਚੱਕਰ ਕੱਟਣੇ ਪੈਂਦੇ ਹਨ। ਵਿਦੇਸ਼ 'ਚ ਕਿਸੇ ਵੀ ਮੰਤਰੀ ਨੂੰ

ਸਮਾਂ ਲੈ ਕੇ ਮਿਲ ਸਕਦੇ ਹੋ ਪਰ ਉਸ ਦੀ ਤੁਹਾਨੂੰ ਤਰੀਕ ਦੱਸਣੀ ਪਵੇਗੀ। ਕਿਸੇ ਦੀ ਕੋਈ ਸਿਫਾਰਸ਼ ਨਹੀਂ। ਬਿਨਾਂ ਵੱਢੀ (ਰਿਸ਼ਵਤ) ਦਿੱਤਿਆਂ ਸਾਰੇ ਕੰਮ ਫਟਾਫਟ ਹੁੰਦੇ ਹਨ। ਦੇਸ਼ 'ਚ ਐਕਸੀਡੈਂਟ ਹੋ ਜਾਵੇ ਤਾਂ ਬੰਦਾ ਬਚਦਾ ਬਚਦਾ ਵੀ ਮਰ ਜਾਂਦਾ ਕਿਉਂਕਿ ਇਲਾਜ ਤੋਂ ਪਹਿਲਾਂ ਹੋਰ ਕਾਰਵਾਈਆਂ ਜ਼ਰੂਰੀ ਸਮਝੀਆਂ ਜਾਂਦੀਆਂ ਹਨ। ਵਿਦੇਸ਼ 'ਚ ਐਕਸੀਡੈਂਟ ਵਾਲੀ ਥਾਂ 'ਤੇ ਪੰਜ ਮਿੰਟ 'ਚ ਐਂਬੂਲੈਂਸ ਆ ਜਾਂਦੀ ਹੈ ਅਤੇ ਇਲਾਜ ਸੜਕ ਤੋਂ ਹੀ ਹੋਣਾ ਸ਼ੁਰੂ ਹੋ ਜਾਂਦਾ ਹੈ।

ਇਹ ਥੋੜ੍ਹੇ ਜਿਹੇ ਕਾਰਨ ਮੈਂ ਇਸ ਕਰਕੇ ਦੱਸੇ ਹਨ। ਬਈ ਇਕ ਆਮ ਮਨੁੱਖ ਵੀ ਇਨ੍ਹਾਂ ਗੱਲਾਂ ਦਾ ਅੰਤਰ ਸਮਝ ਕੇ ਵਿਦੇਸ਼ ਨੂੰ ਭੱਜੇਗਾ ਕਿ ਨਹੀਂ? ਆਪਣਾ ਦੇਸ਼ ਆਪਣਾ ਹੀ ਹੁੰਦਾ ਅਗਰ ਉਥੇ ਬੰਦਾ ਬੰਦਿਆਂ ਵਾਂਗ ਜੀਵਨ ਬਿਤਾਵੇ ਤਾਂ।

ਹੋਰ ਬਹੁਤ ਸਾਰੇ ਇਹੋ ਜਿਹੇ ਕੰਮ, ਗੱਲਾਂ, ਕਾਨੂੰਨ ਹਨ ਜਿਹੜੇ ਸਾਨੂੰ ਬਾਹਰ ਆ ਕੇ ਪਤਾ ਲੱਗਦਾ ਹੈ ਅਤੇ ਫਿਰ ਅਸੀਂ ਆਪਣੇ ਦੇਸ਼ ਨਾਲ ਬਰਾਬਰੀ ਕਰਦੇ ਹਾਂ। ਵਿਦੇਸ਼ਾਂ 'ਚੋਂ ਤਾਂ ਜਦ ਕਈ ਲੋਕ ਦੇਸ਼ ਪਰਤਦੇ ਹਨ ਤਾਂ ਜਹਾਜ਼ ਉਤਰਨ ਤੋਂ ਪਹਿਲਾਂ ਹੀ ਗਾਲ੍ਹਾਂ ਕੱਢਣ ਲੱਗ ਪੈਣਗੇ, ਕਹਿਣਗੇ ਪਿਛਲਾ ਸਾਰਾ ਸਫ਼ਰ ਵਧੀਆ ਬੀਤਿਆ ਹੁਣ ਇਨ੍ਹਾਂ ਨੇ ਦੋ ਮਿੰਟਾਂ 'ਚ ਸਭ ਕੁਝ ਖਰਾਬ ਕਰ ਦੇਣਾ ਹੈ। ਬੜਾ ਹਾਸਾ ਪੈਂਦਾ ਹੈ ਜਦੋਂ ਇੰਡੀਆ ਆਈਦਾ ਹੈ। ਮੈਂ ਏਸ ਸਬੰਧ 'ਚ ਪਹਿਲਾਂ ਕਾਫੀ ਲਿਖ ਚੁੱਕਿਆ ਹਾਂ। ਮੇਰੀ ਬਾਹਰ ਆਉਣ ਵਾਲਿਆਂ ਨੂੰ ਬੱਸ ਇਕ ਬੇਨਤੀ ਹੈ ਕਿ ਭਾਈ ਸਿੱਧੇ ਤਰੀਕੇ ਨਾਲ ਬਾਹਰ ਆਵੋ ਜਿਸ ਨਾਲ ਤੁਹਾਡੀ ਜਾਨ ਨੂੰ ਖ਼ਤਰਾ ਨਾ ਹੋਵੇ। ਪਿੱਛੇ ਜਿਹੇ ਕੈਨੇਡਾ 'ਚ ਸਰਵੇ ਕੀਤਾ ਗਿਆ ਸੀ ਕਿ ਇਕ ਵਿਦੇਸ਼ੀ ਦਾ ਘੱਟੋ ਘੱਟ 49 ਬੰਦਿਆਂ ਨੂੰ ਲਾਭ ਹੁੰਦਾ ਹੈ ਅਤੇ ਕੈਨੇਡਾ ਵਿਚ ਇਕ ਵਿਦੇਸ਼ੀ ਭਾਵ ਕੈਨੇਡੀਅਨ ਮਗਰ ਉਹਦੀ ਬਦੌਲਤ 49 ਬੰਦੇ ਆਉਂਦੇ ਹਨ। ਅਸੀਂ ਭਾਵ ਭਾਰਤੀਆਂ ਨੇ ਦੁਬੱਈ ਤੋਂ ਆਪਣਾ ਰੋਜ਼ੀ-ਰੋਟੀ ਦਾ ਸਫ਼ਰ ਸ਼ੁਰੂ ਕੀਤਾ। ਵਲੈਤ, ਕੈਨੇਡਾ, ਅਮਰੀਕਾ ਅਤੇ ਹੁਣ ਪੂਰੀ ਦੁਨੀਆ 'ਚ ਝੰਡੀ ਹੈ। ਘੱਟੋ-ਘੱਟ 180 ਮੁਲਕਾਂ 'ਚ ਭਾਰਤੀ ਵਸਦੇ ਹਨ। ਜਿਨ੍ਹਾਂ ਵਿਚੋਂ 120 ਮੁਲਕਾਂ 'ਚ ਇਕੱਲੇ ਪੰਜਾਬੀ ਵੱਸਦੇ ਹਨ।

ਬਾਹਰ ਆਉਣਾ ਮਾੜੀ ਗੱਲ ਨਹੀਂ ਬੱਸ ਆਪਣਾ ਦੇਸ਼, ਆਪਣਾ ਸੱਭਿਆਚਾਰ ਤੇ ਆਪਣਾ ਵਿਰਸਾ ਨਾ ਭੁੱਲੋ, ਆਪਣੀ ਬੋਲੀ ਨਾ ਭੁੱਲੋ। ਮੇਰੀ ਤਾਂ ਸਭ ਨੂੰ ਇਹੀ ਦੁਆ ਹੈ ਅਤੇ ਬੇਨਤੀ ਹੈ।

○○

32

ਕੋਰਟ ਵਿਚ ਜਾ ਕੇ ਨਾ ਕਿਤੇ ਭਾਜੀ, ਭਾਜੀ ਕਰੀ ਜਾਈਂ

ਰਿਸ਼ਤਾ (ਰਿਲੇਸ਼ਨਸ਼ਿਪ) ਇਕ ਐਸੀ ਭਾਵਨਾਤਮਿਕ ਖਿੱਚ ਹੈ ਜਿਹੜੀ ਦੋ ਜਿੰਦਾਂ-ਜੀਵਾਂ ਵਿਚ ਇਕ ਦੂਜੇ ਨੂੰ ਜੋੜਨ ਅਤੇ ਇਕ ਦੂਸਰੇ ਦੇ ਹਾਵ-ਭਾਵ ਤੋਂ ਜਾਣੂ ਕਰਵਾਉਂਦੀ ਹੈ। ਅਗਰ ਰਿਸ਼ਤੇ ਸਬੰਧੀ ਹੋਰ ਵਿਸਥਾਰ ਨਾਲ ਸਮੀਖਿਆ ਕਰੀਏ ਤਾਂ ਲੇਖ ਜ਼ਿਆਦਾ ਲੰਬਾ ਹੋ ਜਾਵੇਗਾ। ਜਦੋਂ ਵੀ ਕੋਈ ਮਨੁੱਖ ਜਾਂ ਜਾਨਦਾਰ ਜੀਵ ਆਪਣੇ ਤੋਂ ਦੂਜੇ ਨੂੰ ਮਿਲਦਾ ਹੈ ਤਾਂ ਉਸ ਮੁਲਾਕਾਤ ਦਾ ਇਕ ਨਾਂਅ ਹੁੰਦਾ ਹੈ ਜਿਸ ਨੂੰ ਅਸੀਂ ਰਿਸ਼ਤਾ ਕਹਿੰਦੇ ਹਾਂ। ਪਰ ਕਈ ਰਿਸ਼ਤੇ ਜਿਹੜੇ ਪ੍ਰਮਾਤਮਾ ਤੁਹਾਡੇ ਜਨਮ ਤੋਂ ਹੀ ਬਣਾ ਦਿੰਦਾ ਹੈ, ਜਿਵੇਂ ਮਾਂ-ਬਾਪ, ਭੈਣ-ਭਰਾ ਦੇ ਰਿਸ਼ਤੇ ਬਗੈਰਾ-ਬਗੈਰਾ ਅਤੇ ਕਈ ਅਸੀਂ ਆਪ ਖੁਦ ਬਣਾਉਂਦੇ ਹਾਂ। ਇਨ੍ਹਾਂ ਤੋਂ ਇਲਾਵਾ ਕਈ ਖੁਫ਼ੀਆ ਰਿਸ਼ਤੇ ਹੁੰਦੇ ਹਨ ਜਿਨ੍ਹਾਂ ਨੂੰ ਸਮਾਜ ਪ੍ਰਵਾਨਗੀ ਨਹੀਂ ਦਿੰਦਾ। ਪਰ ਗਾਹੇ-

ਬਗਾਹੇ ਉਹ ਵੀ ਚਲਦੇ ਰਹਿੰਦੇ ਹਨ। ਕੁਝ ਰਿਸ਼ਤੇ ਮਜਬੂਰੀਆਂ ਤੇ ਲਾਲਚਵਸ ਹੋ ਕੇ ਬਣਾਏ ਜਾਂਦੇ ਹਨ। ਜਿਨ੍ਹਾਂ ਨੂੰ ਅਸੀਂ ਮਤਲਬ ਦੇ ਰਿਸ਼ਤੇ ਵੀ ਕਹਿ ਲਈਏ ਤਾਂ ਕੋਈ ਅਤਕਥਨੀ ਨਹੀਂ ਹੋਵੇਗੀ। ਪਰ ਜਿਹੜੇ ਰਿਸ਼ਤੇ ਲਾਲਚ ਅਤੇ ਮਜਬੂਰੀਵਸ ਬਣਾਏ ਹੁੰਦੇ ਹਨ ਉਨ੍ਹਾਂ 'ਚੋਂ ਹੀ ਇਕ ਅਸੀਂ ਨਵਾਂ ਰਿਸ਼ਤਾ ਬਣਾ ਲੈਂਦੇ ਹਾਂ, ਜਿਹਨੂੰ ਅਸੀਂ ਕਹਿੰਦੇ ਹਾਂ ਮਜਬੂਰੀ ਦਾ ਫਾਇਦਾ ਲਿਆ, ਮਜਬੂਰੀ ਕਾਰਨ ਰਿਸ਼ਤਾ ਤਾਂ ਬਣ ਹੀ ਗਿਆ ਸੀ ਪਰ ਉਸ ਮਜਬੂਰੀ ਦਾ ਫਾਇਦਾ ਲਿਆ। ਆਓ ਅਸੀਂ ਅੱਜ ਇਨ੍ਹਾਂ ਰਿਸ਼ਤਿਆਂ ਵੱਲ ਝਾਤ ਮਾਰੀਏ।

ਦੋ ਦਹਾਕੇ ਜਾਂ ਇਕ ਦਹਾਕਾ ਆਏ, ਅੱਜ ਤੋਂ ਪਹਿਲੇ ਵਿਦੇਸ਼ੀ ਪੂਰੇ ਸੈਟਲ ਹਨ। ਉਨ੍ਹਾਂ ਦੇ ਪਰਿਵਾਰ 'ਤੇ ਅਤੇ ਬੱਚਿਆਂ 'ਤੇ ਸਭ ਪਾਸੇ ਵਾਹਿਗੁਰੂ ਦੀ ਕ੍ਰਿਪਾ ਹੈ। ਇਹ ਪਰਿਵਾਰ ਜਦੋਂ ਆਪਣੇ ਕਿਸੇ ਹੋਰ ਨੇੜਲੇ ਰਿਸ਼ਤੇ, ਜਿਵੇਂ ਭਰਾ-ਭੈਣ, ਸਾਲਾ-ਸਾਲੀ, ਅਤੇ ਹੋਰ ਕਈ ਇਹੋ ਜਿਹੇ ਰਿਸ਼ਤੇ ਜਿਹੜੇ ਸਿੱਧੇ ਖ਼ੂਨ ਦੇ ਰਿਸ਼ਤੇ ਨਾਲ ਸਬੰਧ ਰੱਖਦੇ ਹਨ। ਆਪ ਸੈਟਲ ਹੋਣ ਤੋਂ ਬਾਅਦ ਅਸੀਂ ਮੰਗਵਾ ਲੈਂਦੇ ਹਾਂ। ਉਹ ਪਹਿਲਿਆਂ ਵਾਂਗ ਪੱਕੇ ਨਹੀਂ ਹੁੰਦੇ ਉਨ੍ਹਾਂ ਨੂੰ ਵੀ ਥੋੜ੍ਹਾ ਸੰਘਰਸ਼ ਕਰਨਾ ਪੈਂਦਾ ਹੈ। ਪਰ ਉਨ੍ਹਾਂ ਲਈ ਇਕ ਗੱਲ ਸੌਖੀ ਹੋ ਜਾਂਦੀ ਹੈ ਕਿ ਉਹ ਆਪਣੇ ਘਰ ਵਿਚ ਆਪਣਿਆਂ ਵਿਚ ਰਹਿ ਕੇ ਸੰਘਰਸ਼ ਕਰਦੇ ਹਨ।

ਥੋੜ੍ਹਾ ਸਮਾਂ ਬੀਤ ਜਾਣ ਤੋਂ ਬਾਅਦ ਉਨ੍ਹਾਂ ਬਾਰੇ ਉਨ੍ਹਾਂ ਦੇ ਸਕੇ ਸਬੰਧੀ ਉਨ੍ਹਾਂ ਦੇ ਪੱਕੇ ਹੋਣ ਬਾਰੇ ਸੋਚਣ ਲੱਗ ਪੈਂਦੇ ਹਨ। ਮੈਂ ਜ਼ਿਆਦਾ ਉਲਝਣ ਵਿਚ ਨਾ ਪਾਉਂਦਾ ਹੋਇਆ ਇਕ ਪਾਤਰ ਇਸ ਲੇਖ ਵਿਚ ਰੱਖ ਰਿਹਾ ਹਾਂ।

ਅੱਜਕਲ੍ਹ ਅਮਰੀਕਾ ਅਤੇ ਕੈਨੇਡਾ ਵਰਗੇ ਦੇਸ਼ਾਂ ਵਿਚ ਇਹ ਰੁਝਾਨ ਕਾਫੀ ਤੇਜ਼ੀ ਫੜ ਰਿਹਾ, ਜਿਹੜੇ ਲੋਕ ਪਹਿਲਾਂ ਆਏ ਹਨ ਉਹ ਆਪਣੇ ਗੈਰ ਕਾਨੂੰਨੀ ਢੰਗ ਨਾਲ ਲਿਆਂਦੇ ਰਿਸ਼ਤੇਦਾਰਾਂ ਅਤੇ ਭਰਾਵਾਂ ਭੈਣਾਂ ਲਈ ਇੰਡੀਆ ਤੋਂ ਉਨ੍ਹਾਂ ਦਾ ਅਗਰ ਭਰਾ ਹੈ ਤਾਂ ਭਰਾ ਦੀ ਘਰਵਾਲੀ ਨੂੰ, ਅਗਰ ਸਾਲਾ ਹੈ ਤਾਂ ਸਾਲੀ ਨੂੰ, ਭੈਣ ਹੈ ਤਾਂ ਜੀਜੇ ਨੂੰ ਅਤੇ ਹੋਰ ਰਿਸ਼ਤਿਆਂ ਨੂੰ ਅਸਿੱਧੇ ਤੌਰ 'ਤੇ ਲਿਆਂਦਾ ਜਾ ਰਿਹਾ ਹੈ।

ਇਹ ਮੈਂ ਇਸ ਸੋਚ ਨਾਲ ਲੇਖ ਨਹੀਂ ਲਿਖ ਰਿਹਾ ਕਿ ਇਹ ਲੋਕ ਇਸ ਤਰ੍ਹਾਂ ਕਿਉਂ ਕਰਦੇ ਹਨ। ਇਹ ਇਸ ਲਈ ਲਿਖ ਰਿਹਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਵਿਦੇਸ਼ੀਆਂ ਦੇ ਰਿਸ਼ਤਿਆਂ ਵਿਚ ਰਿਸ਼ਤਾ ਨਾਂਅ ਵਰਗੀ ਚੀਜ਼ ਖਤਮ ਹੋ ਜਾਵੇਗੀ। ਇਕ ਨਵ-ਵਿਆਹੀ ਜਿਹੜੀ ਹੁਣੇ-ਹੁਣੇ ਅਮਰੀਕਾ ਆਈ ਹੈ। ਉਸ ਦਾ ਘਰਵਾਲਾ ਪਹਿਲਾਂ ਹੀ ਅਮਰੀਕਾ ਵਿਚ ਵਸਦਾ ਸੀ ਪਰ ਕੱਚਾ ਸੀ, ਵੱਡੇ ਭਰਾ ਨੇ ਪੈਸੇ ਦੇ ਕੇ ਕਿਸੇ ਏਜੰਟ ਨੂੰ ਮੰਗਵਾਇਆ ਸੀ। ਅਜੇ ਤੱਕ ਪੱਕਾ ਨਹੀਂ ਸੀ ਹੋ ਸਕਿਆ ਪਰ ਇੰਡੀਆ 'ਚ ਆਪਣੀ ਸੱਜਰੀ ਵਿਆਹੀ ਪਤਨੀ ਦੀ ਯਾਦ ਦਿਲ 'ਚ ਹੀ ਸਮੋਈ ਬੈਠਾ ਸੀ। ਉਸ ਦਾ ਇਹ ਦੁਖਾਂਤ ਦੇਖ ਕੇ ਵੱਡੇ ਭਰਾ ਨੇ ਸੋਚਿਆ ਕਿ ਮੈਂ ਇਸ ਦੀ

ਘਰਵਾਲੀ ਨੂੰ ਇੰਡੀਆ ਤੋਂ ਲੈ ਆਉਂਦਾ ਹਾਂ ਐਨੀ ਗੱਲ ਸੁਣ ਕੇ ਉਹਦੀ ਪਤਨੀ ਭੜਕ ਪਈ ਕਿ ਤੁਸੀਂ ਕਿੱਦਾਂ ਲੈ ਆਉਗੇ। ਉਨ੍ਹਾਂ ਘਰ 'ਚ ਸੂਝਵਾਨ ਸਰਕਾਰ ਵਾਂਗ ਗੁਪਤ ਮੀਟਿੰਗ ਰੱਖੀ। ਮੀਟਿੰਗ ਵਿਚ ਮਤਾ ਪਾਸ ਹੋਇਆ ਬਈ ਆਪਾਂ ਤਾਂ ਭਾਵ (ਮੁੰਡੇ ਦਾ ਭਰਾ ਅਤੇ ਭਾਬੀ) ਪੱਕੇ ਹਾਂ। ਆਪਾਂ ਇਕ ਦੂਜੇ ਨੂੰ ਤਲਾਕ ਦੇ ਦਿੰਦੇ ਹਾਂ ਅਤੇ ਫਿਰ ਇਹਦੀ (ਭਰਾ) ਪਤਨੀ ਨਾਲ ਇੰਡੀਆ ਵਿਆਹ ਕਰਵਾ ਕੇ ਲੈ ਆਉਂਦਾ ਹਾਂ। ਕਿਹੜਾ ਕਿਸੇ ਨੂੰ ਪਤਾ ਲੱਗਣਾ। ਵਿਆਹ ਕੋਰਟ ਵਿਚ ਹੋਣਾ ਹੈ। ਫਿਰ ਜਦੋਂ ਉਹ ਅਮਰੀਕਾ ਆ ਗਈ ਅਤੇ ਜਦੋਂ ਉਹਨੂੰ ਗਰੀਨ ਕਾਰਡ ਮਿਲ ਗਿਆ ਮੈਂ ਫਿਰ ਤਲਾਕ ਲੈ ਲਾਵਾਂਗਾ ਅਤੇ ਫਿਰ ਆਪਾਂ ਕਾਗਜ਼ਾਂ 'ਚ ਵਿਆਹ ਕਰਵਾ ਕੇ ਪਤੀ ਪਤਨੀ ਬਣ ਜਾਵਾਂਗੇ। ਵੈਸੇ ਤਾਂ ਆਪਾ ਹੈ ਹੀ ਪਰ ਕਾਗਜ਼ੀ ਕਾਰਵਾਈ ਵਿਚ ਵੀ। ਪਤਨੀ ਨੇ ਪਹਿਲਾਂ ਤਾਂ ਨਾਂਹ-ਨੁੱਕਰ ਕੀਤੀ ਫਿਰ ਜ਼ਿਆਦਾ ਜ਼ੋਰ ਪਾਉਣ 'ਤੇ ਮੰਨ ਗਈ। ਭਾਈ ਸਾਹਿਬ ਨੇ ਤਲਾਕ ਲਿਆ ਅਤੇ ਉਡਾਰੀ ਮਾਰ ਦਿੱਤੀ ਇੰਡੀਆ। ਇੰਡੀਆ 'ਚ ਆ ਕੇ ਭਰਾ ਦੀ ਪਤਨੀ ਨਾਲ ਸਾਰੀ ਗੱਲਬਾਤ ਕਰ ਲਈ ਬਈ ਆਪਾਂ ਆਹ ਕੰਮ ਕਰਨਾ ਹੈ। ਜ਼ਰਾ ਤਕੜੀ ਹੋ ਕੇ ਰਹੀਂ। ਐਵੇਂ ਨਾ ਜ਼ਿਆਦਾ ਭਾਵੁਕ ਹੋਈਂ, ਨਹੀਂ ਤਾਂ ਅਮਰੀਕਾ ਕਿਵੇਂ ਪਹੁੰਚੇਂਗੀ।

ਕਹਿੰਦੇ ਨੇ ਔਰਤ ਦੀ ਕੁਰਬਾਨੀ ਵੀ ਮੰਨੀ ਗਈ ਹੈ ਅਤੇ ਔਰਤ ਅਗਰ ਬਦਲੇ ਦੀ ਭਾਵਨਾ ਧਾਰ ਲਵੇ ਤਾਂ ਉਸ ਦੀ ਵੀ ਕਿਤੇ ਮਿਸਾਲ ਨਹੀਂ ਮਿਲਦੀ। ਉਹ ਵਿਚਾਰੀ ਦਿਲੋਂ ਤਾਂ ਦੂਜਾ ਵਿਆਹ ਕਰਵਾਉਣ ਲਈ ਤਿਆਰ ਨਹੀਂ ਸੀ ਭਾਵੇਂ ਕਾਗਜ਼ਾਂ ਵਿਚ ਹੀ ਹੋਣਾ ਸੀ। ਪਰ ਪਤੀ ਨੂੰ ਮਿਲਣ ਦੀ ਚਾਹਤ ਨੇ ਉਹਨੂੰ ਮਜਬੂਰ ਕਰ ਦਿੱਤਾ। ਥੋੜ੍ਹੇ ਹੀ ਦਿਨਾਂ 'ਚ ਸਾਰੀ ਸਕੀਮ ਅਨੁਸਾਰ ਕੰਮ ਸਿਰੇ ਚੜ੍ਹਦਾ ਗਿਆ ਅਤੇ ਇੰਡੀਆ ਕੋਰਟ 'ਚ ਵਿਆਹ ਹੋ ਗਿਆ। ਪੇਪਰ ਤਿਆਰ ਹੋ ਗਏ ਵਿਆਹ ਦਾ ਸਰਟੀਫਿਕੇਟ ਇਸ਼ੂ ਹੋ ਗਿਆ। ਸਾਰਾ ਕੰਮ ਪੂਰੇ ਪਲਾਨ ਮੁਤਾਬਿਕ ਹੋ ਰਿਹਾ ਸੀ। ਘਰ 'ਚ ਵੀ ਪੂਰੀ ਚਹਿਲ-ਪਹਿਲ ਰਹਿਣ ਲੱਗ ਪਈ। ਅਮਰੀਕਾ ਵਾਲਾ ਵੀ ਸ਼ਾਮ ਨੂੰ ਚਿਲੀ ਚਿਕਨ ਨਾਲ ਦਾਰੂ ਦੇ ਦੋ ਪੈੱਗ ਲਾਇਆ ਕਰੇ। ਪਤਾ ਨਹੀਂ ਉਹਦੇ ਦਿਲ ਵਿਚ ਇਕ ਦਿਨ ਇਕ ਮਾੜਾ ਖਿਆਲ ਬਣ ਕੇ ਭੂਤ ਵਾਂਗ ਅਸਵਾਰ ਹੋ ਗਿਆ। ਉਹ ਮੌਕੇ ਅਤੇ ਰਿਸ਼ਤੇ ਦੋਵਾਂ ਦਾ ਫਾਇਦਾ ਲੈਣ ਲਈ ਸ਼ੈਤਾਨੀ ਰੂਪ ਧਾਰਨ ਲੱਗਾ। ਬੱਦਲ ਗਰਜਣ ਵਾਂਗ ਖਿਆਲ ਉਹਦੇ ਮਨ 'ਚ ਆਉਂਦੇ ਅਤੇ ਬਿਜਲੀ ਚਮਕਣ ਵਾਂਗ ਉਹ ਝੁਣਝੁਣੀਆਂ ਲੈਣ ਲੱਗਾ। ਇਕ ਰਾਤ ਉਹਨੇ ਭਰਾ ਦੀ ਪਤਨੀ ਨੂੰ ਨਸ਼ੇ ਦੀ ਲੋਰ 'ਚ ਕਿਹਾ ਕਿ ਆਪਣਾ ਰੋਲ ਖਤਮ ਨਹੀਂ ਹੋਇਆ ਅਜੇ ਸ਼ੁਰੂ ਹੋਇਆ ਹੈ। ਉਹ ਠਠੰਬਰ ਗਈ ਉਹਨੂੰ ਲੱਗਾ ਜਿਵੇਂ ਕੋਈ ਕੰਧ ਡਿੱਗ ਪਈ ਹੋਵੇ ਅਤੇ ਉਸ ਥੱਲੇ ਉਹ ਆਪ ਆਪਣੀ ਜਾਨ ਲਈ ਕੁਰਲਾ ਰਹੀ ਹੋਵੇ। ਉਹ ਭਾਵੇਂ ਉਹਦਾ ਜੇਠ ਹੌਲੀ-ਹੌਲੀ ਉਹਨੂੰ ਸਭ ਸਮਝਾ ਰਿਹਾ ਸੀ ਕਿ ਗੋਰੇ ਬੜੇ ਕੁੱਤੇ ਦੇ ਪੁੱਤ ਹਨ। ਉਹ ਆਪਣੇ

ਕੋਲੋਂ ਕਿਸੇ ਤਰ੍ਹਾਂ ਦਾ ਵੀ ਸਵਾਲ ਪੁੱਛ ਸਕਦੇ ਆ। ਜਿਹਦੇ ਲਈ ਆਪਾਂ ਨੂੰ ਇਕ ਦੂਜੇ ਨਾਲ ਇਸ ਤਰ੍ਹਾਂ ਖੁੱਲ੍ਹ ਕੇ ਮਿਲਣ ਦੀ ਸਖਤ ਜ਼ਰੂਰਤ ਸੀ। ਵੈਸੇ ਵੀ ਆਪਾਂ ਰਿਸ਼ਤੇ 'ਚ ਪਤੀ-ਪਤਨੀ ਹਾਂ। ਕਾਨੂੰਨੀ ਤੌਰ 'ਤੇ ਅਤੇ ਸਮਾਜਿਕ ਤੌਰ 'ਤੇ ਕੋਈ ਵੀ ਆਪਣਾ ਕੁਝ ਨਹੀਂ ਵਿਗਾੜ ਸਕਦਾ।

ਮੀਂਹ ਦੇ ਪਾਣੀ ਵਾਂਗ ਉਸ ਦੀਆਂ ਸੱਧਰਾਂ ਅਜੇ ਵੀ ਖਿਆਲਾਂ ਰੂਪੀ ਨਾਲ ਵਿਚ ਬਹਿ ਰਹੀਆਂ ਸਨ। ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ ਨਾਲ ਪਤਨੀ ਨੇ ਦੱਸਿਆ ਬਈ ਮੈਂ ਬਿਲਕੁਲ ਉਸ ਹਿਰਨੀ ਵਾਂਗ ਦਿਨ ਕੱਟੇ ਜਿਹੜੀ ਸ਼ਿਕਾਰੀ ਦੇ ਤਰਸ 'ਤੇ ਨਿਰਭਰ ਕਰਦੀ ਸੀ। ਸਭ ਕੁਝ ਹੋ ਗਿਆ ਮੈਂ ਅਮਰੀਕਾ ਆ ਗਈ। ਜਦੋਂ ਅਮਰੀਕਾ 'ਚ ਆ ਕੇ ਇਕ ਦਿਨ ਕੋਰਟ ਤਾਰੀਕ ਲਈ ਤਿਆਰ ਹੋ ਰਹੇ ਸੀ ਤਾਂ ਕਾਗਜ਼ੀ ਪਤੀ ਨੇ ਅਸਲੀ ਪਤੀ ਵਾਂਗ ਫਿਰ ਦਬਕਾ ਜਿਹਾ ਮਾਰ ਕੇ ਕਿਹਾ ਕਿ ਐਵੇਂ ਨਾ ਕੋਰਟ 'ਚ ਜਾ ਕੇ ਭਾਜੀ, ਭਾਜੀ ਕਰੀਂ ਜਾਈਂ। ਇਹ ਸੁਣ ਕੇ ਮੈਨੂੰ ਇੰਜ ਲੱਗਾ ਜਿਵੇਂ ਇਹ ਨਰਕ ਰਹਿੰਦੇ ਸਾਹਾਂ ਤੱਕ ਭੋਗਣਾ ਪਵੇਗਾ। ਜਿਸ ਸੁਹਾਗਪੁਣੇ 'ਤੇ ਮੈਂ ਮਾਣ ਕਰਦੀ ਹੁੰਦੀ ਸੀ। ਉਹ ਅੱਜ ਮੈਨੂੰ ਇਨ੍ਹਾਂ ਮਜਬੂਰੀ ਦੇ ਰਿਸ਼ਤਿਆਂ ਦੇ ਭਾਅ ਵੇਚਣਾ ਪਿਆ।

○○

33

ਔਹ ਜਾਂਦਾ 500 ਪੌਂਡ ਦਾ ਚੈੱਕ

ਇਕ ਅੰਗਰੇਜ਼ੀ ਦੇ ਫਿਲਾਸਫਰ ਨੇ ਲਿਖਿਆ ਹੈ ਕਿ ਮਨੁੱਖ ਇਕ ਐਸਾ ਜਾਨਵਰ ਹੈ ਜਿਹੜਾ ਆਪਣੀ ਹੀ ਨਸਲ ਦਾ ਸ਼ਿਕਾਰ ਕਰਦਾ ਹੈ। ਭਾਵ 'ਬੰਦਾ ਬੰਦੇ ਦਾ ਵੈਰੀ' ਅੱਜ ਅਸੀਂ ਇਸੇ ਸੰਦਰਭ ਵਿਚੋਂ ਕੁਝ ਐਸਾ ਵਰਨਣ ਕਰਾਂਗੇ ਜਿਸ ਨਾਲ ਹਰ ਇਨਸਾਨੀ ਦਿਲ ਗੰਭੀਰ ਹੋ ਜਾਵੇਗਾ। ਇੰਗਲੈਂਡ ਅਤੇ ਆਸਟ੍ਰੇਲੀਆ ਦੋ ਇਹੋ ਜਿਹੇ ਦੇਸ਼ ਹਨ, ਜਿਥੇ ਗੈਰ ਕਾਨੂੰਨੀ ਬੰਦਿਆਂ ਨੂੰ ਫੜਾਉਣ ਵਿਚ ਮਦਦ ਕਰਾਉਣ ਵਾਲੇ ਨੂੰ ਇਵਜ਼ਾਨੇ ਵਜੋਂ 500 ਪੌਂਡ ਇੰਗਲੈਂਡ ਅਤੇ ਹਜ਼ਾਰ ਡਾਲਰ ਆਸਟ੍ਰੇਲੀਆ 'ਚ ਮਿਲਦਾ ਹੈ। ਹਰ ਕੌਮ 'ਚ ਹਰ ਮੁਲਕ ਵਿਚ ਮਾੜੇ ਅਤੇ ਚੰਗੇ ਮਨੁੱਖ ਹੁੰਦੇ ਹਨ। ਅਸੀਂ ਸਾਰੇ ਵਲੈਤੀਆਂ ਨੂੰ ਇਸ ਤੱਕੜੀ 'ਚ ਨਹੀਂ ਤੋਲ ਰਹੇ, ਬਹੁਤਾਤ ਉਨ੍ਹਾਂ ਵਲੈਤੀਆਂ ਦੀ ਹੈ ਜਿਨ੍ਹਾਂ ਨੇ

ਆਪਣੇ ਰਿਸ਼ਤੇਦਾਰਾਂ ਅਤੇ ਸਕੇ ਸਬੰਧੀਆਂ ਨੂੰ ਖੁਦ ਬੁਲਾ ਕੇ ਪੱਕਾ ਕਰਵਾਉਣ ਤੱਕ ਅੱਡੀ ਚੋਟੀ ਦਾ ਜ਼ੋਰ ਵੀ ਲਾਇਆ।

ਇੰਗਲੈਂਡ ਵਿਚ ਕੁਝ ਵਿਹਲੜ ਕਿਸਮ ਦੇ ਵਲੈਤੀਏ ਵੀ ਹਨ ਜਿਹੜੇ ਇਹੋ ਜਿਹੇ ਕਾਨੂੰਨਾਂ ਦਾ ਭਰਪੂਰ ਫਾਇਦਾ ਲੈਂਦੇ ਹਨ। ਉਨ੍ਹਾਂ ਲਈ ਆਪਣਾ ਪਰਾਇਆ ਕੋਈ ਨਹੀਂ ਹੁੰਦਾ, ਉਨ੍ਹਾਂ ਲਈ ਤਾਂ ਸਿਰਫ ਪੈਸਾ ਹੀ ਆਪਣਾ ਹੁੰਦਾ ਹੈ। ਪਰ ਫੇਰ ਵੀ ਇਨ੍ਹਾਂ ਦੇ ਸਤਾਏ ਇੰਡੀਆ ਅਤੇ ਕੁਝ ਗੁਆਂਢੀ ਮੁਲਕਾਂ ਤੋਂ ਆਏ ਪੰਜਾਬੀ ਮੁੰਡੇ ਇੰਗਲੈਂਡ 'ਚ ਏਦਾਂ ਇਨ੍ਹਾਂ ਤੋਂ ਡਰਦੇ ਹਨ ਜਿਵੇਂ ਜੰਗਲ 'ਚ ਸ਼ੇਰ ਤੋਂ ਹਿਰਨ ਡਰਦਾ ਹੁੰਦਾ ਹੈ। ਬਹੁਤੇ ਪੰਜਾਬੀ ਮੁੰਡੇ ਜਿਹੜੇ ਇਕੱਠੇ ਚਾਰ-ਚਾਰ ਜਾਂ ਪੰਜ-ਪੰਜ ਇਕੋ ਘਰ 'ਚ ਰਹਿੰਦੇ ਹਨ। ਉਹ ਰਾਤ ਵੇਲੇ ਜਦੋਂ ਦੋ-ਦੋ ਪੈੱਗ ਲਾਉਂਦੇ ਹਨ ਤਾਂ ਪੁਰਾਣੇ ਅਤੇ ਪੱਕੇ ਵਲੈਤੀਆਂ ਦੀਆਂ ਗੱਲਾਂ ਕਰ-ਕਰ ਆਪਣਾ ਨਸ਼ਾ ਖੇੜਦੇ ਹਨ। ਇਕ ਮੁੰਡੇ ਨੂੰ ਮੈਂ ਪੁੱਛਿਆ ਕਿਵੇਂ ਅੱਜਕਲ੍ਹ, ਕਹਿੰਦਾ ਭਾ ਜੀ ਇਕ ਗੱਲ ਦੀ ਮੈਨੂੰ ਸਮਝ ਨਹੀਂ ਆਉਂਦੀ ਕਿ ਇਨ੍ਹਾਂ ਵੱਡੇ ਵਲੈਤੀਆਂ ਨੂੰ ਕੋਈ ਪੁੱਛੇ ਬਈ ਤੁਸੀਂ ਵੀ ਤਾਂ ਇਥੇ ਕੱਚੇ ਹੀ ਆਏ ਸੀ। ਇਹ ਇੱਕ ਗੱਲ ਬਿਲਕੁਲ ਭੁੱਲ ਜਾਂਦੇ ਹਨ, ਬਈ ਸੱਸ ਵੀ ਇਕ ਦਿਨ ਬਹੂ ਬਣ ਕੇ ਆਈ ਸੀ।

ਮੈਂ ਇਸ ਵਾਰ ਜਦੋਂ ਇੰਗਲੈਂਡ ਗਿਆ ਤਾਂ ਲੰਡਰ ਹੀਥਰੋ ਹਵਾਈ ਅੱਡੇ ਤੋਂ ਮੈਂ ਵੁਲਵਰਹੈਂਪਟਨ ਨੂੰ ਬੱਸ ਲੈਣੀ ਸੀ। ਵੈਸੇ ਤਾਂ ਮੇਰੇ ਰਿਸ਼ਤੇਦਾਰ ਮੈਨੂੰ ਆ ਕੇ ਲੈ ਜਾਂਦੇ ਆ ਪਰ ਇਸ ਵਾਰ ਮੈਂ ਸੋਚਿਆ ਕਾਹਨੂੰ ਕਿਸੇ ਨੂੰ ਤੰਗ ਕਰਨਾ ਆਪੇ ਚਲਦੇ ਆਂ, ਕਿਉਂਕਿ ਵੁਲਵਰਹੈਂਪਟਨ ਲੰਡਨ ਤੋਂ ਦੋ ਢਾਈ ਘੰਟੇ ਕਾਰ ਦਾ ਰਸਤਾ ਹੈ। ਮੈਂ ਬੱਸ ਦੀ ਟਿਕਟ ਲਈ ਅਤੇ ਬੱਸ ਦੀ ਟਾਈਮ ਸਿਰ ਉਡੀਕ ਕਰਨ ਲੱਗ ਪਿਆ। ਮੈਂ ਘੜੀ ਵੱਲ ਦੇਖਿਆ ਬੱਸ ਆਪਣੇ ਗਿਆਰਾਂ ਵਜੇ ਦੇ ਪੂਰੇ ਟਾਈਮ ਨਾਲ ਆ ਕੇ ਖੜ੍ਹ ਗਈ। ਮੇਰਾ ਸਮਾਨ ਗੋਰੇ ਡਰਾਈਵਰ ਨੇ ਬੱਸ 'ਚ ਰੱਖ ਦਿੱਤਾ ਅਤੇ ਮੈਂ ਬੱਸ ਅੰਦਰ ਮੋਹਰਲੀ ਦੂਜੀ ਸੀਟ 'ਤੇ ਬੈਠ ਗਿਆ। ਮੇਰੇ ਨਾਲ ਹੀ ਗੱਭਰੂ ਨੌਜਵਾਨ ਮੁੰਡਾ ਜਿਸ ਦੇ ਹੱਥ 'ਚ ਕੜਾ ਪਾਇਆ ਦੇਖ ਕੇ ਮੈਂ ਸਤਿ ਸ੍ਰੀ ਅਕਾਲ ਬੁਲਾਈ ਤਾਂ ਉਹ ਠਠੰਬਰ ਜਿਹਾ ਗਿਆ।

ਮੈਂ ਪੁੱਛਿਆ ਬਾਈ ਜੀ ਕੀ ਹਾਲ ਚਾਲ ਹੈ। ਉਸ ਨੇ ਠੀਕ-ਠਾਕ ਕਹਿ ਕੇ ਪੁੱਛਿਆ ਤੁਸੀਂ ਬਰਮਿੰਘਮ ਜਾਣਾ ਹੈ। ਮੈਂ ਕਿਹਾ ਨਹੀਂ ਮੈਂ ਥੋੜ੍ਹਾ ਅੱਗੇ ਜਾਣਾ ਹੈ। ਮੈਂ ਕਿਹਾ ਤੁਸੀਂ ਇੰਡੀਆ ਤੋਂ ਆਏ ਹੋ, ਕਹਿੰਦਾ ਭਾਜੀ ਮੈਂ ਗਰੀਸ ਤੋਂ ਆਇਆ ਹਾਂ। ਉਥੇ ਮੈਨੂੰ ਚਾਰ ਕੁ ਸਾਲ ਹੋ ਗਏ ਆਏ ਨੂੰ। ਅਤੇ ਮੈਂ ਗਰੀਸ 'ਚ ਪੱਕਾ ਵੀ ਹੋ ਗਿਆ ਹਾਂ। ਮੈਂ ਇਕ ਸਾਲ ਪਹਿਲਾਂ ਵੀ ਇੰਗਲੈਂਡ ਰਹਿ ਕੇ ਗਿਆ ਹਾਂ। ਮੇਰੇ ਰਿਸ਼ਤੇਦਾਰਾਂ ਨੇ ਮੈਨੂੰ ਬੁਲਾਇਆ ਸੀ ਅਤੇ ਸਾਲ ਬਾਅਦ ਹੁਣ

ਫੇਰ ਮੈਂ ਵੀਜ਼ਾ ਲੈ ਕੇ ਆ ਗਿਆ ਹਾਂ। ਮੈਂ ਕਿਹਾ ਚੰਗਾ ਹੀ ਕਾਰੋਬਾਰ ਲੱਗਦਾ ਜਿਹੜਾ ਸਾਲ ਬਾਅਦ ਇੰਗਲੈਂਡ ਛੁੱਟੀਆਂ ਕੱਟਣ ਆ ਜਾਂਦਾ ਹੈਂ। ਕਹਿੰਦਾ ਨਹੀਂ ਨਹੀਂ ਭਾ ਜੀ ਐਦਾਂ ਦੀ ਕੋਈ ਗੱਲ ਨਹੀਂ ਪਹਿਲਾਂ ਜਦੋਂ ਆਇਆ ਸੀ ਤਾਂ ਸਿਰਫ ਇੰਗਲੈਂਡ ਦੇਖਣ ਆਇਆ ਸੀ। ਉਸ ਟਾਈਮ ਮੇਰੇ ਕੁਝ ਕਲਾਸਫੈਲੋ ਮੁੰਡੇ ਮਿਲ ਗਏ ਜਿਹੜੇ ਅਜੇ ਪੱਕੇ ਨਹੀਂ ਹੋਏ ਪਰ ਕੰਮ ਕਾਰ ਬਹੁਤ ਸੋਹਣਾ ਹੈ। ਪੈਸੇ ਚੰਗੇ ਕਮਾਉਂਦੇ ਆ, ਉਨ੍ਹਾਂ ਨੇ ਮੈਨੂੰ ਇਥੇ ਆਉਣ ਲਈ ਮਜਬੂਰ ਕੀਤਾ ਕਿ ਐਵੇਂ ਗਰੀਸ 'ਚ ਸਾਰੀ ਉਮਰ ਭਰ ਧੱਕੇ ਖਾਂਦਾ ਰਹੇਂਗਾ, ਇਥੇ ਸਾਡੇ ਕੋਲ ਆ ਜਾ ਕੰਮ 'ਤੇ ਵੀ ਲੁਆਵਾਂਗੇ ਹੌਲੀ-ਹੌਲੀ ਕੋਈ ਪੱਕਾ ਹੋਣ ਦਾ ਬਹਾਨਾ ਬਣ ਗਿਆ ਤਾਂ ਪੱਕੇ ਵੀ ਹੋ ਜਾਵੇਂਗਾ।

ਉਨ੍ਹਾਂ ਦੀਆਂ ਗੱਲਾਂ ਮੈਨੂੰ ਚੰਗੀਆਂ ਲੱਗੀਆਂ, ਮੈਂ ਸੋਚਿਆ ਇਹ ਗੱਲ ਤਾਂ ਠੀਕ ਹੈ। ਗਰੀਸ ਦੇ ਚਾਰ ਸਾਲ ਅਤੇ ਇੰਗਲੈਂਡ ਦਾ ਇਕ ਸਾਲ ਇਕ ਬਰਾਬਰ ਹਨ। ਦੂਜਾ ਇਥੇ ਬੋਲੀ ਦੀ ਵੀ ਕੋਈ ਮੁਸ਼ਕਿਲ ਨਹੀਂ ਤੇ ਹੁਣ ਭਾ ਜੀ ਮੈਂ ਮਨ ਬਣਾ ਕੇ ਇੰਗਲੈਂਡ 'ਚ ਰਹਿਣ ਦਾ ਵਿਚਾਰ ਬਣਾ ਰਿਹਾਂ ਹਾਂ। ਤੁਸੀਂ ਮੈਨੂੰ ਸਲਾਹ ਦਿਉ ਕਿ ਮੈਂ ਕਿੰਝ ਕਰਾਂ। ਮੈਂ ਉਹਨੂੰ ਆਪਣੇ ਤਜਰਬੇ ਮੁਤਾਬਿਕ ਜਿੰਨੀਆਂ ਵੀ ਗੱਲਾਂ ਦੱਸੀਆਂ ਉਹ ਸੌ ਫੀਸਦੀ ਉਨ੍ਹਾਂ ਨਾਲ ਸਹਿਮਤ ਹੋ ਗਿਆ ਅਤੇ ਉਹਨੇ ਬੈਠੇ ਨੇ ਹੀ ਮੇਰੇ ਨਾਲ ਹੱਥ ਮਿਲਾਇਆ ਅਤੇ ਕਿਹਾ ਭਾਜੀ ਮੈਂ ਤੁਹਾਡੇ ਨਾਲ ਵਾਅਦਾ ਕਰਦਾ ਹਾਂ ਕਿ ਜਿਸ ਤਰ੍ਹਾਂ ਤੁਸੀਂ ਮੈਨੂੰ ਕਿਹਾ ਹੈ ਮੈਂ ਉਸੇ ਤਰ੍ਹਾਂ ਕਰਾਂਗਾ ਅਤੇ ਇਕ ਦਿਨ ਕਾਮਯਾਬ ਹੋ ਕੇ ਦਿਖਾਵਾਂਗਾ। ਮੈਂ ਕਿਹਾ ਤੂੰ ਹੁਣ ਆਪਣੇ ਰਿਸ਼ਤੇਦਾਰਾਂ ਕੋਲ ਜਾ ਰਿਹਾਂ। ਕਹਿੰਦਾ ਰੱਬ-ਰੱਬ ਕਰੋ ਭਾ ਜੀ। ਜਦੋਂ ਮੈਂ ਪਹਿਲੀ ਵਾਰ ਇਥੇ ਆਇਆ ਤਾਂ ਉਨ੍ਹਾਂ ਨੇ ਮੈਨੂੰ ਘੁੰਮਾਇਆ-ਫਿਰਾਇਆ, ਖੂਬ ਸੇਵਾ ਕੀਤੀ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਮੈਂ ਕਿਹੜਾ ਇੰਗਲੈਂਡ 'ਚ ਬੈਠੇ ਰਹਿਣਾ ਹੈ। ਜਦੋਂ ਮੈਂ ਆਪਣੇ ਇਨ੍ਹਾਂ ਮਿੱਤਰਾਂ ਨੂੰ ਜਿਹੜੇ ਕਲਾਸਫੈਲੋ ਮੁੰਡੇ ਆ ਕੋਲ ਜਾਣ ਦੀ ਇੱਛਾ ਚਾਹੀ ਤਾਂ ਉਹ ਕਹਿੰਦੇ ਛੱਡ ਪਰ੍ਹਾਂ ਤੂੰ ਕੀ ਕਰਨਾ ਉਨ੍ਹਾਂ ਨੂੰ ਮਿਲ ਕੇ। ਮੇਰੇ ਜ਼ੋਰ ਪਾਉਣ 'ਤੇ ਉਹ ਮੈਨੂੰ ਮਿਲਾ ਤਾਂ ਲਿਆਏ ਅਤੇ ਰਸਤੇ 'ਚ ਕਹਿੰਦੇ ਪਤਾ ਇਹ ਕਿਉਂ ਡਰਦੇ ਕੱਲੇ ਰਹਿੰਦੇ ਆ, ਮੈਂ ਕਿਹਾ ਕਿਉਂ। ਕਹਿੰਦੇ ਇਹ ਆਪਣੇ ਰਿਸ਼ਤੇਦਾਰਾਂ ਤੋਂ ਡਰਦੇ ਹੋਣੇ ਆ ਬਈ ਕਿਤੇ ਸਾਨੂੰ ਫੜਾ ਨਾ ਦੇਣ। ਮੈਂ ਕਿਹਾ ਇਹ ਕਿਵੇਂ ਹੋ ਸਕਦਾ ਹੈ। ਕਹਿੰਦੇ ਜ਼ਰੂਰੀ ਨਹੀਂ ਉਹ ਪੈਸਿਆਂ ਕਰਕੇ ਫੜਾਉਂਦੇ ਆ ਕਈ ਵਾਰ ਇੰਡੀਆ ਵਿਚਲੀ ਕੋਈ ਪੁਰਾਣੀ ਰੜਕ ਕੱਢਣ ਲਈ ਵੀ ਇਥੇ ਇਕ ਦੂਜੇ ਨੂੰ ਫੜਾ ਦਿੰਦੇ ਆ।

ਕਈ ਤਾਂ ਇਥੇ ਇਸ ਕੰਮ ਨੂੰ ਧੰਦਾ ਹੀ ਬਣਾਈ ਬੈਠੇ ਹਨ। ਜਦੋਂ ਕੋਈ ਕੱਚਾ ਬੰਦਾ ਉਨ੍ਹਾਂ ਦੀ ਨਜ਼ਰ ਚੜ੍ਹਦਾ ਝੱਟ ਚੁਟਕੀਆਂ ਮਾਰਦੇ ਆ ਬਈ ਔਹ

ਜਾਂਦਾ 500 ਪੌਂਡ ਦਾ ਚੈੱਕ। ਭਾਜੀ ਮੈਂ ਬੈਠਾ-ਬੈਠਾ ਉਦੋਂ ਆਪਣੇ ਆਪ ਨੂੰ ਚੈੱਕ ਤਾਂ ਨਹੀਂ ਸੀ ਮਹਿਸੂਸ ਕਰਦਾ ਪਰ ਅੱਜ ਮੈਂ ਆਪਣੇ ਆਪ ਨੂੰ ਜ਼ਰੂਰ 500 ਪੌਂਡ ਦਾ ਚੈੱਕ ਮਹਿਸੂਸ ਕਰਦਾ ਹਾਂ। ਇਸੇ ਕਰਕੇ ਮੈਂ ਸਿੱਧਾ ਉਨ੍ਹਾਂ ਦੋਸਤਾਂ ਕੋਲ ਹੀ ਚੱਲਿਆ ਹਾਂ ਅਤੇ ਆਪਣੇ ਕਿਸੇ ਵੀ ਰਿਸ਼ਤੇਦਾਰ ਨੂੰ ਮੈਂ ਨਹੀਂ ਦੱਸਿਆ ਕਿ ਮੈਂ ਇੰਗਲੈਂਡ 'ਚ ਹਾਂ। ਹੁਣ ਕੁਝ ਕਾਨੂੰਨੀ ਸੋਧਾਂ ਕਾਰਨ ਇਹ ਗੇਮ ਥੋੜ੍ਹੀ ਠੰਡੀ ਹੈ ਪਰ ਫਿਰ ਵੀ ਜ਼ਿਆਦਾ ਵਲੈਤੀਏ ਕੱਚੇ ਬੰਦੇ ਨੂੰ ਦਿਲੋਂ ਪਿਆਰ ਨਾਲ ਨਹੀਂ ਬੁਲਾਉਂਦੇ ਕਿਉਂਕਿ ਇਹ ਕੱਪੜਿਆਂ ਅਤੇ ਬੋਲੀ ਤੋਂ ਝੱਟ ਫੜੇ ਜਾਂਦੇ ਆ। ਪੰਜ ਦਸ ਸਾਲ ਬਾਅਦ ਇਹ ਵੀ ਵਲੈਤੀਏ ਬਣ ਜਾਂਦੇ ਆ। ਫਿਰ ਇਹ ਵੀ ਕਹਿਣਗੇ ਦੇਖੋ ਯਾਰੋ, 'ਔਹ ਜਾਂਦਾ ਪੰਜ ਸੌ ਪੌਂਡ ਦਾ ਚੈੱਕ'।

ooo

34

ਮਾਸੜ ਜੀ ਮਾਸੜ ਜੀ ਕਰਦੀ, ਤੁਸੀਂ ਤੁਸੀਂ ਕਹਿਣ ਲੱਗ ਪਈ !

ਮੈਂ ਆਪਣੇ ਪਿਛਲੇ ਕਾਫੀ ਲੇਖਾਂ ਵਿਚ ਰਿਸ਼ਤਿਆਂ ਦੀ ਅਹਿਮੀਅਤ ਬਾਰੇ ਲਿਖ ਚੁੱਕਾ ਹਾਂ ਅਤੇ ਕਿਸ ਤਰ੍ਹਾਂ ਇੱਕੀਵੀਂ ਸਦੀ ਦਾ ਮਨੁੱਖ ਇਨ੍ਹਾਂ ਰਿਸ਼ਤਿਆਂ ਦੀਆਂ ਧੱਜੀਆਂ ਉਡਾ ਰਿਹਾ ਹੈ। ਬੇਸ਼ੱਕ ਵਿਦੇਸ਼ੀ ਅਤੇ ਪੱਛਮੀ ਸੱਭਿਅਤਾ ਦੇ ਲੋਕ ਇਹ ਜੁਰਮ ਸਰੇਆਮ ਕਰਦੇ ਹਨ ਪਰ ਫੇਰ ਵੀ ਪੂਰਬੀ ਲੋਕ ਪੱਛਮੀ ਲੋਕਾਂ ਦੀ ਨਕਲ ਕਰਦੇ-ਕਰਦੇ ਬਹੁਤ ਅੱਗੇ ਨਿਕਲ ਗਏ ਹਨ। ਪੱਛਮੀ ਲੋਕ ਹੁਣ ਪੂਰਬੀ ਲੋਕਾਂ ਦੇ ਪੱਛਮ 'ਚ ਵਸੇਬੇ ਤੋਂ ਬਾਅਦ ਰਿਸ਼ਤਿਆਂ ਪ੍ਰਤੀ ਗੰਭੀਰਤਾ ਨਾਲ ਸੋਚਣ ਲੱਗ ਪਏ ਹਨ। ਪਰ ਇਸ ਦੇ ਫਲਸਰੂਪ ਪੂਰਬੀ ਇਸ ਤਰ੍ਹਾਂ ਹੋ ਗਏ ਹਨ ਜਿਵੇਂ ਉਨ੍ਹਾਂ ਨੂੰ ਹੁਣ ਕਿਹੜਾ ਐਥੇ ਕੋਈ ਦੇਖਦਾ ਹੈ। ਹਜ਼ਾਰਾਂ ਮੀਲ ਦੂਰ ਸਿਰਫ਼ ਦੇਸ਼ ਤੋਂ ਦੂਰ ਹੀ ਨਹੀਂ ਹੁੰਦੇ ਸਗੋਂ ਉਹ ਆਪਣੀ ਅਸਲ ਆਤਮਾ ਤੋਂ ਵੀ ਕੋਹਾਂ ਮੀਲ ਦੂਰ ਹੋ ਜਾਂਦੇ ਹਨ।

ਜਿਸ ਤਰ੍ਹਾਂ ਇਹ ਰੁਝਾਨ ਐਨੀ ਤੇਜ਼ੀ ਨਾਲ ਵਧ ਰਿਹਾ ਹੈ ਇਸ ਤੋਂ ਇਹ ਲੱਗ ਰਿਹਾ ਹੈ ਕਿ ਇੱਕੀਵੀਂ ਸਦੀ ਦਾ ਅੰਤ ਬੜਾ ਹੀ ਚਿੰਤਤ ਹੋਵੇਗਾ। ਅੱਜ ਅਸੀਂ ਇਕ ਸ਼ਖਸ ਦੀ ਗੱਲ ਕਰਨ ਜਾ ਰਹੇ ਹਾਂ ਜਿਸ ਨੇ ਸ਼ਾਇਦ ਰਿਸ਼ਤਾ ਜਾਂ ਰੱਬ ਦੋਵਾਂ ਨੂੰ ਹੀ ਮਨੋਂ ਵਿਸਾਰ ਰੱਖਿਆ ਹੈ।

ਕੁੱਝ ਚਿਰ ਪਹਿਲਾਂ ਇਕ ਵਿਦੇਸ਼ 'ਚ ਰਹਿੰਦੇ ਅਤੇ ਚੰਗੀ ਤਰ੍ਹਾਂ ਪੱਕੇ ਤੌਰ 'ਤੇ ਸੈਟਲ ਜੋੜੇ ਨੇ ਆਪਣੇ ਘਰ ਔਲਾਦ ਨਾ ਹੋਣ ਦੇ ਦੁੱਖੋਂ ਮਨ ਬਣਾਇਆ ਕਿ ਕਿਉਂ ਨਾ ਆਪਾਂ ਕੋਈ ਬੱਚਾ ਗੋਦ ਲੈ ਲਈਏ ਤਾਂ ਜੋ ਆਪਾਂ ਇਸ ਗੱਲੋਂ ਸੁਖਦ ਹੋ ਜਾਈਏ ਬਈ ਸਾਡੇ ਕੋਈ ਔਲਾਦ ਨਹੀਂ। ਸਾਰਾ ਕੁਝ ਸੋਚਣ ਵਿਚਾਰਨ ਤੋਂ ਬਾਅਦ ਪਤੀ-ਪਤਨੀ ਨੇ ਸਲਾਹ ਕੀਤੀ ਕਿ ਪਤਨੀ ਕਹਿੰਦੀ ਮੈਂ ਆਪਣੀ ਭੈਣ ਦੀ ਕੁੜੀ ਨੂੰ ਹੀ ਆਪਣੀ ਕੁੜੀ ਬਣਾ ਲੈਣਾ ਹੈ। ਭੈਣ ਦੀ ਔਲਾਦ ਅਤੇ ਆਪਣੀ ਔਲਾਦ 'ਚ ਕੋਈ ਫ਼ਰਕ ਨਹੀਂ ਹੁੰਦਾ। ਪਤੀ ਵੀ ਇਸ ਗੱਲ ਨਾਲ ਸਹਿਮਤ ਹੋ ਗਿਆ। ਵੈਸੇ ਤਾਂ ਅਜੇ ਉਹ ਆਪ ਵੀ ਐਨੇ ਬੁੱਢੇ ਨਹੀਂ ਸਨ। ਕੋਈ 40-45 ਸਾਲ ਦੇ ਦਰਮਿਆਨ ਹੀ ਦੋਹਾਂ ਦੀ ਉਮਰ ਸੀ। ਪਤਨੀ ਨੇ ਆਪਣੀ ਭੈਣ ਦੀ ਕਾਲਜ ਤੋਂ ਗ੍ਰੈਜੂਏਟ ਹੋਈ ਕੁੜੀ ਨੂੰ ਆਪਣੀ ਧੀ ਬਣਾਉਣ ਦੀ ਜਦੋਂ ਗੱਲ ਕੀਤੀ ਤਾਂ ਉਨ੍ਹਾਂ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਨੰਬਰ ਇਕ ਕੁੜੀ ਦੇ ਵਿਆਹ ਦਾ ਕੋਈ ਫ਼ਿਕਰ ਨਹੀਂ ਰਿਹਾ, ਨੰਬਰ ਦੋ ਕੁੜੀ ਅਮਰੀਕਾ ਚਲੇ ਜਾਵੇਗੀ। ਕੀ ਫ਼ਰਕ ਪੈਂਦਾ ਹੈ ਕਿ ਮਾਸੀ ਕੋਲ ਹੈ। ਖੈਰ ਥੋੜ੍ਹਾ ਸਮਾਂ ਵੀ ਨਾ ਲੱਗਾ ਸੋਚ ਵਿਚਾਰਨ ਨੂੰ। ਅਗਰ ਇਹੀ ਖੁਆਇਸ਼ ਕਿਤੇ ਇੰਡੀਆ ਦੀ ਗਰੀਬ ਮਾਸੀ ਨੇ ਜ਼ਾਹਿਰ ਕੀਤੀ ਹੁੰਦੀ ਤਾਂ ਫਿਰ ਦੇਖੋ ਕਿੱਦਾਂ ਅਤੇ ਕਿੰਨੀਆਂ ਗੱਲਾਂ ਹੁੰਦੀਆਂ। ਪਰ ਅਮਰੀਕਾ ਨੂੰ ਤਾਂ ਬੱਸ ਹਾਂ ਹੀ ਹਾਂ ਹੈ।

ਬਾਹਰਲੇ ਮੁਲਕਾਂ ਦੀ ਗੱਲ ਕਰਨ ਲੱਗਾ ਹਾਂ ਤਾਂ ਲੱਗਦੇ ਹੱਥ ਇਹ ਵੀ ਆਪਣੇ ਪਾਠਕਾਂ ਦੀ ਜਾਣਕਾਰੀ ਲਈ ਲਿਖ ਦੇਵਾਂ ਕਿ ਮੈਂ ਆਪਣੇ ਪੈਰਿਸ (ਫਰਾਂਸ) ਰਹਿੰਦੇ ਪੁਰਾਣੇ ਮਿੱਤਰ ਨੂੰ ਮਿਲਣ ਗਿਆ। ਜਦੋਂ ਮੈਂ ਉਹਦੇ ਘਰ ਗਿਆ। ਖੈਰ ਉਹਦੇ ਵਿਆਹ ਬਾਰੇ ਤਾਂ ਮੈਨੂੰ ਪਹਿਲਾਂ ਹੀ ਪਤਾ ਚਲ ਗਿਆ ਸੀ ਪਰ ਜਦ ਉਹਦੇ ਘਰ ਗਿਆ ਤਾਂ ਮੈਂ ਕਿਹਾ ਬਈ ਤੈਨੂੰ ਵਿਆਹ ਦੀਆਂ ਵਧਾਈਆਂ। ਕਹਿੰਦਾ ਕਿਉਂ ਟਿੱਚਰਾਂ ਕਰਦਾਂ। ਆਹ ਦੇਖ ਲੈ ਮੈਂ ਵਿਆਹ ਕੋਈ ਚੋਰੀ ਕਰਾਇਆ 'ਆਹ ਬੈਠੀ ਸਾਹਮਣੇ ਤੇਰੀ ਭਾਬੀ' ਕਹਿੰਦਾ ਮੈਂ ਇਹਨੂੰ ਅਤੇ ਇਹਦੇ ਘਰਦਿਆਂ ਨੂੰ ਸਭ ਕੁਝ ਦੱਸਿਆ ਬਈ ਮੈਂ 45 ਸਾਲ ਦਾ ਹਾਂ। ਉਹ ਕਹਿੰਦੇ ਮਨਜ਼ੂਰ, ਫਿਰ ਮੈਂ ਕਿਹਾ ਮੈਂ ਇਕ ਅੱਖੋਂ ਅੰਨ੍ਹਾ ਹਾਂ। ਮੇਰੀ ਇੱਕੋ ਅੱਖ ਕਾਇਮ ਹੈ। ਉਹ ਕਹਿੰਦੇ ਮਨਜ਼ੂਰ। ਫਿਰ ਮੈਂ ਇਹਨੂੰ ਪੁੱਛਿਆ, ਉਹਨੇ ਆਪਣੀ ਘਰਵਾਲੀ ਵੱਲ ਇਸ਼ਾਰਾ ਕਰਕੇ ਕਿਹਾ ਕਿ ਬਈ ਤੂੰ ਕਿਤੇ ਬਾਹਰ ਜਾਣ ਦੇ ਲਾਲਚ ਨਾਲ ਤਾਂ ਵਿਆਹ ਨਹੀਂ ਕਰਾ ਰਹੀ। ਕਹਿੰਦੀ ਨਹੀਂ ਜਾਂ ਕਿਤੇ ਘਰ ਦੀ ਗਰੀਬੀ ਕਾਰਨ ਤਾਂ ਵਿਆਹ ਨਹੀਂ ਕਰਾ ਰਹੀ। ਕਹਿੰਦੀ

ਨਹੀਂ, ਮੈਂ ਫਿਰ ਕਿਹਾ ਸੋਚ ਲੈ ਮੈਨੂੰ ਕੋਈ ਕਾਹਲੀ ਨਹੀਂ ਪਰ ਇਨ੍ਹਾਂ ਨੂੰ ਸਭ ਕੁਝ ਮਨਜ਼ੂਰ ਸੀ। ਆਪਾਂ ਵਿਆਹ ਲਿਆਏ ਹਾਂ। ਆਹ ਦੇਖ ਲੈ ਕੋਈ ਗੱਲ ਨਹੀਂ ਛੁਪਾਈ, ਕੋਈ ਧੋਖਾ ਨਹੀਂ ਕੀਤਾ। ਇਹ 20 ਸਾਲ ਦੀ ਆਪਾਂ 45 ਸਾਲਾਂ ਦੇ। ਫੇਰ ਲੋਕੀ ਕਹੀ ਜਾਣ ਤਾਂ ਕਿਸੇ ਦਾ ਮੂੰਹ ਫੜ ਲੈਣਾ। ਪਿਆਰੇ ਪਾਠਕੋ ਇਹ ਅਸਰ ਸਿਰਫ ਬਾਹਰਲੀ ਚਮਕ ਦਮਕ ਦਾ ਹੈ। ਬਾਹਰ ਵਿਆਹੁਣ ਲੱਗਿਆਂ ਅਕਲ ਅਤੇ ਸ਼ਕਲ ਤੇ ਉਮਰ ਨਹੀਂ ਦੇਖੀ ਜਾਂਦੀ। ਬੱਸ ਬਾਹਰ ਦੇਖਿਆ ਜਾਂਦਾ ਹੈ।

ਮਾਸੜ ਜੀ ਹੋਰਾਂ ਨੇ ਸਾਰੇ ਕਾਗਜ਼ ਪੱਤਰ ਤਿਆਰ ਕਰਵਾ ਕੇ ਪਤਾ ਨਹੀਂ ਤਾਂ ਗੋਦੀ ਦੇ ਕਾਗਜ਼ ਭਰੇ ਪਤਾ ਨਹੀਂ ਵਿਆਹ ਦੇ। ਇਥੋਂ ਤੱਕ ਅਜੇ ਖੋਜ ਨਹੀਂ ਹੋ ਸਕੀ ਪਰ ਐਨਾ ਜ਼ਰੂਰ ਕਹਿ ਸਕਦਾ ਹਾਂ ਕਿ ਅਗਰ ਗੋਦੀ ਲੈਣ ਦੇ ਫਾਰਮ ਭਰੇ ਹੁੰਦੇ ਤਾਂ ਘੱਟੋ-ਘੱਟ ਦੋ ਸਾਲ ਇਕੱਠੇ ਰਹਿਣਾ ਪੈਣਾ ਸੀ। ਇਹ ਤਾਂ ਇਥੋਂ ਦੀ ਕਹਾਣੀ ਵਿਗੜੀ ਜਾਪਦੀ ਹੈ। ਖੈਰ ਮਾਸੀ ਦੀ ਭਾਣਜੀ ਆਪਣੀ ਮਾਸੀ ਕੋਲ ਉਹਦੀ ਧੀ ਬਣ ਕੇ ਆ ਗਈ। ਖੁਸ਼ੀਆਂ ਮਨਾਈਆਂ ਗਈਆਂ। ਪਾਰਟੀਆਂ ਹੋਣ ਲੱਗ ਪਈਆਂ। ਆਉਣ-ਜਾਣ ਵਧ ਗਿਆ। ਜਨਮ ਦਿਨ ਮਨਾਇਆ ਗਿਆ ਆਪਣੀ ਲਾਡਲੀ ਧੀ ਦਾ ਅਤੇ ਧੀ ਦੇ ਭਵਿੱਖ ਬਾਰੇ ਵੀ ਗੱਲਾਂ ਹੋਣ ਲੱਗੀਆਂ। ਸਾਡੇ ਸਿਆਣੇ ਪਤਾ ਨਹੀਂ ਕਿੱਦਾਂ-ਕਿੱਦਾਂ ਤਜਰਬੇ ਕਰਕੇ ਸਾਡੇ ਲਈ ਕਹਾਵਤਾਂ ਦੇ ਰੂਪ 'ਚ ਸਮਝਾਉਂਦੇ ਗਏ ਹਨ। ਕਹਿੰਦੇ ਬਿੱਲੀਆਂ ਦੇ ਸਿਰਹਾਣੇ ਕਦੇ ਦੁੱਧ ਨਹੀਂ ਜੰਮਦਾ ਅਤੇ 'ਅੱਗ ਕੋਲ ਘਿਉ ਪੱਘਰ ਹੀ ਜਾਂਦਾ ਹੈ।' ਇਨ੍ਹਾਂ ਤੱਥਾਂ 'ਚ ਜ਼ਿੰਦਗੀ ਦਾ ਕਿੰਨਾ ਵੱਡਾ ਸੱਚ ਛੁਪਿਆ ਹੋਇਆ ਹੈ। ਕੁੜੀ ਨੌਜਵਾਨ ਸੋਹਣੀ ਸੁਨੱਖੀ, ਪੜ੍ਹੀ-ਲਿਖੀ ਫੈਸ਼ਨੇਬਲ ਮਾਸੜ ਸਾਹਿਬ ਨੂੰ ਧੀ ਬਣਾਉਣੀ ਦਿਲੋਂ ਕਬੂਲ ਨਾ ਹੋਈ। ਉਹ ਹਮੇਸ਼ਾ ਇਕੱਲਤਾ ਦੀ ਭਾਲ 'ਚ ਰਹਿੰਦਾ। ਜਿਵੇਂ ਮਾਲੀ ਨੂੰ ਹੱਕ ਹੁੰਦਾ ਹੈ ਕਿ ਉਹ ਫੁੱਲਾਂ ਨੂੰ ਜਿਵੇਂ ਜੀਅ ਚਾਹੇ ਪਲੋਸ ਸਕਦਾ ਹੈ ਕਿਉਂਕਿ ਉਹ ਮਾਲੀ ਹੁੰਦਾ ਹੈ। ਮਾਲੀ ਮਤਲਬ ਮਾਲਕ (ਪਾਲਣਹਾਰ) ਇਸੇ ਤਰ੍ਹਾਂ ਬਾਪ ਨੂੰ ਵੀ ਧੀ ਦਾ ਸਿਰ ਪਲੋਸਣ ਦਾ ਹੱਕ ਹੈ। ਪਰ ਕਲਯੁੱਗੀ ਅਤੇ ਬਣਾਉਟੀ ਬਾਪ ਨੂੰ ਸ਼ਾਇਦ ਭਵਿੱਖ 'ਚ ਇਹ ਹੱਕ ਨਸੀਬ ਨਾ ਹੋਵੇ।

ਮੈਲੀ ਅੱਖ ਨੇ ਆਪਣਾ ਜ਼ਹਿਰ ਉਗਲਣਾ ਸ਼ੁਰੂ ਕਰ ਦਿੱਤਾ। ਬੇਦਾਗ਼ ਕਿਸੇ ਦੀ ਅਮਾਨਤ 'ਚ ਖਿਆਨਤ ਦੇ ਸਾਏ ਮਡਰਾਉਣ ਲੱਗ ਪਏ। ਪੱਕੇ ਹੋਏ ਫ਼ਲ ਨੂੰ ਵੀ ਸ਼ਾਇਦ ਇਹ ਕੁਦਰਤੀ ਗਿਆਨ ਹੁੰਦਾ ਹੋਵੇ ਕਿ ਉਹਨੂੰ ਕੋਈ ਤੋੜ ਲਵੇਗਾ। ਚਾਹੇ ਕੋਈ ਚੋਰ ਚਾਹੇ ਉਹਦਾ ਕੋਈ ਹੱਕਦਾਰ! ਮਤਰੇਈ ਮਾਂ ਮਤਰੇਆ ਬਾਪ! ਬਿਗਾਨਾ ਦੇਸ਼, ਇਕੱਲੀ ਜਾਨ। ਸਾਰੀ ਪੜ੍ਹਾਈ ਇਕ ਦਮ ਦਿਮਾਗ 'ਚੋਂ ਨਿਕਲ ਗਈ, ਸਾਰੀ ਚੁਤਰਾਈ ਕੰਮ ਕਰਨੋ ਹਟ ਗਈ। ਰਿਸ਼ਤਿਆਂ ਦੀ ਪਵਿੱਤਰਤਾ ਬੱਦਲ ਬਣ ਕੇ ਉੱਡ ਗਈ। ਹੁਸਨ ਜਿਹੜਾ ਫੁੱਲ ਵਾਂਗ ਟਹਿਕਦਾ ਸੀ। ਬਿਨਾਂ ਛੋਹ ਤੋਂ ਮੁਰਝਾਉਣ ਲੱਗ ਪਿਆ। ਆਪਾ ਇਸ ਤਰ੍ਹਾਂ ਲੱਗਣ ਲੱਗਾ ਜਿਵੇਂ ਵੱਡੇ ਸਾਰੇ ਹਾਲ 'ਚ ਬੰਦ ਹੋਵੇ ਅਤੇ

ਸਾਰੇ ਪਾਸੇ ਹਨੇਰਾ। ਰੱਬ ਨੂੰ ਧਿਆਇਆ ਪਰ ਕੋਈ ਅਵਾਜ਼ ਨਹੀਂ ਆਈ। ਹਿਰਨੀ ਨਾਲੋਂ ਸ਼ੇਰਨੀ ਬਣਨਾ ਠੀਕ ਹੈ। ਸ਼ਾਇਦ ਰੱਬ ਨੇ ਹੀ ਇਹ ਗੱਲ ਦਿਮਾਗ਼ 'ਚ ਪਾਈ ਹੋਵੇ। ਕਲੰਕਤ ਹੋਣ ਨਾਲੋਂ ਕੁਝ ਨਵਾਂ ਕਰਕੇ ਦੇਖਦੇ ਹਾਂ। ਅੱਕ ਚੱਬ ਲੈਂਦੇ ਆਂ, ਕਹਿੰਦੇ ਅੱਕ ਵੀ ਚੱਬਣਾ ਪੈ ਜਾਂਦਾ ਸ਼ਾਇਦ ਇਹ 'ਅੱਕ ਚੱਬਣਾ' ਹੀ ਹੈ। ਸਹਿਮਤੀ ਪਿਆਰ ਹੈ। ਅਸਹਿਮਤੀ ਦੁਸ਼ਮਣੀ ਅਤੇ ਬਦਨਾਮੀ ਇਹ ਸਾਰੇ ਖਿਆਲ ਉਸ ਮੁਟਿਆਰ ਦੇ ਹਨ। ਜਿਹੜੇ ਮਾਸੜ ਜੀ ਤੋਂ ਪਿਤਾ ਜੀ ਅਤੇ ਫਿਰ ਤੁਸੀਂ ਦੀ ਕਹਾਣੀ ਨੂੰ ਰੂਪ ਦਿੱਤਾ। ਨਾ ਮੰਨੇ ਮਨ ਨਾਲ ਪਿਆਰ ਦੀ ਪੌੜੀ ਦਾ ਪਹਿਲਾ ਪੌਡਾ ਚੜ੍ਹ ਗਈ। ਪੌਡਾ-ਪੌਡਾ ਚੜ੍ਹਦੀ ਗਈ। ਉਹ ਭੁੱਲ ਹੀ ਗਈ ਕਿ ਉਹ ਕਿਸ ਲਿਬਾਸ 'ਚ ਇਥੇ ਆਈ ਸੀ ਅਤੇ ਰਿਸ਼ਤਿਆਂ ਦਾ ਹੁਣ ਕਿਹੜਾ ਬਾਣਾ ਪਾਈ ਫਿਰਦੀ ਹੈ। ਮਾਸੀ ਇੱਕ ਮਾਂ ਵਾਂਗ ਕੁੜੀ ਦੇ ਵਿਆਹ ਲਈ ਚਿੰਤਤ ਹੋਣ ਲੱਗੀ। ਮਾਸੜ ਨੇ ਸਮਾਜਿਕ ਫ਼ਰਜ਼ ਨਿਭਾਉਂਦੇ ਹੋਏ ਇਕ ਗੱਭਰੂ ਜਿਹੜਾ ਅਜੇ ਕੱਚਾ ਸੀ, ਭਾਲ ਲਿਆ। ਸਬੱਬ ਨਾਲ ਉਹ ਵੀ ਆਪਣੀ ਮਾਸੀ ਕੋਲ ਹੀ ਆਇਆ ਸੀ ਪਰ ਏਦਾਂ ਨਹੀਂ ਜਿੱਦਾਂ ਇਹ ਮੁਟਿਆਰ ਆਈ ਸੀ। ਦਿਨ ਬੀਤਦੇ ਗਏ, ਵਿਆਹ ਰਚਾਇਆ ਗਿਆ, ਖੁਸ਼ੀਆਂ ਦੂਣ ਸਵਾਈਆਂ ਹੋਈਆਂ। ਦੋਹਾਂ ਪਾਸਿਆਂ ਤੋਂ ਖੁੱਲ੍ਹ ਕੇ ਪੈਸਾ ਖਰਚਿਆ ਗਿਆ। ਅਮਰੀਕਾ ਦਾ ਵਿਆਹ ਹੈ ਕੋਈ ਮਾੜੀ ਮੋਟੀ ਗੱਲ ਥੋੜ੍ਹੋਂ ਆਂ। ਕਈਆਂ ਘੁੱਟ-ਘੁੱਟ ਲਾ ਕੇ ਏਦਾਂ ਵੀ ਕਿਹਾ।

ਸਭ ਆਪੋ-ਆਪਣੇ ਕੰਮ ਲੱਗ ਗਏ, ਨਵਾਂ ਵਿਆਹਿਆ ਜੋੜਾ ਵੀ ਦਿਨ ਕਟੀ ਕਰਨ ਲੱਗਾ। ਮਾਸੜ ਦਾ ਆਉਣਾ ਜਾਣਾ ਨਿਰੰਤਰ ਜਾਰੀ ਰਿਹਾ। ਕਹਿੰਦੇ ਔਰਤ ਦੀ ਜ਼ਿੰਦਗੀ 'ਚ ਜਿਹੜਾ ਪਹਿਲਾ ਮਰਦ ਆਉਂਦਾ ਉਹ ਉਸ ਨੂੰ ਕਦੇ ਨਹੀਂ ਭੁੱਲਦਾ। ਮੇਰੇ ਖਿਆਲ ਮੁਤਾਬਿਕ ਇਹ ਕਾਫੀ ਸਚਾਈ ਦੇ ਲਾਗੇ ਹੈ। ਮੁਟਿਆਰ ਆਪਣੇ ਘਰਵਾਲੇ ਨਾਲੋਂ ਮਾਸੜ ਨੂੰ ਕਾਫੀ ਪਿਆਰ ਕਰਦੀ ਸੀ। ਮੁਟਿਆਰ ਦੇ ਪਤੀ ਨੂੰ ਥੋੜ੍ਹਾ-ਥੋੜ੍ਹਾ ਸ਼ੱਕ ਹੋਣ ਲੱਗਾ। ਉਹ ਅਜੇ ਇਸ ਬਾਰੇ ਸੋਚ ਹੀ ਰਿਹਾ ਸੀ ਕਿ ਮਾਸੜ ਹੁਰੀਂ ਆਪਣੀ ਗੋਦ ਲਈ ਧੀ ਨੂੰ ਉਧਾਲ ਕੇ ਲੈ ਗਿਆ। ਇਥੋਂ ਤੱਕ ਹੀ ਨਹੀਂ ਉਹਦੇ ਨਾਲ ਵਿਆਹ ਹੀ ਕਰਵਾ ਲਿਆ, ਝਗੜਾ ਹੀ ਖ਼ਤਮ ਕਰ ਦਿੱਤਾ।

ਹੁਣ ਜਿਹੜੀ ਪਹਿਲਾਂ ਮਾਸੜ ਜੀ ਮਾਸੜ ਜੀ ਕਰਦੀ ਹੁੰਦੀ ਸੀ ਤੁਸੀਂ ਤੁਸੀਂ ਕਹਿ ਕੇ ਆਪਣੇ ਮਾਸੜ ਨੂੰ ਬੁਲਾਉਂਦੀ ਹੈ। ਉਧਰ ਮਾਸੀ ਵਿਚਾਰੀ ਇਹ ਸੋਚ ਸੋਚ ਕੇ ਪਾਗਲ ਹੋਈ ਜਾਂਦੀ ਹੈ ਕਿ ਇਹ ਬਣਿਆ ਕੀ?

ooo

35

ਜੇ ਤੇਰੀ ਮਾਂ ਹੁੰਦੀ ਫੇਰ ਵੀ.....?

ਦੁਨੀਆ ਦਾ ਹਰ ਇਕ ਸਮਾਜ ਸੱਭਿਆਚਾਰ ਹਰ ਕਿਸਮ ਦੇ ਹੱਦਾਂ-ਬੰਨੇ ਟੱਪਣ 'ਚ ਕੋਈ ਕਸਰ ਨਹੀਂ ਛੱਡਦਾ ਅਤੇ ਇਸੇ ਹੀ ਦੁਨੀਆ 'ਚ ਚੰਗੇ ਬੰਦੇ ਵੀ ਚੰਗਿਆਈਆਂ ਦੀ ਕੋਈ ਘਾਟ ਨਹੀਂ ਮਹਿਸੂਸ ਹੋਣ ਦਿੰਦੇ।

ਸਾਡਾ ਵਿਸ਼ਾ ਕਾਫੀ ਸਮੇਂ ਤੋਂ ਰਿਸ਼ਤਿਆਂ ਸਬੰਧੀ ਚੱਲਿਆ ਆ ਰਿਹਾ ਹੈ। ਅੱਜ ਇਸੇ ਲੜੀ 'ਚ ਰਿਸ਼ਤਿਆਂ ਦਾ ਇਕ ਹੋਰ ਦੁਖਾਂਤ ਸ਼ਾਮਿਲ ਕਰਦੇ ਹਾਂ। ਪੰਜਾਬ ਦੇ ਇਕ ਪਿੰਡ 'ਚੋਂ ਇਕ ਪੜ੍ਹਿਆ ਲਿਖਿਆ, ਸੋਹਣਾ-ਸੁਨੱਖਾ ਨੌਜਵਾਨ ਅਮਰੀਕਾ ਆ ਗਿਆ। ਉਸ ਨੌਜਵਾਨ ਦੀ ਮਾਂ ਦੀ ਸਹੇਲੀ ਵੀ ਅਮਰੀਕਾ ਵਿਚ ਹੀ ਰਹਿੰਦੀ ਸੀ। ਉਸ ਪੰਜਾਬੀ ਨੌਜਵਾਨ ਨੇ ਕਾਫੀ ਸਮਾਂ ਇਧਰ-ਉਧਰ ਹੱਥ ਪੈਰ ਮਾਰੇ ਪਰ ਕਾਮਯਾਬੀ ਚੰਗੀ ਤਰ੍ਹਾਂ ਵੱਸ 'ਚ ਨਾ ਕਰ ਸਕਿਆ। ਇੰਡੀਆ ਤੋਂ ਉਸ ਦੀ ਮਾਂ ਨੇ

ਆਪਣੀ ਸਹੇਲੀ ਦਾ ਪਤਾ ਆਪਣੇ ਪੁੱਤਰ ਨੂੰ ਦੇ ਦਿੱਤਾ ਕਿ ਅਗਰ ਤੇਰਾ ਕਿਤੇ ਵੀ ਕੋਈ ਚੰਗੀ ਤਰ੍ਹਾਂ ਨਹੀਂ ਸੈੱਟ ਆਇਆ ਤਾਂ ਤੂੰ ਆਪਣੀ ਆਂਟੀ ਕੋਲ ਚਲਾ ਜਾ। ਇਸ ਨੌਜਵਾਨ ਨੇ ਪਹਿਲਾਂ ਸੋਚਿਆ ਬਈ ਕਾਹਨੂੰ ਐਵੇਂ ਆਂਟੀ ਸਿਰ ਭਾਰ ਬਣਨਾ, ਆਪਾਂ ਆਪੇ ਕਾਮਯਾਬ ਹੋ ਜਾਵਾਂਗੇ ਹੌਲੀ-ਹੌਲੀ।

ਫਿਰ ਇਕ ਦਿਨ ਉਹਨੇ ਸੋਚਿਆ ਚੱਲੋ ਇਸ 'ਚ ਕਿਹੜਾ ਕੋਈ ਹੇਠੀ ਵਾਲੀ ਗੱਲ ਆ ਬੰਦਾ ਹੀ ਬੰਦੇ ਦੇ ਕੰਮ ਆਉਂਦਾ ਹੈ। ਆਂਟੀ ਹੁਰੀਂ ਪੁਰਾਣੇ ਆਏ ਹੋਏ ਹਨ ਅਤੇ ਚੰਗੀ ਤਰ੍ਹਾਂ ਸੈਟਲ ਹਨ। ਕੋਈ ਮੇਰੀ ਮਦਦ ਹੀ ਕਰਨਗੇ।

ਨੌਜਵਾਨ ਨੇ ਆਪਣੀ ਮਾਂ ਵੱਲੋਂ ਭੇਜੇ ਹੋਏ ਪਤੇ 'ਤੇ ਆਂਟੀ ਨੂੰ ਜਾ ਫਤਹਿ ਬੁਲਾਈ। ਆਂਟੀ ਅਤੇ ਅੰਕਲ ਕੋਈ ਪੰਜਾਵਾਂ ਨੂੰ ਢੁੱਕੇ ਸਨ ਪਰ ਆਂਟੀ ਅਮਰੀਕਾ ਦੇ ਪੌਣ-ਪਾਣੀ ਸਦਕਾ ਅਜੇ ਰਿਸ਼ਟ-ਪੁਸ਼ਟ ਸੀ। ਅੰਕਲ ਹੁਰੀਂ ਡਬਲ ਸ਼ਿਫਟਾਂ ਲਾ-ਲਾ ਕੇ ਕਾਫੀ ਆਪਣੀ ਇਨਸਾਨੀ ਮਸ਼ੀਨਰੀ ਨੂੰ ਵਰਤ ਚੁੱਕੇ ਸਨ। ਉਨ੍ਹਾਂ ਦੇ ਆਪਣੇ ਦੋ ਬੱਚੇ ਸਨ ਜਿਹੜੇ ਪੜ੍ਹ ਲਿਖ ਕੇ ਦੂਸਰੇ ਸ਼ਹਿਰਾਂ 'ਚ ਨੌਕਰੀਆਂ ਕਰਦੇ ਸਨ। ਘਰ 'ਚ ਆਂਟੀ ਅੰਕਲ ਅਤੇ ਤੀਜਾ ਮਹਿਮਾਨ ਇਹ ਨੌਜਵਾਨ ਸੀ। ਅੰਕਲ ਅਤੇ ਆਂਟੀ ਆਪਣਾ ਇਕ ਛੋਟਾ ਜਿਹਾ ਗਰੋਸਰੀ ਸਟੋਰ (ਕਰਿਆਨੇ ਦੀ ਦੁਕਾਨ) ਚਲਾਉਂਦੇ ਸਨ। ਉਹ ਸਵੇਰੇ ਜਾਂਦੇ ਅਤੇ ਸ਼ਾਮੀਂ ਘਰ ਆਪਣੀ ਰੋਟੀ ਪਾਣੀ ਖਾ ਕੇ ਸੌਂ ਜਾਂਦੇ। ਉਨ੍ਹਾਂ ਕੋਲ ਆਪਣਾ ਕਾਫੀ ਵੱਡਾ ਘਰ ਲਿਆ ਹੋਇਆ ਸੀ ਅਤੇ ਕੋਈ ਐਡੀ ਵੱਡੀ ਜ਼ਿੰਮੇਵਾਰੀ ਵੀ ਨਹੀਂ ਸੀ। ਵੈਸੇ ਤਾਂ ਉਨ੍ਹਾਂ ਦੇ ਬੱਚੇ ਉਨ੍ਹਾਂ ਨੂੰ ਕਹਿੰਦੇ ਸਨ ਬਈ ਤੁਸੀਂ ਦੁਕਾਨ 'ਤੇ ਕੋਈ ਨੌਕਰ ਰੱਖ ਲਵੋ ਆਪ ਕਾਹਨੂੰ ਐਨਾ ਖੱਜਲ ਖੁਆਰ ਹੁੰਦੇ ਹੋ ਪਰ ਉਹ ਅਜੇ ਐਨੇ ਹੰਭੇ ਨਹੀਂ ਸਨ, ਜੋ ਹਾਰ ਮੰਨ ਲੈਂਦੇ। ਆਂਟੀ ਨੇ ਘਰ ਆਏ ਆਪਣੀ ਸਹੇਲੀ ਦੇ ਮੁੰਡੇ ਨੂੰ ਬੜੇ ਪਿਆਰ ਨਾਲ ਬਿਠਾਇਆ ਅਤੇ ਸਾਰਾ ਹਾਲ ਚਾਲ ਪੁੱਛਿਆ।

ਮੁੰਡੇ ਨੇ ਆਪਣੇ ਬੀਤੇ ਦਿਨਾਂ ਦੀ ਕਹਾਣੀ ਹੂ-ਬਹੂ ਸੁਣਾ ਦਿੱਤੀ। ਚਾਹ-ਪਾਣੀ ਪੀਣ ਤੋਂ ਬਾਅਦ ਆਂਟੀ ਅਤੇ ਅੰਕਲ ਮੁੰਡੇ ਬਾਰੇ ਸੋਚਣ ਲੱਗੇ ਕਿ ਇਹਨੂੰ ਕਿੱਥੇ ਅਤੇ ਕਿਵੇਂ ਕੰਮ 'ਤੇ ਲੁਆਇਆ ਜਾਵੇ। ਉਨ੍ਹਾਂ ਸੋਚਦਿਆਂ ਅਤੇ ਪਰਖਦਿਆਂ ਇਕ ਹਫਤਾ ਲੰਘਾ ਦਿੱਤਾ। ਇਨ੍ਹਾਂ ਦਿਨਾਂ 'ਚ ਮੁੰਡਾ ਵੀ ਦੁਕਾਨ 'ਤੇ ਉਨ੍ਹਾਂ ਦੇ ਨਾਲ ਹੀ ਚਲਾ ਜਾਂਦਾ। ਹੌਲੀ-ਹੌਲੀ ਇਹ ਫੈਸਲਾ ਹੋਇਆ ਕਿ ਚੱਲੋ ਇਹ ਆਪਣੇ ਨਾਲ ਹੀ ਦੁਕਾਨ 'ਤੇ ਕੰਮ ਕਰਿਆ ਕਰੇਗਾ। ਇਕ ਤਾਂ ਸਾਡੀ ਮਦਦ ਹੋ ਜਾਵੇਗੀ। ਦੂਜਾ ਤੈਨੂੰ ਕੰਮ ਵੀ ਮਿਲ ਜਾਵੇਗਾ। ਮੁੰਡਾ ਰਾਜ਼ੀ ਹੋ ਗਿਆ। ਪੈਸੇ ਬੇਸ਼ੱਕ ਦੂਜਿਆਂ ਨਾਲੋਂ ਘੱਟ ਸੀ ਪਰ ਸਹੂਲਤਾਂ ਤੇ ਅਪੱਣਤ ਜ਼ਿਆਦਾ ਸੀ। ਥੋੜ੍ਹੇ ਹੀ ਦਿਨਾਂ 'ਚ ਮੁੰਡਾ ਪਰਿਵਾਰ 'ਚ ਖੂਬ ਘੁਲ ਮਿਲ ਗਿਆ। ਬੇਸ਼ੱਕ ਉਹਦੀ ਆਂਟੀ ਨੇ ਉਹਨੂੰ ਬਹੁਤ ਛੋਟਾ ਹੁੰਦਿਆਂ ਇੰਡੀਆ ਵੇਖਿਆ ਸੀ ਪਰ ਹੁਣ ਇੰਜ ਮਹਿਸੂਸ ਹੁੰਦਾ ਸੀ ਜਿਵੇਂ ਉਹ ਉਹਨੂੰ ਹਮੇਸ਼ਾ ਹੀ ਜਾਣਦੀ ਸੀ। ਅੰਕਲ ਕੋਈ ਬਹੁਤਾ ਭਾਰਾ ਕੰਮ ਨਹੀਂ ਸੀ ਕਰਦਾ

ਉਹ ਸਮੇਂ ਤੋਂ ਪਹਿਲਾਂ ਹੀ ਆਪਣੇ-ਆਪ ਨੂੰ ਹਰ ਇਕ ਗੱਲ ਨਾਲ ਬੁੱਢਾ-ਬੁੱਢਾ ਕਹਿੰਦਾ ਰਹਿੰਦਾ ਸੀ। ਬੜਾ ਹਸਮੁੱਖ ਸੀ ਅੰਕਲ। ਸ਼ਾਮ ਨੂੰ ਦੋਵਾਂ ਨੇ ਦੋ-ਦੋ ਪੈੱਗ ਜ਼ਰੂਰ ਲਾਉਣੇ ਅਤੇ ਆਂਟੀ ਨੇ ਉਨ੍ਹਾਂ ਲਈ ਓਵਨ 'ਚ ਮੁਰਗੇ ਦੀਆਂ ਲੱਤਾਂ ਰੋਸਟ ਕਰਕੇ ਦੇਣੀਆਂ।

ਆਂਟੀ ਵੀ ਹਸਮੁੱਖ ਅਤੇ ਬੜੀ ਠਰ੍ਹੰਮੇ ਵਾਲੀ ਔਰਤ ਸੀ। ਉਹ ਆਦਮੀ ਦੀ ਹਰ ਹਰਕਤ ਨੂੰ ਭਲੀ-ਭਾਂਤ ਸਮਝ ਲੈਂਦੀ ਸੀ। ਸਾਰੀ ਦੁਨੀਆ ਸ਼ਰਾਬ ਨੂੰ ਮਾੜੀ ਕਹਿੰਦੀ ਹੈ ਪਰ ਮੈਂ ਸ਼ਰਾਬ ਨੂੰ ਮਾੜਾ ਨਹੀਂ ਕਹਿੰਦਾ ਕਿਉਂਕਿ ਇਨਸਾਨ ਦੀ ਆਪਣੀ ਫਿਤਰਤ ਹੀ ਮਾੜੀ ਹੈ ਜਿਸ ਨੂੰ ਉਹ ਨਸ਼ਿਆਂ ਦਾ ਲਿਬਾਸ ਪਹਿਨਾ ਕੇ ਆਪ ਬਚਣ ਦੀ ਕੋਸ਼ਿਸ਼ ਕਰਦਾ ਹੈ। ਅਗਰ ਸ਼ਰਾਬ ਮਾੜੀ ਹੈ ਤਾਂ ਸ਼ਰਾਬੀ ਨੂੰ ਆਪਣੀ ਭੈਣ ਮਸ਼ੂਕ ਕਿਉਂ ਨਹੀਂ ਲੱਗਦੀ, ਉਹਨੂੰ ਪਰਾਏ ਰਿਸ਼ਤੇ ਕਿਉਂ ਕਾਮੁਕ ਲੱਗਦੇ ਹਨ ਕਿਉਂਕਿ ਉਹਦੇ ਅੰਦਰਲਾ ਭੂਤ ਸ਼ਰਾਬ ਦਾ ਸਹਾਰਾ ਲੈ ਕੇ ਮਾੜੇ ਪਾਸੇ ਵੱਲ ਪ੍ਰੇਰਦਾ ਹੈ। ਇਕ ਰਾਤ ਅੰਕਲ ਅਤੇ ਇਹ ਮੁੰਡਾ ਕੁਝ ਜ਼ਿਆਦਾ ਹੀ ਪੀ ਗਏ। ਅੰਕਲ ਤਾਂ ਸ਼ਰਾਬੀ ਹੋ ਕੇ ਸੋਫੇ 'ਤੇ ਹੀ ਢੇਰੀ ਹੋ ਗਿਆ। ਆਂਟੀ ਇਨ੍ਹਾਂ ਦੋਵਾਂ ਨੂੰ ਛੱਡ ਕੇ ਆਪਣੇ ਕਮਰੇ ਵਿਚ ਚਲੀ ਗਈ। ਪਰ ਉਸ ਨੇ ਦਰਵਾਜ਼ੇ ਦੀ ਕੁੰਡੀ ਨਾ ਲਾਈ ਕਿਉਂਕਿ ਉਹ ਸੋਚਦੀ ਸੀ ਇਹ ਪੀ ਕੇ ਹਟਣਗੇ ਤਾਂ ਉਹਦੇ ਘਰਵਾਲਾ ਦਰਵਾਜ਼ਾ ਖੜਕਾਉਣ ਦੀ ਬਜਾਏ ਅੰਦਰ ਆ ਜਾਵੇਗਾ ਅਤੇ ਮੈਨੂੰ ਦਰਵਾਜ਼ਾ ਖੋਲ੍ਹਣਾ ਨਹੀਂ ਪਵੇਗਾ। ਉਧਰ ਉਹ ਗੱਭਰੂ ਨੌਜਵਾਨ ਅਜੇ ਸ਼ਰਾਬ ਦੇ ਹੋਰ ਪੈੱਗ ਲਾ ਰਿਹਾ ਸੀ ਜਦੋਂ ਉਹਨੇ ਆਪਣੇ ਆਪ ਨੂੰ ਠੀਕ ਸਮਝਿਆ ਉਹਨੇ ਸੋਚਿਆ ਮੈਂ ਵੀ ਆਪਣੇ ਕਮਰੇ ਵਿਚ ਜਾ ਕੇ ਸੌਂ ਜਾਵਾਂ। ਸੌਣ ਤੋਂ ਪਹਿਲਾਂ ਉਹ ਬਾਥਰੂਮ ਗਿਆ ਅਤੇ ਫਿਰ ਆ ਕੇ ਆਪਣੇ ਅੰਕਲ ਨੂੰ ਮੋਢਿਆਂ ਤੋਂ ਹਲੂਣਿਆ ਕਿ ਅੰਕਲ ਚੱਲੋ ਅੰਦਰ ਜਾ ਕੇ ਸੌਂ ਜਾਓ। ਪਰ ਅੰਕਲ ਢੇਰੀ ਹੋਇਆ ਬੱਸ ਹਾਂ ਅਤੇ ਹੂੰ ਤੋਂ ਵੱਧ ਕੁਝ ਨਹੀਂ ਸੀ ਬੋਲਦਾ। ਖੈਰ ਮੁੰਡਾ ਉੱਠ ਕੇ ਮਸੀਂ ਹੌਲੀ-ਹੌਲੀ ਚੱਲ ਕੇ ਆਪਣੇ ਕਮਰੇ ਵੱਲ ਜਾ ਰਿਹਾ ਸੀ ਕਿ ਉਹਨੂੰ ਖਿਆਲ ਆਇਆ ਕਿ ਆਂਟੀ ਨੂੰ ਦੱਸ ਦੇਵਾਂ ਅੰਕਲ ਸੋਫੇ 'ਤੇ ਸੌਂ ਗਿਆ। ਉਹਨੇ ਆਂਟੀ ਦੇ ਬੈੱਡਰੂਮ ਦਾ ਦਰਵਾਜ਼ਾ ਖੁੱਲ੍ਹਾ ਵੇਖਦੇ ਮਨ 'ਚ ਕੋਈ ਹੋਰ ਹੀ ਕਹਾਣੀ ਲਿਖਣੀ ਸ਼ੁਰੂ ਕਰ ਦਿੱਤੀ। ਉਹ ਅੰਦਰ ਗਿਆ ਅਤੇ ਆਪਣੀ ਆਂਟੀ ਨੂੰ ਹੱਥ ਮੂੰਹ ਉੱਪਰ ਫੇਰ ਕੇ ਜਗਾਇਆ। ਆਂਟੀ ਹੱਬੜਵਾਹੇ ਉੱਠੀ ਤੇ ਬੋਲੀ ਆ ਗਏ। ਮੁੰਡਾ ਵੀ ਲੋਰ 'ਚ ਬੋਲਿਆ, ਆ ਗਏ ਨਹੀਂ! ਆ ਗਿਆ! ਨਾਲ ਹੀ ਧੱਕਾ ਦੇ ਕੇ ਬੈੱਡ 'ਤੇ ਡਿੱਗ ਪਿਆ। ਆਂਟੀ ਘਬਰਾਈ ਨਹੀਂ ਉਹਨੇ ਕਿਹਾ ਪੁੱਤ ਤੂੰ ਆਪਣੇ ਬੈੱਡਰੂਮ 'ਚ ਜਾ ਕੇ ਸੌਂ ਅਗਰ ਨਹੀਂ ਤੁਰ ਹੁੰਦਾ ਤਾਂ ਮੈਂ ਬਾਹਰ ਸੌਂ ਜਾਂਦੀ ਹਾਂ। ਉਹ ਕਹਿੰਦਾ ਆਂਟੀ ਅੱਜ ਇਕ ਤੇਰੇ ਨਾਲ ਗੱਲ ਕਰਨੀ ਆ। ਆਂਟੀ ਨੂੰ ਸਭ ਪਤਾ ਸੀ ਕਿ ਇਹ ਨਸ਼ੇ ਦੀ ਲੋਰ 'ਚ ਹੈ। ਐਵੇਂ ਜੱਕੜੀਆਂ ਵੱਢੂਗਾ। ਉਹ ਕਹਿੰਦੀ ਸਵੇਰੇ ਕਰਾਂਗੇ। ਤੂੰ ਹੁਣ ਸੌਂ ਜਾ।

ਕਹਿੰਦਾ ਆਂਟੀ ਰਾਤ ਵਾਲੀ ਗੱਲ ਸਵੇਰੇ ਨਹੀਂ ਹੋ ਸਕਦੀ। ਆਂਟੀ ਦੇ ਕੰਨੀਂ ਖੜਕ ਗਈ ਕਿ ਹੁਣ ਵਹਿਸ਼ੀ ਬਿਰਤੀ 'ਚ ਆ ਗਿਆ ਪਰ ਆਂਟੀ ਬੜੇ ਹੌਸਲੇ ਤੋਂ ਕੰਮ ਲੈਂਦੀ ਹੋਈ ਨੇ ਉਹਦੇ ਨਾਲ ਗੱਲ ਕਰਨੀ ਸ਼ੁਰੂ ਕੀਤੀ। ਕਹਿੰਦੀ ਦੱਸ ਪੁੱਤ ਤੂੰ ਕਿਹੜੀ ਗੱਲ ਕਰਨੀ ਆ। ਕਹਿੰਦਾ ਆਂਟੀ ਜ਼ਰਾ ਕੋਲ ਨੂੰ ਹੋ ਜਾ। ਆਂਟੀ ਕੋਲ ਹੋ ਗਈ ਅਤੇ ਆਂਟੀ ਜ਼ਰਾ ਜਿੰਨਾ ਵੀ ਨਹੀਂ ਘਬਰਾਈ। ਕਹਿੰਦਾ ਆਂਟੀ ਤੂੰ ਦੇਖਣ ਨੂੰ ਐਨੀ ਵੱਡੀ ਨਹੀਂ ਲੱਗਦੀ, ਤੂੰ ਤਾਂ ਅਜੇ ਵੀ ਅੱਲ੍ਹੜ ਕੁੜੀਆਂ ਨੂੰ ਮਾਤ ਪਾਉਂਦੀ ਆਂ। ਆਂਟੀ ਉਹਦਾ ਹੁੰਗਾਰਾ ਹਾਂ-ਹਾਂ ਕਰਕੇ ਦਿੰਦੀ ਰਹੀ। ਨਸ਼ੇ ਦੀ ਲੋਰ ਉਹਨੇ ਕਿਹਾ ਆਂਟੀ ਤੂੰ ਪਰ੍ਹੇ-ਪਰ੍ਹੇ ਕਿਉਂ ਹੁੰਦੀ ਏਂ ਜ਼ਰਾ ਲਾਗੇ ਆ, ਮੈਂ ਕੋਈ ਮੂੰਹ 'ਚ ਤਾਂ ਨਹੀਂ ਪਾ ਲੈਣਾ। ਸਾਰਾ ਕੰਮ ਸਲਾਹ ਨਾਲ ਹੀ ਹੋਵੇਗਾ। ਐਨੀ ਗੱਲ ਸੁਣਨ ਦੀ ਦੇਰ ਸੀ ਆਂਟੀ ਦਾ ਸਬਰ ਟੁੱਟ ਗਿਆ। ਆਂਟੀ ਅੱਗ ਬਬੂਲਾ ਹੋ ਕੇ ਬੋਲੀ ਹਰਾਮਦਿਆ, ਕੁੱਤਿਆ ਤੈਨੂੰ ਮੈਂ ਆਪਣਾ ਪੁੱਤਰ ਸਮਝ ਕੇ ਕੋਲ ਰੱਖਿਆ ਸੀ ਤੇ ਤੂੰ ਮੈਨੂੰ ਇਹ ਇਨਾਮ ਦੇ ਰਿਹਾਂ ਏਂ। ਕਹਿੰਦਾ ਆਂਟੀ ਐਵੇਂ ਡਰਾਮੇ ਨਾ ਕਰ, ਸਿੱਧੀ ਗੱਲ ਕਰ। ਕਹਿੰਦੀ ਮੈਨੂੰ ਇਹ ਦੱਸ ਕਿ ਅਗਰ ਐਨੇ ਸ਼ਰਾਬੀ ਕੋਲ ਜੇ ਤੇਰੀ ਮਾਂ ਹੁੰਦੀ ਤੂੰ ਫੇਰ ਵੀ ਇੰਜ ਕਰਦਾ ਜੋ ਮੇਰੇ ਨਾਲ ਕਰਨਾ ਸੋਚਦਾ ਏਂ। ਐਨੀ ਗੱਲ ਸੁਣਨ ਦੀ ਦੇਰ ਸੀ ਕਿ ਨੌਜਵਾਨ ਪਾਣੀ-ਪਾਣੀ ਹੋ ਗਿਆ, ਸਾਰੀ ਪੀਤੀ ਪਲਾਂ 'ਚ ਲਹਿ ਗਈ ਅਤੇ ਸਾਰੀ ਰਾਤ ਮਾਫੀਆਂ ਮੰਗੇ ਕਿ ਆਂਟੀ ਇਹ ਗੱਲ ਬੱਸ ਐਥੇ ਹੀ ਖਤਮ ਕਰ ਦੇ ਕਿਤੇ ਬਾਹਰ ਨਾ ਨਿਕਲੇ।

○○

36

ਵਿਦੇਸ਼ਾਂ ਦੀ ਦੂਜੀ ਪੀੜ੍ਹੀ ਪੰਜਾਬੀ ਜ਼ੁਬਾਨ ਬਿਲਕੁਲ ਭੁੱਲ ਜਾਵੇਗੀ

ਬੜੇ ਹੀ ਭਰੇ ਹੋਏ ਮਨ ਨਾਲ ਇਹ ਲਿਖਣਾ ਪੈ ਰਿਹਾ ਹੈ ਕਿ ਜਿਸ ਤਰ੍ਹਾਂ ਦਾ ਅੱਜ ਵਿਦੇਸ਼ੀ ਬੱਚਿਆਂ ਦਾ ਰੁਝਾਨ ਚੱਲ ਰਿਹਾ ਹੈ, ਉਸ ਨੂੰ ਦੇਖ ਕੇ ਲੱਗਦਾ ਹੈ ਕਿ ਵਿਦੇਸ਼ਾਂ ਵਿਚ ਦੂਜੀ ਪੀੜ੍ਹੀ ਦੇ ਬੱਚੇ ਪੰਜਾਬੀ ਭਾਸ਼ਾ ਨੂੰ ਓਪਰੀ ਭਾਸ਼ਾ ਵਜੋਂ ਜਾਨਣਗੇ। ਪੂਰੀ ਦੁਨੀਆ 'ਚ ਚੌਦ੍ਹਵਾਂ ਸਥਾਨ ਪ੍ਰਾਪਤ ਕਰਨ ਵਾਲੀ ਮਿੱਠੀ ਜ਼ੁਬਾਨ ਨੂੰ ਉਹਦੇ ਆਪਣੇ ਹੀ ਉਸ ਨੂੰ ਗੈਰ ਕਹਿਣਗੇ। ਇੰਗਲੈਂਡ ਵਾਲੇ ਇਹ ਸੰਤਾਪ ਹੰਢਾ ਰਹੇ ਹਨ ਕਿਉਂਕਿ ਇੰਗਲੈਂਡ 'ਚ ਤੀਜੀ ਪੀੜ੍ਹੀ ਚਲ ਰਹੀ ਹੈ। ਇਸ ਪ੍ਰਤੀ ਸਾਨੂੰ ਸੁਚੇਤ ਹੀ ਨਹੀਂ ਸਗੋਂ ਸੁਚਾਰੂ ਕਦਮ ਚੁੱਕਣਗੇ ਪੈਣਗੇ।

ਜਦੋਂ-ਜਦੋਂ ਵੀ ਅਸੀਂ ਨਵਾਂ ਸਾਲ ਮਨਾਉਂਦੇ ਹਾਂ। ਉਦੋਂ ਉਦੋਂ ਹੀ ਆਪਣੀਆਂ ਖੁਸ਼ੀਆਂ ਨੂੰ ਮਨੋਂ ਵਿਸਾਰ ਕੇ ਭਵਿੱਖ ਬਾਰੇ ਚਿਤੰਤ ਹੋ ਜਾਂਦੇ ਹਾਂ। ਵਿਦੇਸ਼ਾਂ 'ਚ

ਪੰਜਾਬੀਆਂ ਨੇ ਕਾਫੀ ਤਰੱਕੀਆਂ ਕੀਤੀਆਂ ਹਨ। ਖੂਬ ਬਿਜ਼ਨੈੱਸ ਚਲਾਏ ਹਨ। ਘਰ, ਕਾਰਾਂ, ਐਸ਼ੋ-ਅਰਾਮ ਦਾ ਸਾਰਾ ਪ੍ਰਬੰਧ ਹੈ। ਪਰ ਇਸ ਦੇ ਉਲਟ ਸਾਡੇ ਕੋਲੋਂ ਸਾਡੇ ਆਪਣੇ ਹੀ ਪਰਾਏ ਹੋ ਰਹੇ ਹਨ। ਕੀ ਸਾਡਾ ਵਿਦੇਸ਼ਾਂ 'ਚ ਆ ਕੇ ਪੈਸਾ ਬਣਾਉਣਾ ਹੀ ਮੰਤਵ ਸੀ? ਕੀ ਵਿਰਸਾ ਸੰਭਾਲਣਾ ਸਾਡਾ ਮੁੱਢਲਾ ਫਰਜ਼ ਨਹੀਂ? ਭਵਿੱਖ 'ਚ ਪੰਜਾਬੀਆਂ ਦੀ ਪਛਾਣ ਕਿਸ ਤਰ੍ਹਾਂ ਹੋਵੇਗੀ? ਇਹੋ ਜਿਹੇ ਬਹੁਤ ਸਾਰੇ ਸਵਾਲ ਹਨ ਜਿਹੜੇ ਕਿ ਹਰ ਸਮਝਦਾਰ ਪ੍ਰਦੇਸੀ ਆਪਣੇ ਨਾਲ ਚੁੱਕੀ ਫਿਰਦਾ ਹੈ। ਇਥੋਂ ਤੱਕ ਕਿ ਪੰਜਾਬੀ ਘਰਾਂ 'ਚ ਵੀ ਅੰਗਰੇਜ਼ੀ ਬੋਲਣਾ ਆਪਣਾ ਮਾਣ ਸਮਝਦੇ ਹਨ। ਸਾਡਾ ਕਿਸੇ ਭਾਸ਼ਾ ਪ੍ਰਤੀ ਵਿਵਾਦ ਦਾ ਵਿਤਕਰਾ ਨਹੀਂ ਹੈ। ਸਾਡਾ ਫਰਜ਼ ਹੈ ਕਿ ਆਪਣਾ ਵਿਰਸਾ, ਆਪਣੀ ਮਾਂ ਬੋਲੀ ਨਹੀਂ ਭੁੱਲਣੀ ਚਾਹੀਦੀ।

ਪੰਜਾਬੀਆਂ ਨੂੰ ਚਾਹੀਦਾ ਹੈ ਕਿ ਜਿਸ ਤਰ੍ਹਾਂ ਅਸੀਂ ਵਿਦੇਸ਼ਾਂ 'ਚ ਵੱਡੇ-ਵੱਡੇ ਗੁਰੂਘਰ ਉਸਾਰੇ ਹਨ ਇਸੇ ਤਰ੍ਹਾਂ ਹੀ ਸਾਨੂੰ ਘੱਟੋ-ਘੱਟ ਹਰ ਸਟੇਟ 'ਚ ਇਕ ਪੰਜਾਬੀ ਸਕੂਲ ਵੀ ਖੋਲ੍ਹਣਾ ਚਾਹੀਦਾ ਹੈ। ਬੇਸ਼ੱਕ ਕੁਝ ਗੁਰੂਘਰਾਂ 'ਚ ਪੰਜਾਬੀ ਪੜ੍ਹਾਉਣ ਦਾ ਉਪਰਾਲਾ ਕੀਤਾ ਵੀ ਜਾ ਰਿਹਾ ਹੈ ਪਰ ਦੇਖਣ 'ਚ ਆਇਆ ਕਿ ਉਥੇ ਬੱਚੇ ਜਾਂ ਤਾਂ ਬਿਲਕੁਲ ਛੋਟੇ ਹਨ ਜਿਹੜੇ ਅਜੇ ਐਨਾ ਨਹੀਂ ਸਮਝ ਸਕਦੇ ਜਾਂ ਫਿਰ ਬਹੁਤ ਵੱਡੇ ਹਨ, ਜਿਹੜੇ ਸਕੂਲ ਨੂੰ ਟਾਈਮ ਪਾਸ ਕਰਨਾ ਸਮਝਦੇ ਹਨ। ਕੁਝ ਪੜਤਾਲ ਕਰਨ 'ਤੇ ਪਤਾ ਚੱਲਿਆ ਹੈ ਕਿ ਇਥੇ ਮਾਂ ਬਾਪ ਪਹਿਲਾਂ ਪਹਿਲ ਤਾਂ ਬਹੁਤ ਦਿਲਚਸਪੀ ਲੈਂਦੇ ਹਨ ਅਤੇ ਥੋੜ੍ਹੇ ਚਿਰ ਬਾਅਦ ਉਹ ਬੱਚੇ ਨੂੰ ਰੋਜ਼ਾਨਾ ਗੁਰੂ ਘਰ ਲਿਜਾਣਾ ਬੋਝ ਸਮਝ ਕੇ ਹਟ ਜਾਂਦੇ ਹਨ। ਬਾਕੀ ਇਨ੍ਹਾਂ ਗੁਰੂ ਘਰਾਂ 'ਚ ਪੜ੍ਹਾਉਣ ਵਾਲੇ ਟੀਚਰ ਵੀ ਕੋਈ ਪੇਸ਼ੇਵਰ ਨਹੀਂ ਹੁੰਦੇ ਬਹੁਤੇ ਥਾਈਂ ਤਾਂ ਵਿਚਾਰੇ ਭਾਈ ਜੀ ਨੂੰ ਹੀ ਪੰਜਾਬੀ ਪੜ੍ਹਾਉਣ ਦਾ ਔਖੇ ਸੌਖੇ ਯਤਨ ਕਰਨਾ ਪੈਂਦਾ ਹੈ।

ਇੰਡੀਆ ਤੋਂ ਕਈ ਵੱਡੇ-ਵੱਡੇ ਧਾਰਮਿਕ ਆਗੂ ਆਉਂਦੇ ਹਨ। ਪਰ ਉਹ ਵੀ ਬੱਸ ਆਪਣਾ ਸੈਰ-ਸਪਾਟਾ ਕਰਕੇ ਵਾਪਸ ਚਲੇ ਜਾਂਦੇ ਹਨ। ਸਿਆਸੀ ਲੀਡਰ ਵੀ ਆਪਣੇ ਸੈੱਲ ਕਾਇਮ ਕਰਕੇ ਡੰਡੀ ਪੈਂਦੇ ਹਨ। ਕਿਸੇ ਨੂੰ ਕੀ ਉਹ ਆਪਣਾ ਫੰਡ ਇਕੱਠਾ ਕਰਦੇ ਹਨ ਅਤੇ ਉਡਾਰੀ ਮਾਰ ਜਾਂਦੇ ਹਨ। ਪਿਛਲੇ ਦਸਾਂ ਸਾਲਾਂ 'ਚ ਤਾਂ ਧਾਰਮਿਕ ਆਗੂਆਂ ਅਤੇ ਸਿਆਸੀ ਲੀਡਰਾਂ ਦਾ ਮੁੱਖ ਨਿਸ਼ਾਨਾ ਕੈਨੇਡਾ ਅਤੇ ਅਮਰੀਕਾ ਹੀ ਰਿਹਾ ਹੈ। ਬੜੀ ਸ਼ਰਮ ਦੀ ਗੱਲ ਹੈ ਕਿ ਫਰਾਂਸ ਵਿਚ ਪੱਗ ਦਾ ਮਸਲਾ ਵੀ ਸਾਡੇ ਪੰਜਾਬੀਆਂ ਤੋਂ ਹੱਲ ਨਹੀਂ ਹੋ ਸਕਿਆ। ਉਸ 'ਚ ਵੀ ਸਭ ਤੋਂ ਪਹਿਲਾਂ ਵਿਦੇਸ਼ੀ ਜਥੇਬੰਦੀਆਂ ਨੇ ਸਰਗਰਮੀ ਦਿਖਾਈ ਸੀ ਪਰ ਉਹ ਅਜੇ ਵੀ ਉਵੇਂ ਦਾ ਉਵੇਂ ਲਟਕ ਰਿਹਾ ਹੈ। ਅਗਰ ਇਕ ਉੱਪਰੀ ਜਿਹੀ ਨਜ਼ਰ ਜ਼ਰਾ ਵਿਦੇਸ਼ਈਆਂ ਦੀ ਜ਼ਿੰਦਗੀ 'ਤੇ ਮਾਰੀਏ ਤਾਂ ਇਹੀ ਦਿਖਾਈ ਦਿੰਦਾ ਹੈ ਕਿ ਜਿਸ ਤਰ੍ਹਾਂ ਗਿਆਨਾ, ਸੁਰੇਨਾਗ ਵਗੈਰਾ 'ਚ ਬੰਦੀ ਬਣਾ ਕੇ ਲਿਆਂਦੇ ਇੰਡੀਅਨ ਦੁਬਾਰਾ ਇੰਡੀਆ ਨਹੀਂ ਜਾ ਸਕੇ ਤੇ ਉਨ੍ਹਾਂ

ਨੇ ਆਪਣੇ ਵਸੇਬਾ ਉਨ੍ਹਾਂ ਥਾਵਾਂ ਨੂੰ ਹੀ ਬਣਾ ਲਿਆ ਅਤੇ ਅੱਜ ਜਦੋਂ ਉਹ ਲੋਕ ਵੀ ਸਾਡੇ ਵਾਂਗ ਦੂਸਰਿਆਂ ਦੇਸ਼ਾਂ 'ਚ ਜਾਂਦੇ ਹਨ ਤਾਂ ਭਾਰਤੀਆਂ ਨੂੰ ਮਿਲ ਕੇ ਬਹੁਤ ਖੁਸ਼ ਹੁੰਦੇ ਹਨ। ਉਹ ਹਿੰਦੀ ਫ਼ਿਲਮਾਂ ਦੇਖਦੇ ਹਨ। ਗਾਣੇ ਸੁਣਦੇ ਹਨ ਪਰ ਸਮਝ ਬਹੁਤ ਘੱਟ ਨੂੰ ਆਉਂਦੀ ਹੈ। ਬਿਲਕੁਲ ਇਸੇ ਤਰ੍ਹਾਂ ਹੀ ਸਾਡਾ ਹਾਲ ਹੋਵੇਗਾ ਸਾਡੇ ਬੱਚੇ ਇਹ ਤਾਂ ਸਮਝਣਗੇ ਕਿ ਗੀਤ ਪੰਜਾਬੀ ਹੈ। ਕੀ ਬੋਲ ਰਿਹਾ ਹੈ ਇਹ ਨਹੀਂ ਸਮਝ ਆਵੇਗੀ। ਬੱਸ ਡਾਂਸ ਹੀ ਕਰਨਗੇ ਅਤੇ ਨਵੇਂ-ਨਵੇਂ ਭਾਰਤ ਤੋਂ ਆਏ ਕਿਸੇ ਵਿਅਕਤੀ ਨੂੰ ਮਿਲ ਕੇ ਕਿਹਾ ਕਰਨਗੇ ਕਿ ਸਾਡੇ ਦਾਦਾ-ਦਾਦੀ ਜਾਂ ਪੜਦਾਦਾ ਵੀ ਭਾਰਤੀ ਸਨ। ਭਾਰਤ ਕਿੱਦਾਂ ਦਾ ਹੈ ਮੈਨੂੰ ਪਤਾ ਨਹੀਂ।

ਮਾਂ ਬੋਲੀ ਪੰਜਾਬੀ ਦੇ ਦੁਖਾਂਤ ਨੂੰ ਲੈ ਕੇ ਪਹਿਲਾਂ ਵੀ ਮੈਂ ਕਾਫੀ ਇਸੇ ਕਾਲਮ 'ਚ ਲਿਖ ਚੁੱਕਿਆ ਹਾਂ। ਅਜੇ ਤੱਕ ਤਾਂ ਕੋਈ ਐਸੀ ਭਿਣਕ ਨਹੀਂ ਪਈ ਕਿ ਕੋਈ ਪੰਜਾਬੀ ਜ਼ੁਬਾਨ ਪ੍ਰਤੀ ਗੰਭੀਰਤਾ ਭਰਿਆ ਕਦਮ ਪੁੱਟਿਆ ਗਿਆ ਹੋਵੇ। ਹਾਂ ਆਏ ਦਿਨ ਅਸੀਂ ਲੱਖਾਂ ਡਾਲਰ ਹੋਰਨਾਂ ਕਾਰਜਾਂ 'ਚ ਵਧੇਰੇ ਅੰਨ੍ਹੇਵਾਹ ਖਰਚ ਕਰ ਰਹੇ ਹਾਂ ਜਿਸ ਦੇ ਫਲਸਰੂਪ ਫਾਇਦਾ ਉਨ੍ਹਾਂ ਦਾ ਵੀ ਨਹੀਂ ਹੁੰਦਾ ਜਿਸ ਲਈ ਖਰਚੇ ਗਏ ਹੁੰਦੇ ਹਨ। ਬੱਸ ਅਸੀਂ ਦਿਨੋ-ਦਿਨ ਆਪਣੀ-ਆਪਣੀ ਹਊਮੈ ਪਾਲ ਰਹੇ ਹਾਂ। ਜਿਥੇ ਭਲੇ ਦਾ ਸਵਾਲ ਆਉਂਦੈ ਉਥੇ ਅਸੀਂ ਝੇਪ ਜਿਹੀ ਵੱਟ ਕੇ ਲੰਘ ਜਾਂਦੇ ਹਾਂ। ਹਰ ਇਨਸਾਨ ਆਪਣੀ ਬੱਲੇ-ਬੱਲੇ ਨੂੰ ਪਿਆ ਹੋਇਆ। ਚਾਹੇ ਉਹ ਧਾਰਮਿਕ ਆਗੂ ਹੋਵੇ, ਸਿਆਸੀ ਹੋਵੇ ਤੇ ਜਾਂ ਫਿਰ ਆਪ ਕਿਸੇ ਪਹੁੰਚ ਵਾਲਾ। ਅਸੀਂ ਆਪਣੀਆਂ ਜੜ੍ਹਾਂ ਆਪਣੇ ਹੱਥੀਂ ਵੱਢ ਰਹੇ ਹਾਂ, ਜਿਸ ਦਿਨ ਰੁੱਖ ਡਿੱਗ ਪਿਆ ਫਿਰ ਲੱਖਾਂ ਯਤਨਾਂ ਦੇ ਬਾਵਜੂਦ ਵੀ ਦੁਬਾਰਾ ਹਰਾ ਨਹੀਂ ਹੋਣਾ।

ਆਓ ਆਪਾਂ ਇਸ ਨਵੇਂ ਸਾਲ ਦੀ ਸ਼ੁਰੂਆਤ ਨਵੇਂ ਸਿਰਿਉਂ ਪਹਿਲਾਂ ਆਪਾਂ ਆਪਣੇ ਘਰ ਤੋਂ ਕਰੀਏ। ਪੰਜਾਬ ਅਤੇ ਵਿਦੇਸ਼ਾਂ 'ਚ ਵੱਸਦੇ ਹਰ ਪੰਜਾਬੀ ਨੂੰ ਮੇਰੀ ਬੇਨਤੀ ਹੈ ਕਿ ਆਪਾਂ ਪਹਿਲਾਂ ਪੰਜਾਬੀ ਨੂੰ ਆਪਣੇ ਘਰ 'ਚ ਮਾਣ ਬਖਸ਼ੀਏ, ਫਿਰ ਹੌਲੀ-ਹੌਲੀ ਪਸਾਰ ਹੋਵੇਗਾ। ਵੱਡੀ ਬਿਮਾਰੀ ਦਾ ਇਲਾਜ ਵੀ ਹੌਲੀ-ਗੌਲੀ ਕਰਕੇ ਅਰਾਮ ਮਿਲੇਗਾ। ਅਸੀਂ ਆਪਣੇ ਬੱਚਿਆਂ ਨੂੰ ਘਰਾਂ 'ਚ ਪੰਜਾਬੀ ਬੋਲ ਕੇ ਬੁਲਾਈਏ, ਪੰਜਾਬੀ ਬਾਰੇ ਦੱਸੀਏ। ਜੇ ਹਰ ਪਰਿਵਾਰ ਹੀ ਇਸ ਤਰ੍ਹਾਂ ਕਰੇ ਤਾਂ ਮੇਰੇ ਖਿਆਲ ਮੁਤਾਬਿਕ ਮਸਲਾ ਕਾਫੀ ਹੱਲ ਹੋ ਜਾਵੇਗਾ। ਇਹ ਨਾ ਭੁੱਲੋ ਕਿ ਇਸ 'ਚ ਗ਼ਲਤੀ ਸਾਡੀ ਹੀ ਹੈ ਬੱਚਿਆਂ ਦੀ ਨਹੀਂ।

'ਸੰਗੀਤ ਦਰਪਣ' ਦੇ ਪਾਠਕਾਂ ਨੂੰ ਅਤੇ ਪੰਜਾਬੀ ਬੋਲੀ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਅਤੇ ਸਮੂਹ ਸਟਾਫ ਨੂੰ ਮੇਰੇ ਵੱਲੋਂ ਨਵੇਂ ਸਾਲ 2005 ਦੀਆਂ ਲੱਖ-ਲੱਖ ਵਧਾਈਆਂ। ਪ੍ਰਮਾਤਮਾ ਸਭ ਨੂੰ ਤੰਦਰੁਸਤੀ ਬਖਸ਼ੇ।

○○

37

ਡਾਰਲਿੰਗ ਮੇਰੀਆਂ ਫਰੈਂਡਜ਼ ਨੇ ਘਰ ਆਉਣਾ, ਦੋ ਤਿੰਨ ਬੋਤਲਾਂ ਸ਼ਰਾਬ ਲੈ ਆਉਣਾ...

ਜਦੋਂ ਵੀ ਵਿਦੇਸ਼ੀਆਂ 'ਚ ਮੱਲਾਂ ਮਾਰਨ ਦੀ ਗੱਲ ਚੱਲਦੀ ਹੈ ਤਾਂ ਸਭ ਤੋਂ ਪਹਿਲਾਂ ਬਲੈਤ ਦਾ ਨਾਂਅ ਆਉਂਦਾ ਹੈ ਕਿਉਂਕਿ ਹਰ ਚੀਜ਼ ਦੀ ਸ਼ੁਰੂਆਤ ਵਲੈਤੀ ਪੰਜਾਬੀਆਂ ਨੇ ਸ਼ੁਰੂ ਕੀਤੀ। ਬੇਸ਼ੱਕ ਕੈਨੇਡਾ ਤੇ ਅਮਰੀਕਾ 'ਚ ਪੰਜਾਬੀ ਵਲੈਤ ਤੋਂ ਵੀ ਪਹਿਲਾਂ ਪਹੁੰਚ ਗਏ ਸਨ ਪਰ ਫਿਰ ਵੀ ਬਹੁਤਾਤ ਪੰਜਾਬੀਆਂ ਦੀ ਪਹਿਲਾਂ ਵਲੈਤ 'ਚ ਆਈ। ਵਲੈਤੀਆਂ ਨੇ ਘਰਾਂ ਦੇ ਘਰ ਪਿੰਡਾਂ ਦੇ ਪਿੰਡ ਵਲੈਤ 'ਚ ਢੋਅ ਲਏ ਅਤੇ ਆਪਣਾ ਵਲੈਤ ਦੀ ਧਰਤੀ 'ਤੇ ਵਲੈਤੀ ਪੰਜਾਬ ਵਸਾ ਕੇ ਬੈਠ ਗਏ। ਪਰ ਵਲੈਤੀ ਪੰਜਾਬ ਅਤੇ ਭਾਰਤੀ ਪੰਜਾਬ 'ਚ ਲੱਖਾਂ ਕੋਹਾਂ ਦਾ ਫ਼ਰਕ ਹੈ। ਬੇਸ਼ੱਕ ਅਸੀਂ ਉਹੀ ਪੰਜਾਬੀ ਹਾਂ ਪਰ ਫਿਰ ਵੀ ਸਾਡਾ ਵਿਦੇਸ਼ੀ ਪੌਂਡਾਂ ਤੇ ਡਾਲਰਾਂ ਨੇ ਸੁਭਾਅ ਬਦਲ ਦਿੱਤਾ। ਅਸੀਂ ਬਹੁਤ ਕੁਝ ਬਰਦਾਸ਼ਤ ਕਰਨ ਦੇ ਆਦੀ ਹੋ ਗਏ ਹਾਂ ਜਾਂ ਇਹ ਕਹਿ

ਲਈਏ ਕਿ ਅਸੀਂ ਕਰ ਕੁਝ ਨਹੀਂ ਸਕਦੇ। ਪੰਜਾਬੀ ਜ਼ਬਾਨ ਬੋਲਣੀ ਭੁੱਲੇ ਤਾਂ ਸਭ ਤੋਂ ਪਹਿਲਾਂ ਵੈਲਤੀ ਪੰਜਾਬੀ ਬੱਚੇ! ਲਵ ਮੈਰਿਜਾਂ ਦਾ ਹੜ੍ਹ ਵੀ ਵਲੈਤ ਤੋਂ ਸ਼ੁਰੂ ਹੋਇਆ। ਗੋਰਿਆਂ ਵਾਂਗ ਵਿਆਹ ਤੋਂ ਪਹਿਲਾਂ ਬੱਚੇ ਪੈਦਾ ਕਰਨੇ ਵਲੈਤ ਤੋਂ ਸ਼ੁਰੂ ਹੋਏ! ਅਸੀਂ ਇਹ ਕੋਈ ਵਲੈਤੀ ਪੰਜਾਬੀਆਂ ਨੂੰ ਉਲਾਂਭਾਂ ਨਹੀਂ ਦੇ ਰਹੇ ਇਹ ਤਾਂ ਸਗੋਂ ਅਸੀਂ ਉਹ ਸੱਚ ਆਪਣੇ ਅੱਖੀਂ ਵੇਖ ਰਹੇ ਹਾਂ ਜਿਸ ਨੇ ਸਾਨੂੰ ਵੀ ਇਕ ਦਿਨ ਆ ਦਬੋਚਣਾ ਹੈ ਪਰ ਆਪਣੇ ਤੋਂ ਪਹਿਲਾਂ ਸਾਨੂੰ ਥੋੜ੍ਹਾ ਬਹੁਤ ਵਲੈਤੀਆਂ ਵੱਲ ਦੇਖ ਕੇ ਬਚਾ ਕਰਨ ਦਾ ਮੌਕਾ ਮਿਲ ਜਾਵੇਗਾ ਪਰ ਕਿੰਨਾ ਕੁ ਚਿਰ ਬੱਕਰੇ ਦੀ ਮਾਂ ਸੁੱਖਾਂ ਮਨਾਏਗੀ। ਮੈਂ ਪਿਛਲੀਆਂ ਆਪਣੀਆਂ ਇੰਗਲੈਂਡ ਫੇਰੀਆਂ ਦੌਰਾਨ ਜੋ ਕੁਝ ਆਪਣੇ ਅੱਖੀਂ ਵੇਖਿਆ ਉਹ ਸਾਡੇ ਲਈ ਭਾਵ ਨਾਰਥ ਅਮਰੀਕਾ ਵਾਲਿਆਂ ਲਈ ਅਜੇ ਨਵਾਂ ਹੈ। ਹੋ ਸਕਦਾ ਕਿਧਰੇ ਹੋਵੇ ਵੀ ਜੋ ਸਾਡੀਆਂ ਨਜ਼ਰਾਂ ਤੋਂ ਦੂਰ ਹੋਵੇ ਜਾਂ ਉਹਲੇ ਪਰ ਅੱਜ ਤੱਕ ਠੀਕ-ਠੀਕ ਹੀ ਸੀ। ਹੁਣ ਸਾਡੇ ਲਈ ਵੀ ਕੋਈ ਹੈਰਾਨੀ ਵਾਲੀ ਗੱਲ ਨਹੀਂ। ਤਕਰੀਬਨ ਸਭ ਕੁਝ ਹੀ ਹੋ ਰਿਹਾ ਹੈ। ਹਾਂ ਇਹ ਜ਼ਰੂਰ ਕਿਤੇ ਜ਼ਿਆਦਾ ਹੈ ਅਤੇ ਕਿਤੇ ਥੋੜ੍ਹਾ ਘੱਟ ਹੈ। ਇੰਗਲੈਂਡ 'ਚ ਦੋ ਤਿੰਨ ਵਿਆਹ ਦੇਖੇ ਜੋ ਆਪਣੀ ਹੀ ਰਿਸ਼ਤੇਦਾਰੀ 'ਚ ਸਨ। ਤਿਆਰ ਹੋ ਕੇ ਵਿਆਹ ਵਾਲੇ ਹਾਲ 'ਚ ਗਏ। ਸਾਰਾ ਉਥੋਂ ਦਾ ਹਿਸਾਬ-ਕਿਤਾਬ ਦੇਖਿਆ, ਕਾਫੀ ਕੁਝ ਸਾਡੇ ਨਾਲ ਮਿਲਦਾ ਜੁਲਦਾ ਸੀ। ਬਾਰ ਵਾਲੇ ਪਾਸੇ ਗਿਆ, ਤਾਂ ਕੀ ਵੇਖਿਆ ਹਾਲ ਦੀ ਕੰਧ ਨਾਲ 7-8 ਡਾਲੇ ਲਿਮਕਾ ਸੋਡਾ ਦੀ ਬੋਤਲ ਵਰਗੀਆਂ ਬੋਤਲਾਂ ਪਈਆਂ। ਮੈਂ ਪੁੱਛਿਆ ਇਹ ਕੀ, ਮੇਰੇ ਮਾਮੇ ਦਾ ਮੁੰਡਾ ਕਹਿੰਦਾ ਭਾ ਜੀ ਇਹ ਬੁੜ੍ਹੀਆਂ ਦੀ ਸ਼ਰਾਬ ਹੈ। ਮੇਰੇ ਮੂੰਹੋਂ ਸਹਿਜ-ਸੁਭਾਅ ਹੀ ਹੈਂਅ ਨਿਕਲ ਗਿਆ। ਜਿਵੇਂ ਮੈਂ ਤਾਜ਼ਾ-ਤਾਜ਼ਾ ਇੰਡੀਆ ਤੋਂ ਆ ਕੇ ਇਹ ਦ੍ਰਿਸ਼ ਦੇਖ ਰਿਹਾ ਹੋਵਾਂ। ਬਈ ਕਮਾਲ ਹੈ! ਆ ਹੋਈ ਗੱਲ! ਇਹਨੂੰ ਕਹਿੰਦੇ ਆ ਵਲੈਤ। ਮੈਂ ਫ਼ਖਰ 'ਚ ਇਹ ਗੱਲਾਂ ਕਰ ਰਿਹਾ ਸੀ ਜਿਵੇਂ ਵਧੀਆ ਸੀ ਇਹ ਸਭ ਕੁਝ!

ਓਹ ਭਾਜੀ ਅਮਰੀਕਾ 'ਚ ਨਹੀਂ ਬੁੜ੍ਹੀਆਂ ਪੀਂਦੀਆਂ? ਮੇਰਾ ਭਰਾ ਮੈਨੂੰ ਕਹਿਣ ਲੱਗਾ! ਮੈਂ ਕਿਹਾ ਨਹੀਂ। ਮੈਂ ਮਾਣ ਨਾਲ ਜਵਾਬ ਦਿੱਤਾ। ਉਹ ਬੋਲਿਆ ਅਜੇ ਨਵੇਂ-ਨਵੇਂ ਜਿਉਂ ਹਨ, ਅਮਰੀਕਨ। ਹੌਲੀ-ਹੌਲੀ ਲੱਗ ਪੈਣਗੇ। ਮੈਂ ਕਿਹਾ ਅਮਰੀਕਨ ਔਰਤਾਂ ਨੇ ਅਜੇ ਪੰਜਾਬ ਦਾ ਕਾਫੀ ਕੁਝ ਸੰਭਾਲ ਕੇ ਰੱਖਿਆ ਹੋਇਆ ਹੈ। ਮੈਂ ਥੋੜ੍ਹਾ ਜ਼ਿਆਦਾ ਹੀ ਕਹਿ ਗਿਆ ਸੀ। ਮੈਂ ਆਪਣੀ ਘਰਵਾਲੀ ਨੂੰ ਇਸ਼ਾਰਾ ਕਰਕੇ ਆਪਣੇ ਕੋਲ ਬੁਲਾਇਆ, ਉਹ ਮੇਰੀਆਂ ਮਾਮੀਆਂ ਅਤੇ ਭਾਬੀਆਂ ਕੋਲੋਂ ਉੱਠ ਕੇ ਮੇਰੇ ਕੋਲ ਆ ਕੇ ਕਹਿਣ ਲੱਗੀ ਹਾਂ ਜੀ ਦੱਸੋ, ਕੀ ਕਹਿਣਾ! ਮੈਂ ਕਿਹਾ ਕਹਿਣਾ ਨਹੀਂ ਕੁਝ ਦਿਖਾਣਾ ਤੈਨੂੰ। ਮੈਂ ਬੋਤਲਾਂ ਵੱਲ ਇਸ਼ਾਰਾ ਕਰਕੇ ਕਿਹਾ ਪਤਾ ਇਹ ਕੀ ਹੈ। ਕਹਿੰਦੀ ਕੀ ਹੈ? ਮੈਂ ਕਿਹਾ ਇਹ ਸ਼ਰਾਬ ਸਪੈਸ਼ਲ ਬੁੜ੍ਹੀਆਂ ਲਈ ਭਾਵ ਔਰਤਾਂ ਲਈ ਮੰਗਵਾਈ ਗਈ ਹੈ। ਉਹ ਹੈਰਾਨ ਹੋ ਕੇ ਕਹਿਣ ਲੱਗੀ 'ਅੱਛਾ!' ਮੈਂ ਟਿੱਚਰ ਨਾਲ ਕਿਹਾ ਤੂੰ ਵੀ

ਲਾ ਲਈਂ ਅੱਜ ਘੁੱਟ! ਕਹਿੰਦੀ ਕੁਝ ਸ਼ਰਮ ਕਰੋ। ਥੋੜ੍ਹੇ ਚਿਰ 'ਚ ਮਾਹੌਲ ਬਦਲ ਗਿਆ। ਜੋ ਕੁੜੀਆਂ ਬੁੜ੍ਹੀਆਂ ਟੱਲੀ ਹੋਈਆਂ ਭੰਗੜਾ ਪਾਈ ਜਾਣ, ਪੈੱਗ ਲਾਈ ਜਾਣ। ਕੁਝ ਕੁ ਬੈਠੀਆਂ ਵਿਚਾਰੀਆਂ ਉਨ੍ਹਾਂ ਵੱਲ ਦੇਖੀ ਜਾਣ।

ਵਲੈਤੀਏ ਫੈਕਟਰੀਆਂ ਦੇ ਵਰਤੇ ਹੋਏ ਬੁੱਢੇ ਬਲਦ ਵਾਂਗ ਬੈਠੇ ਗਲਾਸੀ ਖਿੱਚੀ ਜਾਣ। ਮੈਨੂੰ ਸਾਰਾ ਦ੍ਰਿਸ਼ ਦੇਖ ਕੇ ਬੜਾ ਤਰਸ ਆਇਆ। ਮੈਂ ਕਿਹਾ ਬੰਦਿਆ ਨੇ ਤਾਂ ਸਾਰੀ ਉਮਰ ਕਮਾਈ ਕਰਨ 'ਚ ਲਾ ਦਿੱਤੀ ਕਦੇ ਫ਼ਨ ਨਹੀਂ ਕੀਤਾ ਹੋਣਾ। ਆ ਵਲੈਤਣਾਂ ਦੇਖੋ! ਫੱਟੇ ਚੱਕੀ ਜਾਂਦੀਆਂ ਹਨ। ਵਿਆਹ ਤੋਂ ਬਾਅਦ ਮੈਂ ਬਹੁਤ ਕੁਝ ਜਾਣਿਆ-ਦੇਖਿਆ ਪਤਾ ਲੱਗਾ ਕਿ ਕਿਹੜੀ ਕਿੰਨੀ ਪੀ ਜਾਂਦੀ ਹੈ। ਪਰ ਇਥੇ ਮੈਂ ਉਨ੍ਹਾਂ ਵਲੈਤਣਾਂ ਦੀ ਸਿਫ਼ਤ ਕਰਨੋਂ ਵੀ ਰਹਿ ਨਹੀਂ ਸਕਦਾ ਜਿਹੜੀਆਂ ਇੰਨੇ ਚਿੱਕੜ 'ਚ ਵੀ ਕਮਲ ਦੇ ਫੁੱਲ ਵਾਂਗ ਨਿਰਮਲ ਹਨ। ਆਪਣੇ ਸੱਭਿਆਚਾਰ 'ਚ ਪੂਰੀਆਂ ਗੜੁੱਚ ਹਨ। ਅਮਰੀਕਾ 'ਚ ਇਹ ਬਿਮਾਰੀ ਹੈ ਪਰ ਸਰੇਆਮ ਜ਼ਾਹਿਰ ਨਹੀਂ ਹੋਈ। ਅਜੇ ਕਈ ਸ਼ੌਕੀਨ ਸੰਤਰੇ ਦੇ ਜੂਸ 'ਚ ਪਾ ਕੇ ਪੀਂਦੀਆਂ ਚੋਰੀ-ਚੋਰੀ! ਪੀਣ ਵਾਲੀਆਂ 'ਚ ਬਹੁਤਾਤ ਉਨ੍ਹਾਂ ਔਰਤਾਂ ਦੀ ਹੈ ਜਿਹੜੀਆਂ ਕੁਝ ਸ਼ੈਟੀ ਫਲੈਟ ਜ਼ਿਆਦਾ ਮਾਰਨ ਲੱਗ ਜਾਂਦੀਆਂ ਹਨ। ਜਿਵੇਂ ਕਿਸੇ ਕੋਲ ਚੰਗੀ ਨੌਕਰੀ ਹੈ, ਵਾਲ ਕੱਟੇ ਹੋਏ ਹਨ, ਜੀਨ ਪਾਈ ਹੋਈ ਹੁੰਦੀ ਹੈ ਅਤੇ ਦੂਜੀਆਂ ਜਿਹੜੀਆਂ ਵਿਚਾਰੀਆਂ ਪੰਜ ਫੁੱਟ ਦੀ ਗੁੱਤ ਕਰਦੀਆਂ ਹਨ। ਪੰਜਾਬੀ ਸੂਟ ਪਾਉਂਦੀਆਂ ਹਨ। ਉਨ੍ਹਾਂ ਦੀਆਂ ਨਜ਼ਰਾਂ 'ਚ ਅਜੇ ਸਮਝਦਾਰ ਨਹੀਂ ਬਣੀਆਂ ਜਾਂ ਇਹ ਕਹਿ ਲਉ ਕਿ ਉਨ੍ਹਾਂ ਪ੍ਰਤੀ ਇਨ੍ਹਾਂ ਕਲੋਲ ਔਰਤਾਂ ਦਾ ਸੁਭਾਅ ਗਵਾਰਾਂ ਵਰਗਾ ਹੁੰਦਾ ਹੈ। ਇਹੋ ਜਿਹੀਆਂ ਔਰਤਾਂ ਦੇ ਹੀ ਬੱਚੇ ਖ਼ਰਾਬ ਹੁੰਦੇ ਆ। ਪਤੀ ਦੀ ਵੀ ਪਰਵਾਹ ਨਹੀਂ ਕਰਦੀਆਂ ਇਹ ਪੰਜਾਬਣ ਗੋਰੀਆਂ। ਹੁਣੇ ਜਿਹੇ ਮੇਰੇ ਇਕ ਦੋਸਤ ਨੇ ਕਿਹਾ ਭੌਰੇ ਯਾਰ ਇਕ ਤੈਨੂੰ ਨਵੀਂ ਗੱਲ ਦੱਸਾਂ! ਮੈਂ ਕਿਹਾ ਦੱਸ, ਕਹਿੰਦਾ ਅਸੀਂ ਇਕ ਪਾਰਟੀ 'ਤੇ ਗਏ ਉਥੇ ਜ਼ਨਾਨੀਆਂ ਵੀ ਟੱਲੀ ਹੋਈਆਂ ਫਿਰਨ। ਮੈਂ ਦਿਲ 'ਚ ਕਿਹਾ ਕਿ ਤੇਰੇ ਲਈ ਨਵੀਂ ਹੈ ਪਰ ਮੇਰੇ ਲਈ ਨਹੀਂ। ਮੈਂ ਕਿਹਾ ਅੱਛਾ! ਫਿਰ ਕੀ ਹੋਇਆ। ਕਹਿੰਦਾ ਬਈ ਉਹ ਲੋਕ ਆਪਣੇ ਤੋਂ ਜ਼ਿਆਦਾ ਅਡਵਾਂਸ ਹਨ। ਆਪਾਂ ਨਿਊਯਾਰਕ ਵਰਗੇ ਸ਼ਹਿਰ 'ਚ ਰਹਿ ਕੇ ਵੀ ਪਿੱਛੇ ਹਾਂ। ਮੈਂ ਕਿਹਾ ਉਹ ਕਿਵੇਂ, ਉਹ ਕਹਿੰਦਾ ਯਾਰ ਬੁੜ੍ਹੀਆਂ ਸ਼ਰੇਆਮ ਪੀ ਕੇ ਪਰਾਏ ਮਰਦਾਂ ਨਾਲ 'ਹਾਈ ਫਾਈ' ਕਰਦੀਆਂ ਸੀ, ਬੰਦੇ ਉਨ੍ਹਾਂ ਦਾ ਬੁਰਾ ਨਹੀਂ ਸੀ ਮਨਾਉਂਦੇ। ਮੈਂ ਕਿਹਾ ਭਾਜੀ ਅਗਰ ਤੁਸੀਂ ਇਸ ਨੂੰ ਅਡਵਾਂਸ ਦਾ ਨਾਂਅ ਦਿੰਦੇ ਹੋ ਤਾਂ ਅੱਜ ਤੁਸੀਂ ਵੀ ਭਾਬੀ ਲਈ ਬੋਤਲ ਲੈ ਜਾਓ ਘਰ ਨੂੰ। ਪੀਓ ਇਕੱਠੇ ਬਹਿ ਕੇ। ਕਹਿੰਦਾ ਨਹੀਂ-ਨਹੀਂ ਇਹ ਆਪਣੇ ਕੋਲੋਂ ਨਹੀਂ ਹੁੰਦਾ। ਮੈਂ ਕਿਹਾ ਫਿਰ ਕਿਉਂ ਉਨ੍ਹਾਂ ਨੂੰ ਅਡਵਾਂਸ ਸਮਝਦੇ ਹੋ। ਉਹ ਤਾਂ ਨਰਕ ਵੱਲ ਜਾਂਦੇ ਰਸਤੇ ਵੱਲ ਜਾ ਰਹੇ ਹਨ। ਜਿਥੇ ਸਭ ਕੁਝ ਤਬਾਹ ਹੋ ਜਾਂਦਾ ਹੈ। ਕਹਿੰਦਾ ਮਜ਼ੇ ਦੀ ਗੱਲ ਸੁਣਾਵਾਂ, ਸਾਰੀਆਂ ਨੱਚਦੀਆਂ ਸੀ। ਵਿੱਚੋਂ ਇਕ

ਬੰਦਾ ਉੱਠਿਆ ਰਾਤ ਕਾਫੀ ਹੋ ਚੁੱਕੀ ਸੀ, ਉਹ ਉੱਠ ਕੇ ਆਪਣੇ ਵਾਲੀ ਨੂੰ ਕਹਿਣ ਲੱਗਾ, ਹੌਲੀ ਜਿਹੀ ਆਵਾਜ਼ 'ਚ ਚੱਲ ਆਪਾਂ ਘਰ ਨੂੰ ਚੱਲੀਏ। ਸਵੇਰੇ ਉੱਠ ਕੇ ਸਾਝਰੇ ਕੰਮ 'ਤੇ ਵੀ ਜਾਣਾ ਹੈ। ਕਹਿੰਦਾ ਪਤਾ ਨਹੀਂ ਬਈ ਉਹਨੂੰ ਕਾਹਦਾ ਗੁੱਸਾ ਲੱਗਾ। ਉਹ ਉੱਚੀ-ਉੱਚੀ ਕਹੇ — 'ਲਿਸਨ ਟੂ ਮੀਂ, ਨੈਕਸਟ ਟਾਈਮ ਜਦੋਂ ਮੈਂ ਨੱਚਦੀ ਹੋਵਾਂ ਮੈਨੂੰ ਬਾਹੋਂ ਫੜ ਕੇ ਨਹੀਂ ਹਟਾਉਣਾ ਓ. ਕੇ.!' ਬਈ ਉਹ ਤਾਂ ਵਿਚਾਰਾ ਜਿਹੜਾ ਥੋੜ੍ਹਾ ਚਿਰ ਪਹਿਲਾਂ ਸਾਡੇ ਕੋਲ ਬੈਠਾ ਵੱਡੀਆਂ-ਵੱਡੀਆਂ ਗੱਲਾਂ ਕਰਦਾ ਸੀ, ਅੱਖ ਨਾ ਚੁੱਕੇ।

ਵਿਚਾਰਾ ਫਿਰ ਬਹਿ ਗਿਆ। ਮੈਂ ਕਿਹਾ ਹੁਣ ਤਾਂ ਏਦਾਂ ਹੋਇਆ ਕਰੇਗੀ ਸ਼ਾਮ ਨੂੰ ਘਰਵਾਲੀਆਂ ਕਿਹਾ ਕਰਨਗੀਆਂ ਏਦਾਂ ਕਰਿਓ ਡਾਰਲਿੰਗ ਘਰ ਨੂੰ ਆਉਣ ਲੱਗੇ ਦੋ ਤਿੰਨ ਬੋਤਲਾਂ ਸ਼ਰਾਬ ਦੀਆਂ ਅਤੇ ਚਾਰ ਪੰਜ ਮੁਰਗੇ ਲੈ ਕੇ ਆਇਓ, ਅੱਜ ਮੇਰੀਆਂ ਕੁਝ ਫਰੈਂਡਜ਼ ਮਿਲਣ ਆ ਰਹੀਆਂ ਹਨ ਤੇ ਮੈਂ ਪੀਤੇ ਬਗੈਰ ਉਨ੍ਹਾਂ ਨੂੰ ਜਾਣ ਨਹੀਂ ਦੇਣਾ। ਤੇ ਨਾਲ-ਨਾਲ ਕਿਹਾ ਕਰਨਗੀਆਂ ਡਾਰਲਿੰਗ ਤੁਸੀਂ ਹੁਣ ਜ਼ਿਆਦਾ ਨਾ ਪੀਆ ਕਰੋ, ਡਾਕਟਰ ਨੇ ਕਿਹਾ ਕਿ ਸਿਹਤ ਦਾ ਖਿਆਲ ਰੱਖਿਆ ਕਰਨ। ਸਾਰੀਆਂ ਗੱਲਾਂ ਸੁਣਨ ਤੋਂ ਬਾਅਦ ਮੈਂ ਰੱਬ ਦਾ ਲੱਖ-ਲੱਖ ਸ਼ੁਕਰ ਕੀਤਾ ਕਿ ਜੇ ਅਸੀਂ ਕੁਝ ਨਹੀਂ ਕਮਾਇਆ ਤਾਂ ਸਮਝੋ ਸਭ ਤੋਂ ਵੱਡਮੁੱਲਾ ਖਜ਼ਾਨਾ ਆਪਣਾ ਸੱਭਿਆਚਾਰ ਸੰਭਾਲ ਕੇ ਰੱਖਿਆ ਹੈ।

○○

38

ਹੁਣ ਆਊ ਸੁਰਤ ਟਿਕਾਣੇ ਵਿਦੇਸ਼ੀ ਲਾੜਿਆਂ ਦੀ



ਬੀਤੇ ਡੇਢ ਤੋਂ ਵੀ ਵੱਧ ਦਹਾਕੇ 'ਚ ਵਿਦੇਸ਼ੀ ਲਾੜਿਆਂ ਨੇ ਕਾਫੀ ਅੱਤ ਚੁੱਕੀ ਰੱਖੀ ਹੈ ਅਤੇ ਰੱਖ ਰਹੇ ਹਨ। ਇਨ੍ਹਾਂ ਦੀ ਨੱਕ 'ਚ ਨਕੇਲ ਪਾਉਣ ਦਾ ਜਿਹੜਾ ਕੰਮ ਇੰਡੀਆ ਦੀ ਕੇਂਦਰ ਸਰਕਾਰ ਦੇ ਮਾਨਵ ਸੰਸਾਧਨ ਮਹਿਕਮੇ ਵੱਲੋਂ ਇਕ ਖਾਸ ਕਮੇਟੀ ਬਣਾ ਕੇ ਆਰੰਭਿਆ ਹੈ ਇਸ ਨਾਲ ਵਿਦੇਸ਼ੀ ਲਾੜਿਆਂ ਵੱਲੋਂ ਸਤਾਈਆਂ ਅਤੇ ਵਿਆਹ ਕਰਵਾ ਕੇ ਬਿਨਾਂ ਕਿਸੇ ਕਾਰਨ ਛੱਡੀਆਂ ਲੜਕੀਆਂ ਦੇ ਭਵਿੱਖ 'ਚ ਚੰਗੇਰਾਪਨ ਆਉਣ ਦੀ ਸੰਭਾਵਨਾ ਵਧੀ ਹੈ। ਆਓ ਪਹਿਲਾਂ ਥੋੜ੍ਹਾ ਚਾਨਣਾ ਆਪਾਂ ਵਿਦੇਸ਼ੀ ਲਾੜਿਆਂ ਬਾਰੇ ਪਾਈਏ।

ਸਭ ਤੋਂ ਪਹਿਲਾਂ ਵਿਦੇਸ਼ੀ ਲਾੜਿਆਂ ਦੇ ਵਿਦੇਸ਼ੀ ਜੀਵਨ ਸਬੰਧੀ ਖਾਸ ਗੱਲਾਂ! ਜਿਸ ਤਰ੍ਹਾਂ ਅਸੀਂ ਅਤੇ ਹੋਰ ਬਾਕੀ ਸਾਰੇ ਆਦਮੀ ਬਾਹਰ ਨੂੰ ਆਪਣੇ ਉੱਜਲ ਭਵਿੱਖ ਲਈ ਭੱਜਦੇ ਹਨ। ਇਸੇ ਤਰ੍ਹਾਂ ਹੀ ਅਸੀਂ ਸਭ ਜਦੋ-ਜਹਿਦ ਕਰਕੇ ਵਿਦੇਸ਼ਾਂ 'ਚ ਬੜੀ

ਮੁਸ਼ਕਿਲ ਨਾਲ ਕਾਮਯਾਬ ਹੋਏ ਹਾਂ।

ਮੈਂ ਆਪਣੇ ਪਹਿਲੇ ਲੇਖਾਂ 'ਚ ਵੀ ਵਿਦੇਸ਼ੀ ਜ਼ਿੰਦਗੀ ਬਾਰੇ ਕਾਫੀ ਕੁਝ ਲਿਖ ਚੁੱਕਾ ਹਾਂ। ਪਾਠਕ ਜਾਣੀਜਾਣ ਹਨ। ਇਥੇ ਮੈਂ ਇਹ ਦੱਸਣਾ ਵੀ ਆਪਣਾ ਫਰਜ਼ ਸਮਝਦਾ ਹਾਂ ਕਿ ਇਹ ਵਿਦੇਸ਼ੀ ਲਾੜੇ ਕੌਣ ਅਤੇ ਕਿੱਦਾਂ ਬਣਦੇ ਹਨ। ਅਤੇ ਇਨ੍ਹਾਂ ਦੀਆਂ ਕਿਸਮਾਂ ਕੀ-ਕੀ ਹਨ।

ਜਿਹੜੇ ਤਾਂ ਇੰਡੀਆ ਤੋਂ ਵਿਆਹ ਕਰਵਾਉਣ ਤੋਂ ਬਾਅਦ 'ਚ ਬਾਹਰ ਆਉਂਦੇ ਹਨ ਉਹ ਇਸ ਲਾਈਨ 'ਚ ਹਾਜ਼ਰ ਨਹੀਂ ਹਨ। ਜਿਹੜੇ ਰੋਟੀ ਦੀ ਭਾਲ 'ਚ ਕੁਆਰੇ ਅਤੇ ਛੜੇ-ਛੁੜੇ ਲਫਜ਼ ਮੈਂ ਤਾਂ ਵਰਤਿਆ, ਕਈ ਵਾਰ ਕਿਸੇ ਮੁੰਡੇ ਦੀ ਵਿਆਹ ਤੋਂ ਉਮਰ ਟੱਪ ਜਾਂਦੀ ਹੈ ਅਤੇ ਉਹ ਲੇਟ ਹੁੰਦਾ-ਹੁੰਦਾ ਇਸ ਪੁਜ਼ੀਸ਼ਨ 'ਚ ਆ ਜਾਂਦਾ ਹੈ ਕਿ ਲੋਕ ਵੀ ਉਹਨੂੰ ਛੜਾ ਕਹਿਣ ਲੱਗ ਜਾਂਦੇ ਹਨ। ਭਾਵੇਂ ਕਿ ਉਹਦੇ ਅਜੇ ਚਾਂਸ ਹੁੰਦੇ ਹਨ ਪਰ ਫਿਰ ਵੀ ਉਹ ਛੜਿਆਂ ਦੀ ਕੈਟਾਗਿਰੀ 'ਚ ਆ ਹੀ ਜਾਂਦਾ ਹੈ ਅਤੇ ਤਾਹਨੇ- ਮਿਹਣਿਆਂ ਤੋਂ ਬਚਣ ਲਈ ਬਾਹਰ ਆ ਜਾਂਦਾ ਹੈ ਫਿਰ ਬਾਹਰੋਂ ਪੱਕਾ ਹੋ ਕੇ ਆਇਆ ਉਹੀ ਛੜਾ ਲੋਕਾਂ ਨੂੰ 20-22 ਸਾਲ ਦਾ ਗੱਭਰੂ ਜਾਪਦਾ ਹੈ ਅਤੇ ਉਹ ਕਬੂਤਰੀ ਵਰਗੀ ਕੁੜੀ ਨਾਲ ਵਿਆਹ ਕਰਵਾ ਲੈਂਦਾ ਹੈ। ਜਿਹਨੂੰ ਬਾਅਦ 'ਚ ਲੋਕ ਕਹਿੰਦੇ ਆ ਬਾਹਰ ਹੀ ਦੇਖ ਲਿਆ ਮੁੰਡਾ (ਬੁੱਢਾ) ਨਹੀਂ ਦੇਖਿਆ।

ਤਾਂ ਆਪਾਂ ਗੱਲ ਕਰ ਰਹੇ ਸੀ ਕਿ ਜਿਹੜੇ ਵਿਆਹ ਤੋਂ ਪਹਿਲਾਂ ਵਿਦੇਸ਼ਾਂ 'ਚ ਆਉਂਦੇ ਹਨ। ਵਿਦੇਸ਼ਾਂ 'ਚ ਆ ਕੇ ਸਭ ਤੋਂ ਪਹਿਲਾਂ ਕੰਮ ਲੱਭਣਾ, ਕੰਮ ਜਿਹੜਾ ਮਰਜ਼ੀ ਹੋਵੇ ਇਹ ਪੰਜਾਬੀਆਂ ਦੀ ਖਾਸੀਅਤ ਹੈ ਜਦੋਂ ਕਿਸੇ ਨਵੇਂ ਆਏ ਪੰਜਾਬੀ ਮੁੰਡੇ ਨੂੰ ਪੁੱਛੋ ਬਈ ਕੰਮ ਕੀ ਕਰੇਂਗਾ ਤਾਂ ਅੱਗੋਂ ਜਵਾਬ ਮਿਲੇਗਾ, ਭਾਜੀ ਜਿਹੜਾ ਮਰਜ਼ੀ। ਕੰਮਕਾਰ ਲੱਗਣ ਤੋਂ ਬਾਅਦ ਪੱਕੇ ਹੋਣ ਦਾ ਫਿਕਰ। ਪੱਕੇ ਹੋਣ ਲਈ ਜਾਂ ਇਹ ਜਿਥੇ ਕੰਮ ਕਰਦੇ ਹਨ ਉਨ੍ਹਾਂ ਵੱਲੋਂ ਸਪਾਂਸਰ ਹੋ ਜਾਂਦੇ ਹਨ। ਅਗਰ ਮਾਲਕ ਨੂੰ ਇਨ੍ਹਾਂ ਦੀ ਵਾਕਿਆ ਹੀ ਸਖਤ ਜ਼ਰੂਰਤ ਹੋਵੇ ਜਾਂ ਰਫਿਊਜੀ ਕੇਸ, ਤੇ ਆਖਰੀ ਹਥਿਆਰ ਵਿਆਹ ਕਰਵਾਉਣਾ।

ਵਿਆਹ ਕਰਵਾਉਣ ਲਈ ਇਹ ਕੋਈ ਵਧੀਆ ਕੁੜੀ ਜਾਂ ਕੋਈ ਖਾਨਦਾਨ ਨਹੀਂ ਵੇਖਦੇ। ਜਿਸ ਤਰ੍ਹਾਂ ਦੀ ਵੀ ਹੋਵੇ। ਕਾਲੀ, ਗੋਰੀ, ਬੁੱਢੀ, ਲੰਗੜੀ ਭਾਵ ਕਿਸੇ ਤਰ੍ਹਾਂ ਦੀ ਵੀ ਪਰ ਪੱਕੀ ਹੋਵੇ। ਕਈ ਤਾਂ ਬਾਰ, ਕਲੱਬਾਂ ਜਾਂ ਆਪਣੇ ਨਾਲ ਕੰਮ ਕਰਦੀਆਂ ਨਾਲ ਹੀ ਹੇਲ ਮੇਲ ਹੋਣ ਦਾ ਯਤਨ ਕਰਦੇ ਆ ਅਤੇ ਕਈ ਬਾਰਾਂ, ਕਲੱਬਾਂ 'ਚੋਂ ਕੋਈ ਖਾਣ ਪੀਣ ਵਾਲੀ ਲੱਭ ਲੈਂਦੇ ਆ।

ਜਦੋਂ ਇਨ੍ਹਾਂ ਦਾ ਵਿਆਹ ਹੋ ਜਾਂਦਾ ਹੈ। ਬਾਹਰਲੀਆਂ ਔਰਤਾਂ ਵੀ ਬੜੀਆਂ ਸ਼ੈਤਾਨ ਹਨ। ਪਹਿਲਾਂ ਭੋਲੀਆਂ-ਭਾਲੀਆਂ। ਜਿਵੇਂ ਵਿਦੇਸ਼ੀ ਲਾੜੇ ਇੰਡੀਆ ਆ ਕੇ ਪਹਿਲਾਂ ਭੋਲੇ-ਭਾਲੇ ਲੱਗਦੇ ਹਨ। ਤਿਵੇਂ ਹੀ ਇਹ ਔਰਤਾਂ ਵਿਆਹ ਤੋਂ ਬਾਅਦ

'ਚ ਫਿਰ ਇਨ੍ਹਾਂ ਨੂੰ ਮਦਾਰੀ ਦੇ ਬਾਂਦਰ ਵਾਂਗ ਨਚਾਉਂਦੀਆਂ ਹਨ। ਫਿਰ ਉਹ ਬੰਦਾ ਤੇ ਇਹ ਜ਼ਨਾਨੀਆਂ ਵਾਂਗ ਉਨ੍ਹਾਂ ਦੀ ਹਰ ਗੱਲ ਸੱਤ ਬਚਨ ਕਹਿ ਕੇ ਕਬੂਲਦੇ ਹਨ।

ਗੱਲ ਕੀ ਉਹ ਇਨ੍ਹਾਂ ਦੀ ਮਜਬੂਰੀ ਦਾ ਖ਼ੂਬ ਫਾਇਦਾ ਲੈਂਦੀਆਂ ਹਨ। ਫਿਰ ਇਹ ਉਹੀ ਗੁੱਸਾ ਇੰਡੀਅਨ ਜ਼ਨਾਨੀ 'ਤੇ ਕੱਢਦੇ ਹਨ। ਭਾਵ ਜਿੰਨਾ ਇਨ੍ਹਾਂ ਪਹਿਲਾਂ ਤਸ਼ੱਦਦ ਝੱਲਿਆ ਹੁੰਦਾ, ਫਿਰ ਇਨ੍ਹਾਂ ਨੂੰ ਕੋਈ ਹੋਰ ਥਾਂ ਤਾਂ ਲੱਭਦੀ ਨਹੀਂ ਇੰਡੀਆ ਆ ਕੇ ਕਾਲਜੀਏਟ ਅਤੇ ਤਕੜੇ ਘਰਾਂ ਦੀਆਂ ਕੁੜੀਆਂ ਜਿਵੇਂ ਇਹ ਪੱਕੇ ਹੋਣ ਦੇ ਲਾਲਚ ਵਿਚ ਅੰਨ੍ਹੀ ਕਾਣੀ ਕਬੂਲ ਕਰਦੇ ਸੀ ਤਿਵੇਂ ਇਹ ਕੁੜੀਆਂ ਬਾਹਰ ਦੇ ਲਾਲਚ ਵਿਚ ਇਹ ਵੀ ਨਹੀਂ ਦੇਖਦੀਆਂ ਕਿ ਇਹਦੇ ਨਾਲ ਮੈਂ ਫੱਬਦੀ ਵੀ ਹਾਂ ਜਾਂ ਨਹੀਂ। ਵਿਚਾਰੀਆਂ ਅੰਨ੍ਹਾ, ਕਾਣਾ ਕਬੂਲ ਇਸ ਲਈ ਕਰ ਲੈਂਦੀਆਂ ਹਨ ਕਿ ਬਾਹਰ ਦੀ ਦੁਨੀਆ ਦੇਖਾਂਗੀਆਂ। ਨਤੀਜਾ ਸਭ ਦੇ ਸਾਹਮਣੇ ਹੈ।

ਕਈਆਂ ਦੇ ਤਾਂ ਅਜੇ ਬਾਹਰ ਤਲਾਕ ਵੀ ਨਹੀਂ ਹੋਏ ਹੁੰਦੇ। ਛੇਤੀ ਦੇਣੀ ਇੰਡੀਆ ਨੂੰ ਭੱਜਦੇ ਆ ਬਈ ਵਿਆਹ ਕਰਵਾ ਲਈਏ ਅਤੇ ਕਈਆਂ ਦੇ ਇਨ੍ਹਾਂ ਵਿਦੇਸ਼ੀ ਜ਼ਨਾਨੀਆਂ ਤੋਂ ਬੱਚੇ ਵੀ ਹੁੰਦੇ ਹਨ। ਜਿਨ੍ਹਾਂ ਦਾ ਇਨ੍ਹਾਂ ਲਾੜਿਆਂ ਨੂੰ ਤਲਾਕ ਲੈਣ ਤੋਂ ਬਾਅਦ ਅਠਾਰਾਂ ਸਾਲ ਤੱਕ ਖਰਚ ਵੀ ਦੇਣਾ ਪੈਂਦਾ ਹੈ। ਜਿੰਨਾ ਚਿਰ ਬੱਚਾ ਜਾਂ ਬੱਚੇ ਅਠਾਰਾਂ ਸਾਲ ਦੇ ਨਹੀਂ ਹੁੰਦੇ ਓਨਾ ਚਿਰ ਗੌਰਮਿੰਟ ਇਨ੍ਹਾਂ ਤੋਂ ਡੰਡਾ ਦੇ ਕੇ ਪੈਸੇ ਲੈਂਦੀ ਹੈ। ਬਾਹਰ ਤਾਂ ਇਹ ਪੂਰੇ ਪੂਰਨ ਭਗਤ ਬਣੀ ਫਿਰਦੇ ਹੁੰਦੇ ਆ ਪਤਾ ਨਹੀਂ ਇੰਡੀਆ ਜਾ ਕੇ ਇਹ ਕਿਉਂ ਵੈੜ੍ਹਕੇ ਵਾਂਗ ਦੁੜੰਗੇ ਮਾਰਨ ਲੱਗ ਪੈਂਦੇ ਹਨ। ਖੈਰ ਹੁਣ ਤੱਕ ਕੁਝ ਸੁਧਾਰ ਹੋਵੇਗਾ। ਇਨ੍ਹਾਂ ਕੁੜੀਆਂ ਦੀਆਂ ਆਹਾਂ ਦਾ ਮੁੱਲ ਪਵੇਗਾ। ਕਿਸਮਾਂ ਤਾਂ ਹੋਰ ਵੀ ਹਨ ਪਰ ਸਭ ਤੋਂ ਜ਼ਿਆਦਾ ਖ਼ਤਰਨਾਕ ਕਿਸਮ ਇਹੀ ਹੈ ਜਿਸ ਦਾ ਮੈਂ ਜ਼ਿਕਰ ਕੀਤਾ ਹੈ।

ਬਾਕੀ ਮੇਰੀ ਤਾਂ ਇਕ ਬੇਨਤੀ ਧੀਆਂ ਵਾਲਿਆਂ ਨੂੰ ਵੀ ਹੈ ਕਿ ਇੰਡੀਆ ਵਿਚ ਮੁੰਡਿਆਂ ਨੂੰ ਕੀ ਹੋਇਆ ਹੈ? ਵਿਆਹ ਤੋਂ ਬਾਅਦ 'ਚ ਵੀ ਤਾਂ ਬਾਹਰ ਆ ਸਕਦਾ ਹੈ। ਅਗਰ ਬਾਹਰ ਹੀ ਭੇਜਣਾ ਹੈ ਜੇ ਬਿਲਕੁਲ ਹੀ ਬਾਹਰ ਰਿਸ਼ਤਾ ਕਰਨਾ ਹੈ। ਸਭ ਤੋਂ ਪਹਿਲਾਂ ਬਾਹਰ ਨਹੀਂ ਖਾਨਦਾਨ ਦੇਖੋ, ਫਿਰ ਮੁੰਡਾ ਜਿਹੜੇ ਵੀ ਦੇਸ਼ ਦਾ ਪੱਕਾ ਹੈ, ਦਿੱਲੀ ਜਾ ਕੇ ਅੰਬੈਸੀ ਵਿਚ ਉਸ ਦਾ ਨਾਂਅ ਪਤਾ ਲੈ ਕੇ ਦੱਸੋ ਵੀ, ਅਸੀਂ ਇਸ ਆਦਮੀ ਨਾਲ ਰਿਸ਼ਤਾ ਜੋੜਨ ਲੱਗੇ ਹਾਂ। ਤੁਹਾਡੇ ਰਿਕਾਰਡ 'ਚ ਇਹ ਵਿਆਹਿਆ ਤਾਂ ਨਹੀਂ ਪੱਕਾ ਵੀ ਹੈ ਕਿ ਐਵੇਂ ਇੰਡੀਆ ਗੇੜਾ ਮਾਰਨ ਵਾਲੇ ਕਾਗਜ਼ ਹੀ ਲਈ ਫਿਰਦਾ ਹੈ ਅਤੇ ਹੋ ਸਕੇ ਤਾਂ ਵਿਦੇਸ਼ 'ਚ ਫੋਨ ਕਰਕੇ ਆਪਣੇ ਸਕੇ ਸੰਬੰਧੀ ਰਾਹੀਂ ਜਾਣਕਾਰੀ ਲੈਣੀ ਚਾਹੀਦੀ ਹੈ। ਭਾਵ ਇਹੋ ਜਿਹੇ ਕੰਮ ਕਾਹਲ 'ਚ ਕੀਤੇ। ਬਾਅਦ 'ਚ ਦੁੱਖਦਾਈ ਸਿੱਧ ਹੁੰਦੇ ਹਨ।

○○

39

ਸਾਡੀ ਹੁਣ ਆਪਸ ਵਿਚ ਨਹੀਂ ਬਣਦੀ

ਸਿਆਣਿਆਂ ਦਾ ਕਥਨ ਹੈ ਕਿ ਕੰਡੇ ਵੀ ਫੁੱਲਾਂ ਨਾਲ ਹੀ ਹੁੰਦੇ ਹਨ। ਜਾਂ ਕਹਿ ਲਓ ਅਗਰ ਫੁੱਲ ਦੀ ਇੱਛਾ ਹੈ ਤਾਂ ਕੰਡੇ ਦੀ ਚੋਭ ਦਾ ਵੀ ਖਿਆਲ ਰੱਖ। ਫੁੱਲ ਭਾਵ ਚੰਗਾ ਕੰਮ, ਭਲਾਈ ਦਾ ਕੰਮ। ਕੰਡਾ ਮਤਲਬ ਚੰਗਿਆਈ ਕਰਦਿਆਂ ਮੁਸ਼ਕਲਾਂ ਦਾ ਸਾਹਮਣਾ। ਜਿਸ ਤਰ੍ਹਾਂ ਕੁਝ ਕੁ ਫੁੱਲ ਐਸੇ ਵੀ ਹਨ ਜਿਹੜੇ ਨਾਂਅ ਦੇ ਫੁੱਲ ਹਨ। ਬੱਸ, ਨਾ ਤਾਂ ਉਨ੍ਹਾਂ ਵੱਲ ਖਿੱਚ ਪੈਦਾ ਹੁੰਦੀ ਹੈ ਅਤੇ ਨਾ ਹੀ ਕੰਡਾ ਲੱਗਦਾ ਹੈ। ਇਥੇ ਇਕ ਕਹਾਵਤ ਹੋਰ ਲਾਗੂ ਹੁੰਦੀ ਜਾਪਦੀ ਹੈ, ਬਈ ਮਣ ਮਿਸ਼ਰੀ ਦਾ ਸੁਆਦ ਇਕ ਕੌੜ ਤੂੰਬਾ ਖਰਾਬ ਕਰ ਦਿੰਦਾ ਹੈ। ਉਪਰੋਕਤ ਸਾਰੀਆਂ ਉਦਾਹਰਣਾਂ ਦਾ ਮਤਲਬ ਇਹ ਹੈ ਬਈ ਕਈ ਬਾਰ ਇਨਸਾਨ ਆਪਣੇ ਮੁਫ਼ਾਦ ਲਈ ਗ਼ਲਤ ਕਦਮ ਚੁੱਕ ਕੇ ਆਪ ਤਾਂ ਮੁਸ਼ਕਲਾਂ ਵਿਚ ਫਸਦਾ ਹੀ ਹੈ ਤੇ ਨਾਲ-ਨਾਲ ਦੂਜਿਆਂ ਲਈ ਵੀ ਮੁਸ਼ਕਲਾਂ ਖੜ੍ਹੀਆਂ

ਕਰ ਦਿੰਦਾ ਹੈ।

ਇਹ ਲੇਖ ਲਿਖਣ ਲੱਗਿਆਂ ਮੈਂ ਬਹੁਤ ਵਾਰ ਸੋਚਿਆ, ਆਖਰ ਮੇਰੀ ਅੰਤਰੀਵ ਆਤਮਾ ਨੇ ਇਹੀ ਫੈਸਲਾ ਲਿਆ ਕਿ ਇਸ ਨਾਲ ਰਿਸ਼ਤਿਆਂ ਦੀ ਪਵਿੱਤਰਤਾ ਖਤਮ ਹੁੰਦੀ ਹੈ। ਸਮਾਜਿਕ ਬੁਰਾਈਆਂ ਵੱਧਦੀਆਂ ਹਨ। ਬੱਚਿਆਂ 'ਤੇ ਮਾੜਾ ਅਸਰ ਪੈਂਦਾ ਹੈ ਅਤੇ ਸਾਰੀ ਕੌਮ ਅਤੇ ਬਾਅਦ 'ਚ ਪੂਰਾ ਦੇਸ਼ ਬਦਨਾਮ ਹੁੰਦਾ ਹੈ। ਅਮਰੀਕਾ 'ਚ ਪਹੁੰਚਣ ਲਈ ਹਰ ਮਨੁੱਖ ਉਤਾਵਲਾ ਹੈ ਅਤੇ ਉਪਰਾਲੇ ਕਰਦਾ ਹੈ। ਉਹਦੀ ਇੱਕੋ ਹੀ ਸ਼ਰਤ ਹੁੰਦੀ ਹੈ ਅਮਰੀਕਾ, ਬੱਸ, ਇਸ ਦੇ ਬਦਲੇ ਲੱਖਾਂ ਰੁਪਿਆ ਪਾਣੀ ਵਾਂਗ ਰੁੜ੍ਹਾਉਣ ਲਈ ਬਹੁਤਾਤ ਤੱਤਪਰ ਹਨ ਅਤੇ ਇਸ ਦੇ ਫਲਸਰੂਪ ਅਮਰੀਕਾ 'ਚ ਵੀ ਇਸ ਗੱਲ ਦੀ ਪੂਰੀ ਖ਼ਬਰ ਹੈ ਕਿ ਬੰਦਾ ਅਮਰੀਕਾ ਕਿਵੇਂ ਪਹੁੰਚਾਇਆ ਜਾਵੇ। ਕੋਈ ਸੌ ਵਿਚੋਂ ਸ਼ਾਇਦ ਦੋ ਕੁ ਪਰਿਵਾਰ ਇਹੋ ਜਿਹਾ ਕੰਮ ਕਰਦੇ ਹਨ ਜਿਹੜਾ ਅੱਗੇ ਚੱਲ ਕੇ ਜ਼ਿਕਰ-ਏ-ਬਿਆਨ ਹੈ। ਇਕ ਸੋਹਣੀ ਸੁਨੱਖੀ ਇੱਕ ਬੱਚੇ ਦੀ ਮਾਂ, ਮੇਰੇ ਇਕ ਦੋਸਤ ਨੂੰ ਕਿਸੇ ਦੀ ਦੱਸ ਰਾਹੀਂ ਮਿਲੀ। ਉਹ ਵੀ ਇਸ ਕਰਕੇ ਮੇਰੇ ਇਸ ਦੋਸਤ ਨੂੰ ਵੀ ਇਹੋ ਜਿਹੇ ਚੱਕਰ ਚਲਾਊ ਪਰਿਵਾਰ ਦੀ ਜ਼ਰੂਰਤ ਸੀ। ਔਰਤ ਨੇ ਕਿਹਾ ਕਿ ਮੈਂ ਇਥੇ ਇਕੱਲੀ ਹਾਂ ਮੇਰਾ ਮਾਂ-ਬਾਪ ਵੀ ਅਮਰੀਕਾ 'ਚ ਹੀ ਹੈ ਪਰ ਦੁੱਖ ਦੀ ਘੜੀ 'ਚ ਉਹ ਵੀ ਮੇਰਾ ਸਾਥ ਨਹੀਂ ਦਿੰਦੇ। ਘਰਵਾਲੇ ਨਾਲ ਮੇਰੇ ਵਿਚਾਰ ਨਹੀਂ ਰਲਦੇ ਅਤੇ ਮੈਂ ਉਸ ਤੋਂ ਤਲਾਕ ਲੈਣ ਲਈ ਅਪਲਾਈ ਵੀ ਕਰ ਦਿੱਤਾ ਹੈ। ਮੇਰਾ ਦੋਸਤ ਭਾਵੁਕ ਹੋ ਕੇ ਉਸ ਔਰਤ ਨਾਲ ਹਮਦਰਦੀ ਵਜੋਂ ਮਦਦ ਕਰਨ ਲਈ ਤਿਆਰ ਹੋ ਗਿਆ ਪਰ ਉਹ ਆਪਣੇ ਅੰਦਰ ਵੀ ਇਕ ਸਕੀਮ ਬਣਾਈ ਬੈਠਾ ਸੀ ਕਿ ਇਕ ਦਿਨ ਅਸੀਂ ਹੀ ਇਸ ਨਾਲ ਰਿਸ਼ਤਾ ਗੰਢ ਕੇ ਇੰਡੀਆ ਤੋਂ ਆਪਣਾ ਭਰਾ ਮੰਗਵਾ ਲਵਾਂਗੇ। ਖੈਰ ਮਦਦ ਲਈ ਮਕਾਨ ਕਿਰਾਏ 'ਤੇ ਲੈ ਦਿੱਤਾ। ਸਭ ਕੁਝ ਘਰ ਦਾ ਸਾਮਾਨ ਵੀ ਖਰੀਦ ਲਿਆ। ਇਹ ਸਭ ਕਰਨ ਤੋਂ ਬਾਅਦ ਉਹਦੇ ਮਾਂ-ਬਾਪ ਵੀ ਮੇਰੇ ਦੋਸਤ ਦਾ ਸ਼ੁਕਰੀਆ ਕਰਨ ਲਈ ਆਏ ਬਈ ਤੂੰ ਸਾਡੀ ਧੀ ਦੀ ਕਾਫੀ ਮਦਦ ਕੀਤੀ ਹੈ। ਦਿਨ ਬੀਤਣ ਲੱਗੇ ਤਾਂ ਗੱਲ ਵੀ ਹੌਲੀ-ਹੌਲੀ ਅੱਗੇ ਤੁਰਨ ਲੱਗੀ।

ਮੇਰੇ ਦੋਸਤ ਨੇ ਸਭ ਤੋਂ ਪਹਿਲਾਂ ਬਿਠਾ ਕੇ ਉਸ ਮੁਟਿਆਰ ਔਰਤ ਅਤੇ ਉਸ ਦੇ ਮਾਂ-ਬਾਪ ਨੂੰ ਸਲਾਹ ਨਾਲ ਹੀ ਪੁੱਛਿਆ ਕਿ ਆਖਰ ਇਨ੍ਹਾਂ ਦੀ ਆਪਸ ਵਿਚ ਕਿਉਂ ਨਹੀਂ ਬਣਦੀ। ਉਨ੍ਹਾਂ ਅੱਗੋਂ ਜਵਾਬ ਦਿੱਤਾ ਕਿ ਉਹ ਕੁੱਟਦਾ ਮਾਰਦਾ ਹੈ। ਖੈਰ ਹੋਰ ਵੀ ਕਈ ਗੱਲਾਂ ਹੋਈਆਂ ਜਿਨ੍ਹਾਂ ਦਾ ਜ਼ਿਕਰ ਬਹੁਤਾ ਜ਼ਰੂਰੀ ਨਹੀਂ ਹੈ। ਦੋ ਹਫ਼ਤੇ ਬਾਅਦ ਮੇਰੇ ਦੋਸਤ ਨੇ ਆਪਣੇ ਛੋਟੇ ਭਰਾ ਬਾਰੇ ਸਵਾਲ ਰੱਖ ਦਿੱਤਾ ਕਿ ਅਗਰ ਬੁਰਾ ਨਾ ਮਨਾਓ ਤਾਂ ਤੁਸੀਂ ਸਾਡੇ ਨਾਲ ਰਿਸ਼ਤੇਦਾਰੀ ਗੰਢ ਸਕਦੇ ਹੋ। ਉਨ੍ਹਾਂ ਹਾਂ ਕਰ ਦਿੱਤੀ। ਦੇਖ ਦਿਖਾਈ ਹੋ ਗਈ ਮੁੰਡੇ ਦੀ ਫੋਟੋ ਦਿਖਾਈ ਗਈ ਜੋ ਅਜੇ ਇੰਡੀਆ ਵਿਚ ਸੀ। ਇਕ ਗੱਲ ਮੈਂ ਪਾਠਕਾਂ ਦੇ ਧਿਆਨ ਗੋਚਰੇ ਕਰ ਦਿੰਦਾ ਹਾਂ ਕਿ ਜਦੋਂ

ਅਮਰੀਕਾ 'ਚ ਕੋਈ ਸਿਟੀਜ਼ਨ ਭਾਵ ਅਮਰੀਕਾ ਦੀ ਨਾਗਰਿਕ ਕੁੜੀ ਮਿਲ ਜਾਵੇ ਤਾਂ ਮੁੰਡਾ ਇੰਡੀਆ ਤੋਂ ਆਉਣਾ ਹੋਵੇ ਤਾਂ ਫਿਰ ਬਹੁਤਾ ਇਨ੍ਹਾਂ ਗੱਲਾਂ ਵੱਲ ਲੋਕ ਧਿਆਨ ਨਹੀਂ ਦਿੰਦੇ ਕਿ ਕੁੜੀ ਸੋਹਣੀ ਹੈ ਕਿ ਨਹੀਂ, ਖਾਨਦਾਨ ਕੀ ਹੈ? ਉੱਚੀ ਲੰਮੀ, ਪੜ੍ਹੀ-ਲਿਖੀ, ਚਰਿੱਤਰ ਆਦਿ ਵੱਲ। ਸਭ ਮਨਜ਼ੂਰ ਹੋ ਜਾਂਦਾ ਹੈ। ਫਿਰ ਤਾਂ ਬੱਸ ਖਿਆਲਾਂ 'ਚ ਵਿਆਹ ਹੋਣ ਲੱਗ ਪੈਂਦੇ ਹਨ ਅਤੇ ਇੰਡੀਆ ਵਾਲਾ ਮੁੰਡਾ ਜਹਾਜ਼ ਵਿਚ ਬੈਠਾ ਦਿਖਾਈ ਦਿੰਦਾ ਹੈ। ਪਰ ਕੰਮ ਉਹੀ ਲੋਕ ਕਰਦੇ ਹਨ ਜਿਨ੍ਹਾਂ ਦੀ ਜ਼ਰੂਰਤ ਬਹੁਤ ਸਖਤ ਬਣ ਜਾਂਦੀ ਹੈ ਅਮਰੀਕਾ।

ਤਿੰਨ ਹਫਤਿਆਂ ਬਾਅਦ ਪਤਾ ਲੱਗਾ ਕਿ ਉਹਦਾ ਘਰਵਾਲਾ ਤਾਂ ਉਹਨੂੰ ਸ਼ਰੇਆਮ ਮਿਲਦਾ ਹੈ। ਮੇਰਾ ਦੋਸਤ ਸੋਚੇ ਬਈ ਸ਼ਾਇਦ ਇਹ ਬੰਦਾ ਕੋਈ ਗ਼ਲਤ ਨਾ ਹੋਵੇ ਕਿਉਂਕਿ ਉਹ ਔਰਤ ਦੇ ਘਰਵਾਲੇ ਨੂੰ ਨਹੀਂ ਸੀ ਜਾਣਦਾ ਸੋ ਇਸ ਕਰਕੇ ਉਹਨੇ ਸਮਝਿਆ ਇਹ ਔਰਤ ਚਰਿੱਤਰਹੀਣ ਸੀ ਇਸੇ ਕਰਕੇ ਇਹਦੇ ਘਰਵਾਲੇ ਨੇ ਇਹਨੂੰ ਛੱਡ ਦਿੱਤਾ। ਮੇਰੇ ਦੋਸਤ ਨੇ ਵੀ ਉਸ ਨਾਲ ਰਿਸ਼ਤਾ ਕਰਨ ਤੋਂ ਕੰਨੀ ਕਤਰਾਉਣੀ ਚਾਹੀ ਪਰ ਉਹ ਪੱਕੀ ਤਿਆਰ ਅਤੇ ਜਵਾਬ ਦੇਣ ਦਾ ਨਾਂਅ ਹੀ ਨਾ ਲਵੇ। ਮੇਰੇ ਦੋਸਤ ਨੂੰ ਥੋੜ੍ਹੀ ਭਿਣਕ ਪਈ। ਉਹਨੇ ਕਿਹਾ ਮੈਂ ਤੇਰੇ ਮਾਂ ਬਾਪ ਨਾਲ ਗੱਲ ਕਰਨੀ ਆ। ਖੈਰ ਮਾਂ-ਬਾਪ ਨਾਲ ਗੱਲ ਕੀਤੀ ਗਈ ਕਿ ਇਸ ਦੇ ਘਰ ਤਾਂ ਕੋਈ ਆਦਮੀ ਆਉਂਦਾ ਹੈ। ਉਹ ਕਹਿੰਦੇ ਸਾਨੂੰ ਪਤਾ ਹੈ। ਉਹ ਕੌਣ ਆਦਮੀ ਹੈ? ਮੇਰਾ ਦੋਸਤ ਹੈਰਾਨ ਹੋ ਗਿਆ ਕਿ ਮਾਂ-ਬਾਪ ਵੀ ਜਾਣਦੇ ਹਨ ਅਤੇ ਸ਼ਰਮ ਵੀ ਨਹੀਂ ਮੰਨਦੇ। ਖੈਰ ਉਨ੍ਹਾਂ ਕਿਹਾ ਭਾਈ ਅਸਲ 'ਚ ਇਹ ਇਨ੍ਹਾਂ ਦੋਵਾਂ ਦਾ (ਤੀਵੀਂ ਆਦਮੀ) ਦਾ ਪਲਾਨ ਹੈ। ਤੁਸੀਂ ਪੈਸੇ ਦੱਸੋ ਇਹਨੂੰ ਕਿੰਨੇ ਦਿਓਗੇ ਮੁੰਡਾ ਇੰਡੀਆ ਤੋਂ ਲਿਆ ਦੇਵੇਗੀ ਵਿਆਹ ਕਰਵਾ ਕੇ। ਬਈ ਵਾਹ ਸਦਕੇ ਜਾਈਏ ਲੋਕਾਂ ਦੀਆਂ ਸਕੀਮਾਂ ਦੇ ਕਿੰਨੇ ਪਾਪੜ ਵੇਲੇ ਆਖਰ ਬਿੱਲੀ ਥੈਲਿਉਂ ਬਾਹਰ ਨਿਕਲ ਹੀ ਆਈ। ਬਾਅਦ 'ਚ ਪਤਾ ਲੱਗਾ ਬਈ ਇਹ ਮੋਟੀ ਰਕਮ ਲੈ ਕੇ ਤੁਹਾਡਾ ਸਾਰਾ ਪ੍ਰੋਗਰਾਮ ਤਰੀਕੇ ਨਾਲ ਭੁਗਤਾ ਕੇ ਫਿਰ ਇਕ ਡਾਲ ਦੇ ਦੋ ਪੰਛੀ ਬਣ ਜਾਂਦੇ ਹਨ। ਕਹਿਣ ਤੋਂ ਭਾਵ ਲੋਕਾਂ ਨੇ ਪੈਸੇ ਕਮਾਉਣ ਦਾ ਨਵਾਂ ਤਰੀਕਾ ਲੱਭ ਲਿਆ ਹੈ। ਹੁਣ ਹਰ ਇਕ ਨੂੰ ਸ਼ੱਕ ਜਿਹੀ ਹੋ ਜਾਂਦੀ ਹੈ ਜਦੋਂ ਕੋਈ ਜ਼ਨਾਨੀ ਕਹਿੰਦੀ ਹੈ। 'ਸਾਡੀ ਆਪਸ ਵਿਚ ਨਹੀਂ ਬਣਦੀ'।

○○

40

ਸਾਡਾ ਕਸੂਰ ਤਾਂ ਦੱਸੋ ਕੀ ਆ

ਜਿੱਥੇ ਜਿੱਥੇ ਵੀ ਮਨੁੱਖੀ ਜੀਵਨ ਹੈ ਉਥੇ ਹਰ ਤਰ੍ਹਾਂ ਦਾ ਵਰਤਾਰਾ ਦੇਖਣ, ਸੁਣਨ ਅਤੇ ਹੰਢਾਉਣ ਨੂੰ ਮਿਲਦਾ ਹੈ। ਅਸੀਂ ਉਹੀ ਕਹਿ ਸਕਦੇ ਹਾਂ ਜਿਸ ਨੂੰ ਅਸੀਂ ਹੱਡੀਂ ਹੰਢਾਇਆ ਜਾਂ ਜਿਸ 'ਚ ਅਸੀਂ ਜੰਮੇ ਪਲੇ ਹੋਈਏ। ਪਿਛਲੇ ਮਹੀਨੇ ਮੈਂ ਆਪਣੇ ਦੋਸਤ ਦੀ ਇਕ ਪਾਰਟੀ ਵਿਚ ਪੂਰੇ ਪਰਿਵਾਰ ਸਮੇਤ ਸ਼ਾਮਿਲ ਹੋਇਆ। ਪਾਰਟੀ ਦਾ ਦੌਰ ਪੂਰੇ ਜਲਾਲ ਵਿਚ ਸੀ ਸਭ ਕੋਈ ਪੈੱਗ ਲਾ ਰਿਹਾ ਸੀ ਕੋਈ ਬੀਅਰ ਤੇ ਕੋਈ ਬੱਸ ਸੋਡਾ ਪੀ ਕੇ ਕੰਮ ਸਾਰੀ ਜਾ ਰਿਹਾ ਸੀ। ਉਸ ਦਿਨ ਮੇਰੀ ਸੱਜੀ ਲੱਤ 'ਚ ਦਰਦ ਬਹੁਤ ਹੁੰਦੀ ਸੀ ਜਿਹੜੀ ਪਹਿਲਾਂ ਵੀ ਕਈ ਵਾਰ ਹੋ ਜਾਂਦੀ ਸੀ। ਮੇਰੇ ਕੋਲੋਂ ਬਹੁਤਾ ਖੜ੍ਹ ਨਹੀਂ ਹੋ ਰਿਹਾ ਸੀ ਪਰ ਮੇਰੇ ਹਾਣੀ ਦੋਸਤ ਮੇਰਾ ਸਤਿਕਾਰ ਗਲਾਸੀ ਲੁਆ ਕੇ ਨਵੀਆਂ ਤਾਜ਼ੀਆਂ ਸੁਣਨ ਲਈ ਉਤਾਵਲੇ ਸਨ ਅਤੇ ਮੈਂ ਅੰਦਰੋਂ ਦੁਖੀ ਸੀ ਲੱਤ ਦੀ ਦਰਦ ਨਾਲ। ਮੈਨੂੰ ਕੁਝ ਵੀ ਚੰਗਾ ਨਹੀਂ ਲੱਗ ਰਿਹਾ ਸੀ। ਖ਼ੈਰ ਮੈਂ ਇਕ ਬਜ਼ੁਰਗਾਂ ਦੇ

ਟੇਬਲ 'ਤੇ ਜਾ ਕੇ ਬੈਠ ਗਿਆ। ਮੈਂ ਸੋਚਿਆ ਕਿ ਇਕ ਤਾਂ ਮੈਂ ਜ਼ਬਰਦਸਤੀ ਤੋਂ ਬਚਿਆ ਰਹਾਂਗਾ ਅਤੇ ਦੂਜਾ ਮੈਨੂੰ ਬੈਠਣ ਨਾਲ ਕੁਝ ਦਰਦ ਵੱਲੋਂ ਰਾਹਤ ਮਿਲ ਰਹੀ ਸੀ। ਬਜ਼ੁਰਗ ਆਪੋ-ਆਪਣੇ ਨਾਲ ਹੱਡ-ਬੀਤੀਆਂ ਅਤੇ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਕੇ ਲੁਤਫ਼ ਲੈ ਰਹੇ ਸਨ, ਮੈਂ ਵੀ ਆਪਣੀਆਂ ਕਈ ਦਲੀਲਾਂ ਦਿੰਦਾ ਤੇ ਬਾਕੀ ਧਿਆਨ ਨਾਲ ਸਭ ਸੁਣ ਰਿਹਾ ਸੀ। ਗੱਲਾਂ-ਗੱਲਾਂ ਵਿਚ ਮੇਰੇ ਮਿੱਤਰਾਂ 'ਚੋਂ ਇਕ ਦੇ ਬਾਪ ਨੇ ਪਿਛਲੇ ਸਾਲ ਦੀ ਆਪਣੀ ਹੱਡਬੀਤੀ ਸੁਣਾਉਣੀ ਸ਼ੁਰੂ ਕਰ ਦਿੱਤੀ। ਗੱਲ ਇੰਡੀਆ ਦੀ ਤਰੱਕੀ ਦੀ ਹੋ ਰਹੀ ਸੀ। ਬਜ਼ੁਰਗ ਕਹਿੰਦਾ ਕਿ ਇੰਡੀਆ ਕਦੇ ਵੀ ਤਰੱਕੀ ਨਹੀਂ ਕਰ ਸਕਦਾ। ਬਾਕੀ ਸਾਰੇ ਕਹਿੰਦੇ ਕਿ ਕਿਉਂ! ਬਜ਼ੁਰਗ ਕਹਿੰਦਾ ਲਓ ਮੈਂ ਪਿਛਲੇ ਸਾਲ ਮੇਰੇ ਨਾਲ ਵਾਪਰੀ ਇਕ ਗੱਲ ਸੁਣਾਉਂਦਾ ਹਾਂ ਉਸ ਤੋਂ ਤੁਸੀਂ ਆਪ ਹੀ ਅੰਦਾਜ਼ਾ ਲਾ ਲਿਓ ਕਿ ਇੰਡੀਆ ਤਰੱਕੀ ਕਰ ਸਕਦਾ ਹੈ ਜਾਂ ਨਹੀਂ। ਕਹਿੰਦਾ ਅਸੀਂ ਸਾਰਾ ਪਰਿਵਾਰ ਅਤੇ ਦੋ ਤਿੰਨ ਹੋਰ ਪਰਿਵਾਰ ਵਿਆਹ ਦੇ ਸਬੰਧ 'ਚ ਇੰਡੀਆ ਗਏ ਹੋਏ ਸੀ। ਮੈਂ ਅਤੇ ਮੇਰੀ ਪਤਨੀ ਨੇ ਪਹਿਲਾਂ ਆਉਣਾ ਸੀ ਅਤੇ ਬਾਕੀ ਮੇਰੀਆਂ ਨੂੰਹਾਂ-ਪੁੱਤਾਂ ਨੇ ਬਾਅਦ 'ਚ ਆਉਣਾ ਸੀ। ਸਾਡੇ ਨਾਲ ਮੇਰੇ ਪੋਤੇ, ਪੋਤੀਆਂ ਅਤੇ ਦੂਜੇ ਪਰਿਵਾਰਾਂ ਦੇ ਨਿਆਣੇ ਇਸ ਕਰਕੇ ਤੋਰ ਦਿੱਤੇ ਕਿਉਂਕਿ ਉਨ੍ਹਾਂ ਦੀਆਂ ਛੁੱਟੀਆਂ ਖ਼ਤਮ ਹੋ ਗਈਆਂ ਸਨ। ਅਸੀਂ ਛੇ-ਸੱਤ ਬੱਚੇ ਨਾਲ ਲੈ ਕੇ ਦਿੱਲੀ ਏਅਰਪੋਰਟ ਜਾਣ ਲਈ ਗੱਡੀ ਕਿਰਾਏ 'ਤੇ ਕਰ ਲਈ। ਦਿੱਲੀ ਜਾਣ ਵੇਲੇ ਪਹਿਲਾਂ ਤਾਂ ਡਰਾਈਵਰ ਪੰਜਾਬ ਅਤੇ ਫਿਰ ਹਰਿਆਣਾ 'ਚ ਪੁਲਿਸ ਤੋਂ ਬਚਦਾ ਬਚਾਉਂਦਾ ਅੱਗੇ ਜਾ ਰਿਹਾ ਸੀ ਤਾਂ ਮੈਂ ਪੁੱਛਿਆ ਜਵਾਨਾ ਪੁਲਿਸ ਤੋਂ ਕਿਉਂ ਐਨਾ ਡਰਦਾਂ, ਜਦ ਕਿ ਤੇਰੇ ਕੋਲ ਪਰਮਿੰਟ ਹੈ, ਪੇਪਰ ਪੂਰੇ ਹਨ। ਕਹਿੰਦਾ ਬਾਪੂ ਜੀ, ਇਹ ਅਮਰੀਕਾ ਨਹੀਂ। ਇਹ ਇੰਡੀਆ ਹੈ ਇਥੇ ਪੇਪਰ ਹੋਣ ਜਾਂ ਨਾ ਹੋਣ ਤੁਹਾਡੇ ਕੋਲ ਪੈਸੇ ਹੋਣੇ ਚਾਹੀਦੇ ਹਨ। ਗੱਲਾਂ ਕਰਦਿਆਂ-ਕਰਦਿਆਂ ਮੂਹਰੇ ਇਕ ਨਾਕਾ ਲੱਗਾ ਸੀ ਤੇ ਉਹਨੀਂ ਸਾਨੂੰ ਘੇਰ ਲਿਆ। ਅਸੀਂ ਵਿਚ ਬੈਠੇ ਰਹੇ ਤੇ ਡਰਾਈਵਰ ਆਪਣੇ ਪੇਪਰ ਲੈ ਕੇ ਪੁਲਿਸ ਅਫ਼ਸਰ ਕੋਲ ਚਲਾ ਗਿਆ ਤੇ ਥੋੜ੍ਹੀ ਦੇਰ ਬਾਅਦ ਇਕ ਸਿਪਾਹੀ ਆਇਆ ਕਹਿੰਦਾ ਸਾਰੇ ਥੱਲੇ ਉਤਰੋ 'ਯਹ ਗਾੜੀ ਅਬ ਥਾਣੇ ਮੇਂ ਜਾਏਗੀ', ਅਸੀਂ ਥੱਲੇ ਉਤਰੇ, ਬੱਚੇ ਵੀ ਡੌਰ-ਭੌਰ ਹੋਏ ਆਲਾ-ਦੁਆਲਾ ਦੇਖਣ ਬਈ ਇਹ ਕੀ ਹੋ ਰਿਹਾ ਹੈ। ਮੈਂ ਡਰਾਈਵਰ ਨੂੰ ਪੁੱਛਿਆ ਬਈ ਕੀ ਗੱਲ ਹੈ। ਉਹ ਕਹਿੰਦਾ ਬਾਪੂ ਜੀ ਗੱਡੀ ਦਾ ਟੈਕਸ ਭਰਨ ਲਈ ਪੰਜ ਕੁ ਦਿਨ ਲੇਟ ਹੋ ਗਿਆ, ਮੈਂ ਸੋਚਿਆ ਇਹ ਗੇੜਾ ਲੱਗ ਜਾਵੇਗਾ ਅਤੇ ਆ ਕੇ ਭਰ ਦੇਵਾਂਗਾ ਪਰ ਇਹ ਕਹਿੰਦੇ ਕਿ ਗੱਡੀ ਥਾਣੇ ਲੈ ਕੇ ਜਾਣੀ ਆ। ਮੈਂ ਕਿਹਾ ਕਿ ਇਹ ਕੀ ਕਾਨੂੰਨ ਹੈ ਤੈਨੂੰ ਲੇਟ ਚਾਰਜ ਭਾਵ ਵਾਧੂ ਚਾਰਜ ਲਾ ਦੇਣ ਅਤੇ ਜਾਣ ਦੇਣ। ਮੈਂ ਪੁਲਿਸ ਅਫ਼ਸਰ ਕੋਲ ਗਿਆ ਬੜੇ ਸਲੀਕੇ ਨਾਲ ਗੱਲਬਾਤ ਕੀਤੀ ਬਈ ਅਗਰ ਇਸ ਨੇ ਟੈਕਸ ਟਾਈਮ ਸਿਰ ਨਹੀਂ ਭਰਿਆ ਤਾਂ ਇਸ ਵਿਚ ਸਾਡਾ ਕਸੂਰ ਕੀ। ਅਸੀਂ ਏਅਰਪੋਰਟ ਜਾ ਰਹੇ ਹਾਂ। ਸਾਡੀ ਫਲਾਈਟ ਸਾਡੇ ਲੇਟ ਪਹੁੰਚਣ 'ਤੇ ਉੱਡ ਜਾਵੇਗੀ। ਉਥੇ ਸਾਨੂੰ ਕਿਸੇ ਨੇ ਨਹੀਂ ਉਡੀਕਣਾ। ਅਸੀਂ ਬਜ਼ੁਰਗ ਅਤੇ ਇਹ ਛੇ

ਬੱਚੇ ਸਾਡੇ ਨਾਲ ਹਨ ਅਸੀਂ ਕਿੱਧਰ ਜਾਈਏ ਇਥੋਂ। ਉਹਨੇ ਆਰਾਮ ਨਾਲ ਕਿਹਾ ਕਿ 'ਆਪ ਇਨ ਕੋ ਬੱਸ ਮੇਂ ਲੇ ਜਾਓ।' ਮੈਂ ਕਿਹਾ ਅਸੀਂ ਹੁਣ ਬੱਸਾਂ 'ਚ ਕਿੱਥੇ ਧੱਕੇ ਖਾਂਦੇ ਫਿਰੀਏ। ਬੱਸ 'ਚ ਤਾਂ ਅਸੀਂ ਟਾਈਮ ਨਾਲ ਪਹੁੰਚ ਹੀ ਨਹੀਂ ਸਕਦੇ। ਮਿਹਰਬਾਨੀ ਕਰਕੇ ਇਹਨੂੰ ਜੋ ਜੁਰਮਾਨਾ ਲਾਉਣਾ ਲਾਵੋ ਅਤੇ ਸਾਨੂੰ ਜਾਣ ਦੇਵੋ। ਕਹਿੰਦਾ 'ਬਾਬਾ ਜੀ ਆਪ ਕੀ ਬਾਤ ਤੋ ਸਹੀ ਹੈ ਪਰ ਯਹ ਗਾੜੀ ਅਬ ਥਾਣੇ ਜਾਏਗੀ।' ਮੈਂ ਕਿਹਾ ਕਿ ਅਸੀਂ ਕਿੱਥੇ ਜਾਈਏ ਕਹਿੰਦਾ 'ਯਹ ਆਪ ਸੋਚੋ।' ਉੱਪਰੋਂ ਹਨੇਰਾ ਹੋਣ ਵਾਲਾ, ਪੁਲਿਸ ਵਾਲਾ ਟੱਸ ਤੋਂ ਮੱਸ ਨਾ ਹੋਵੇ। ਬੱਚੇ ਸਾਨੂੰ ਬਾਰ-ਬਾਰ ਪੁੱਛਣ ਬਈ ਸਾਨੂੰ ਕਿਉਂ ਰੋਕਿਆ ਹੈ। ਸਾਡੇ ਬੱਚੇ ਸਾਨੂੰ ਕਹਿਣ ਸਾਨੂੰ ਇੰਡੀਆ 'ਚ ਇਹੋ ਜਿਹੀਆਂ ਚੀਜ਼ਾਂ ਦਿਖਾਉਣ ਲਈ ਲਿਆਉਂਦੇ ਹੋ। ਪੁਲਿਸ ਵਾਲੇ ਕਿਉਂ ਹੋਲਡ ਕਰਕੇ ਸਾਨੂੰ ਰੱਖ ਰਹੇ ਹਨ। ਮੈਂ ਬੱਚਿਆਂ ਨੂੰ ਵੀ ਕੋਈ ਜਵਾਬ ਨਾ ਦੇ ਸਕਿਆ।

ਮੈਂ ਫਿਰ ਜਾ ਕੇ ਪੁਲਿਸ ਅਫਸਰ ਨੂੰ ਬੇਨਤੀ ਕੀਤੀ ਬਈ ਭਰਾਵਾ ਇਹ ਸਾਡੇ ਬੱਚੇ ਪਹਿਲੀ ਵਾਰ ਇੰਡੀਆ ਆਏ ਹਨ। ਮੈਨੂੰ ਨਹੀਂ ਲਗਦਾ ਕਿ ਇਹ ਦੁਬਾਰਾ ਆਉਣ ਤੇ ਇਨ੍ਹਾਂ ਅਮਰੀਕਾ 'ਚ ਜਾ ਕੇ ਇਹ ਸਾਰੀ ਕਹਾਣੀ ਆਪਣੇ ਸਕੂਲਾਂ 'ਚ ਆਪਣੇ ਮਿੱਤਰਾਂ ਨੂੰ ਦੱਸਣੀ ਆ ਜਿਸ ਨਾਲ ਇਹ ਮੁੜ ਕੇ ਸਾਡੇ ਲੱਖ ਯਤਨ ਕਰਨ ਦੇ ਬਾਵਜੂਦ ਵੀ ਇੰਡੀਆ ਨਹੀਂ ਆਉਣਗੇ। ਕਿਰਪਾ ਕਰੋ ਸਾਨੂੰ ਕੋਈ ਰਾਹ ਦੱਸੋ। ਪੁਲਿਸ ਅਫਸਰ ਨੂੰ ਸ਼ਾਇਦ ਮੇਰੀਆਂ ਗੱਲਾਂ ਪ੍ਰਭਾਵਿਤ ਕਰ ਗਈਆਂ। ਕਹਿੰਦਾ ਬਜ਼ੁਰਗਾ ਇਕ ਸ਼ਰਤ 'ਤੇ ਛੱਡ ਦਿੰਦੇ ਹਾਂ। ਪਹਿਲਾਂ ਚਾਰ ਹਜ਼ਾਰ ਰੁਪਏ ਦੇ ਦਿਉ ਅਤੇ ਗੱਡੀ ਲੈ ਜਾਓ। ਡਰਾਈਵਰ ਕੋਲ ਤਾਂ ਬਹੁਤੇ ਪੈਸੇ ਹੈ ਨਹੀਂ ਸਨ, ਸਾਨੂੰ ਏਅਰਪੋਰਟ ਅਤੇ ਰਸਤੇ 'ਚ ਖਰਚਣ ਵਾਸਤੇ ਹੀ ਦਿੱਤੇ ਸਨ। ਅਸੀਂ ਆਪਣਾ ਖਰਚਾ ਵੀ ਸਾਰਾ ਇਕੱਠਾ ਕਰਕੇ ਅਤੇ ਜਿਸ ਕੋਲ ਜਿੰਨੇ ਵੀ ਸੀ। ਜਿਹੜੇ ਨਿਆਣਿਆਂ ਨੂੰ ਰਿਸ਼ਤੇਦਾਰਾਂ ਨੂੰ ਪਿਆਰ ਵਜੋਂ ਸੌ ਪੰਜਾਹ ਦਿੱਤੇ ਸਨ ਨਿਆਣਿਆਂ ਨੇ ਫਟਾਫਟ ਕੱਢ ਕੇ ਫੜਾ ਦਿੱਤੇ। ਕਹਿੰਦੇ ਅਸੀਂ ਇਹ ਨੋਟ ਰੱਖੇ ਸਨ ਬਈ ਇੰਡੀਅਨ ਕਰੰਸੀ ਆਪਣੇ ਦੋਸਤਾਂ ਨੂੰ ਦਿਖਾਵਾਂਗੇ। ਪਰ ਅਫਸੋਸ ਕਿ ਸਾਨੂੰ ਇਹ ਵੀ ਦੇਣੀ ਪੈ ਰਹੀ ਹੈ। ਆਖਰ ਅਸੀਂ ਕਰ ਕਰਾ ਕੇ ਦੋ ਹਜ਼ਾਰ ਇਕੱਠਾ ਕੀਤਾ ਅਤੇ ਨਾਲ ਬੇਨਤੀ ਕੀਤੀ ਕਿ ਸਾਡੇ ਕੋਲ ਜੋ ਹੈ ਸਭ ਇਹੋ ਹੈ। ਤਦ ਜਾ ਕੇ ਅਸੀਂ ਉਥੋਂ ਜਾਨ ਛੁਡਾਈ। ਅਸੀਂ ਮੰਨਦੇ ਹਾਂ ਕਿ ਡਰਾਈਵਰ ਕੋਲ ਪੂਰੇ ਕਾਗਜ਼ ਨਹੀਂ ਸਨ ਪਰ ਪੰਜ ਦਿਨ ਲੇਟ ਹੋਣ ਦਾ ਮਤਲਬ ਇਹ ਨਹੀਂ ਕਿ ਤੁਸੀਂ ਗੱਡੀ ਥਾਣੇ ਲੈ ਜਾਵੋ ਅਤੇ ਖ਼ਾਹ-ਮਖ਼ਾਹ ਸਵਾਰੀਆਂ ਨੂੰ ਪ੍ਰੇਸ਼ਾਨ ਕਰੋ। ਅੱਜ ਵੀ ਬੱਚਿਆਂ ਨੂੰ ਉਹ ਘਟਨਾ ਨਹੀਂ ਭੁੱਲਦੀ। ਹੁਣ ਤੁਸੀਂ ਦੱਸੋ ਕਿ ਇੰਡੀਆ ਤਰੱਕੀ ਕਰੂ?

OO

41

ਵਿਆਹੇ ਗਾਇਕ ਅਤੇ ਗਾਇਕਾਵਾਂ ਤੋਂ ਵਿਦੇਸ਼ੀ ਪ੍ਰਮੋਟਰ ਭਾਰੀ ਪ੍ਰੇਸ਼ਾਨ!

ਗਾਇਕ ਅਤੇ ਗਾਇਕਾਵਾਂ ਸਾਡੇ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ। ਸੱਭਿਆਚਾਰ ਨੂੰ ਸਥਾਈ ਰੂਪ 'ਚ ਰੱਖਣ ਲਈ ਇਨ੍ਹਾਂ ਦਾ ਪੂਰਾ ਯੋਗਦਾਨ ਹੈ। ਵਿਦੇਸ਼ਾਂ ਵਿਚ ਜਿੱਥੇ-ਜਿੱਥੇ ਪੰਜਾਬੀ ਵੱਸਦੇ ਹਨ ਜਦੋਂ ਉਹ ਪੰਜਾਬ ਵਰਗਾ ਮਾਹੌਲ ਵਿਦੇਸ਼ਾਂ 'ਚ ਸਿਰਜਦੇ ਹਨ ਤਾਂ ਉਹ ਆਪਣੇ ਮਨੋਰੰਜਨ ਲਈ ਆਪਣੇ ਪੰਜਾਬੀ ਗਾਇਕਾਂ ਨੂੰ ਵਿਦੇਸ਼ਾਂ 'ਚ ਮੰਗਵਾਉਣ ਦੇ ਪੂਰੇ ਉਪਰਾਲੇ ਕਰਦੇ ਹਨ। ਕਬੂਤਰਬਾਜ਼ੀ ਤੋਂ ਪਹਿਲਾਂ ਜਿਹੜਾ ਕਲਾਕਾਰ ਵਿਦੇਸ਼ ਗੇੜਾ ਲਾ ਆਉਂਦਾ ਸੀ ਉਹਦੀ ਵੈਸੇ ਹੀ ਟੌਹਰ ਦੁੱਗਣੀ ਚੌਗੁਣੀ ਹੋ ਜਾਂਦੀ ਸੀ ਤੇ ਵੀਜ਼ਾ ਵੀ ਛੇਤੀ ਕੀਤੇ ਮਿਲਦਾ ਨਹੀਂ ਸੀ। ਉਦਾਂ ਵੀ ਮਸਾਂ ਹੀ ਕੋਈ ਬੰਦਾ ਪ੍ਰਮੋਟਰ ਬਣ ਕੇ ਇਸ ਘਾਟੇ ਦੇ ਕੰਮ ਨੂੰ ਹੱਥ ਪਾਉਂਦਾ ਸੀ। ਉਨ੍ਹਾਂ ਜ਼ਮਾਨਿਆਂ 'ਚ ਇਕ ਪ੍ਰਮੋਟਰ ਦਾ ਤਾਂ ਇਥੋਂ ਤੱਕ

ਕਹਿਣਾ ਹੈ ਕਿ ਮੈਂ ਅੱਜ ਤੱਕ ਕਿਸੇ ਵੀ ਗਾਇਕ ਨੂੰ ਬਾਹਰ ਆਉਣ ਦਾ ਕੋਈ ਪੈਸਾ ਨਹੀਂ ਦਿੱਤਾ। ਮੈਂ ਪੁੱਛਿਆ ਕਿਉਂ? ਕਹਿੰਦਾ ਇਕ ਤਾਂ ਇਨ੍ਹਾਂ ਨੂੰ ਕੈਨੇਡਾ-ਅਮਰੀਕਾ ਦੀ ਸੈਰ ਕਰਾਈਏ, ਜਹਾਜ਼ਾਂ 'ਚ ਲੈ ਕੇ ਜਾਈਏ ਦੂਜਾ ਇਨ੍ਹਾਂ ਨੂੰ ਪੈਸੇ ਦਈਏ ਸਾਡੇ ਨਾਲੋਂ ਵੱਡਾ ਬੇਵਕੂਫ ਕੌਣ ਹੋਊ? ਜਦੋਂ ਇਹ ਪੈਸੇ ਮੰਗਣ ਲੱਗ ਪਏ ਆਪਾਂ ਲਿਆਉਣੇ ਛੱਡ ਦਿੱਤੇ ਕਿਉਂਕਿ ਕਬੂਤਰਬਾਜ਼ੀ ਦੇ ਦੌਰ 'ਚ ਗਾਇਕ ਅਤੇ ਗਾਇਕਾਵਾਂ ਵੀ ਬਹੁਤ ਪੈਦਾ ਹੋਏ। ਹੁਣ ਹਾਲਾਤ ਫਿਰ ਕੁਝ ਸੁਧਰੇ ਹਨ। ਬਾਹਰ ਫਿਰ ਸ਼ੋਅ ਸ਼ੁਰੂ ਹੋਏ ਹਨ ਪਰ ਕਬੂਤਰਬਾਜ਼ੀ ਤਕਰੀਬਨ ਬੰਦ ਹੋ ਗਈ ਹੈ। ਹਾਂ ਹੁਣ ਕੋਈ ਗੀਤਕਾਰ ਬਣ ਕੇ ਜਾਂ ਕੰਪਨੀ ਦਾ ਮਾਲਕ ਬਣ ਕੇ ਤੇ ਫਿਰ ਜਾਂ ਪੇਸ਼ਕਾਰ ਬਣ ਕੇ ਅਜੇ ਵੀ ਟਰਾਈ ਜ਼ਰੂਰ ਮਾਰਦੇ ਹਨ।

ਹੁਣੇ ਜਿਹੇ ਅਮਰੀਕਾ ਦੇ ਇਕ ਪ੍ਰਮੋਟਰ ਨੇ ਆਪਣਾ ਇਕ ਗਰੁੱਪ ਤਿਆਰ ਕੀਤਾ ਅਤੇ ਬਾਹਰ ਆਪਣੇ ਪੂਰੇ ਅਮਰੀਕਾ 'ਚ ਸ਼ੋਅ ਬੁੱਕ ਕਰਵਾ ਲਏ, ਆਉਣ ਵਾਲੇ ਗਾਇਕਾਂ ਦਾ ਵੱਡਾ ਪੋਸਟਰ ਦਿਖਾ ਕੇ ਕਈਆਂ ਤੋਂ ਥੋੜ੍ਹਾ-ਬਹੁਤ ਅਡਵਾਂਸ ਵੀ ਲੈ ਲਿਆ। ਉਹਦੇ ਗਰੁੱਪ ਵਿਚ ਇਕ ਗਾਇਕ ਨੇ ਅੜੀ ਕੀਤੀ ਕਿ ਮੈਂ ਆਪਣੀ ਘਰਵਾਲੀ ਨੂੰ ਲੈ ਕੇ ਜਾਣਾ ਚਾਹੁੰਦਾ ਹਾਂ, ਫਸਿਆ ਕੀ ਨਾ ਕਰਦਾ, ਪ੍ਰਮੋਟਰ ਨੇ ਇਜਾਜ਼ਤ ਦੇ ਦਿੱਤੀ ਪਰ ਅੰਬੈਸੀ ਵਾਲਿਆਂ ਕਿਸੇ ਕਾਰਨ ਵੀਜ਼ਾ ਨਾ ਦਿੱਤਾ। ਬਾਹਰ ਅਖ਼ਬਾਰਾਂ 'ਚ ਜਿਹੜੀਆਂ ਖ਼ਬਰਾਂ ਛਪੀਆਂ ਉਨ੍ਹਾਂ ਮੁਤਾਬਿਕ ਗਾਇਕ ਨੇ ਅੰਬੈਸੀ ਵਿਚ ਆਪਣਾ ਗਾਇਕਾਂ ਵਾਲਾ ਦਬਕਾ ਮਾਰਿਆ ਕਿ ਅਗਰ ਤੁਸੀਂ ਮੇਰੀ ਘਰਵਾਲੀ ਨੂੰ ਵੀਜ਼ਾ ਨਹੀਂ ਦੇਣਾ ਤਾਂ ਮੈਂ ਵੀ ਅਮਰੀਕਾ ਨਹੀਂ ਜਾਣਾ। ਕਹਿੰਦੇ ਕਿ ਅੰਬੈਸੀ 'ਚ ਮੌਜੂਦ ਕੌਂਸਲਰ ਨੇ ਉਹਦਾ ਪਾਸਪੋਰਟ ਫੜਿਆ ਤੇ ਸੱਤ ਸਾਲ ਦੀ ਲਾਲ ਮੋਹਰ ਲਾ ਦਿੱਤੀ ਕਿ ਤੂੰ ਹੁਣ ਸੱਤ ਸਾਲ ਤੱਕ ਅਮਰੀਕਾ ਬਾਰੇ ਸੋਚ ਵੀ ਨਹੀਂ ਸਕਦਾ। ਉਧਰ ਅੰਬੈਸੀ 'ਚ ਗਾਇਕ ਆਕੜਦਾ ਫਿਰੇ ਤੇ ਇਧਰ ਅਮਰੀਕਾ 'ਚ ਪ੍ਰਮੋਟਰ ਨੂੰ ਕੱਚੀਆਂ ਤ੍ਰੇਲੀਆਂ ਆਉਣ। ਖ਼ੈਰ! ਖ਼ਬਰਾਂ ਕਾਫੀ ਗਰਮ ਰਹੀਆਂ। ਕਈਆਂ ਨੇ ਪ੍ਰਮੋਟਰ ਤੋਂ ਬਹਾਨੇ ਨਾਲ ਪੈਸੇ ਵਾਪਿਸ ਮੰਗਣੇ ਸ਼ੁਰੂ ਕਰ ਦਿੱਤੇ। ਕੀਤੀ-ਕਰਾਈ ਸਾਰੀ ਖੂਹ 'ਚ ਪੈ ਗਈ। ਜਦੋਂ ਮੈਂ ਖ਼ਬਰਾਂ ਦਾ ਬਾਜ਼ਾਰ ਗਰਮ ਦੇਖਿਆ ਤਾਂ ਦਿਲ ਨੂੰ ਦੁੱਖ ਵੀ ਬਹੁਤ ਹੋਇਆ ਤੇ ਗੁੱਸਾ ਵੀ ਆਇਆ। ਕੁਝ ਸੋਚ ਕੇ ਮੈਂ ਆਪਣੇ ਇਕ ਦੋਸਤ ਪ੍ਰਮੋਟਰ ਨੂੰ ਫੋਨ ਕੀਤਾ ਜਿਹੜਾ ਆਪਣੇ ਸ਼ੋਆਂ 'ਚ ਕਾਫੀ ਬੀਜ਼ੀ ਸੀ।

ਮੈਂ ਪੁੱਛਿਆ ਬਈ ਸਭ ਤੋਂ ਪਹਿਲਾਂ ਮੈਨੂੰ ਇਹ ਦੱਸੋ ਬਈ ਇਹ ਜਿਹੜੇ ਗਾਇਕ ਅਤੇ ਗਾਇਕਾਵਾਂ ਆਪਣੇ ਪਤੀ ਅਤੇ ਪਤਨੀਆਂ ਨਾਲ ਲਿਆਉਂਦੇ ਆ ਇਨ੍ਹਾਂ ਦਾ ਖਰਚ ਇਹ ਆਪ ਚੁੱਕਦੇ ਆ ਜਾਂ ਫਿਰ ਤੁਸੀਂ ਕਰਦੇ ਹੋ। ਕਹਿੰਦਾ ਭੌਰਾ ਜੀ ਰੋਣਾ ਤਾਂ ਇਸੇ ਗੱਲ ਦਾ ਬਈ ਇਕ ਤਾਂ ਇਨ੍ਹਾਂ ਦੀਆਂ ਘਰਵਾਲੀਆਂ ਜਾਂ ਘਰਵਾਲੇ ਲਿਆਈਏ ਅਤੇ ਬਾਹਰ ਆ ਕੇ ਫਿਰ ਹੋਟਲ 'ਚ ਕਮਰਾ ਵੀ ਵੱਖਰਾ ਮੰਗਦੇ ਆ-ਜਿਥੇ ਜਾਊ

ਇਨ੍ਹਾਂ ਦੀਆਂ ਟਿਕਟਾਂ ਵੀ ਲਾਈਏ। ਜੇ ਸੱਚ ਪੁੱਛੋ ਤਾਂ ਸਾਡੇ ਸਾਰੇ ਗਰੁੱਪ ਦੇ ਸਾਜ਼ੀਆਂ ਜਿੰਨਾ ਖਰਚਾ ਇਨ੍ਹਾਂ ਦੇ ਇਹੋ ਜਿਹੇ ਫੈਸਲਿਆਂ ਕਰਕੇ ਵਧ ਜਾਂਦਾ ਹੈ। ਮੈਂ ਕਿਹਾ ਇਹ ਤਾਂ ਮਾੜੀ ਗੱਲ ਹੈ ਅਗਰ ਪ੍ਰਮੋਟਰ ਇਨ੍ਹਾਂ ਨੂੰ ਪੂਰੇ ਪੈਸੇ ਦਿੰਦੇ ਹਨ ਤਾਂ ਫਿਰ ਗਾਇਕਾਂ ਨੂੰ ਵੀ ਕੋਈ ਗੱਲ ਵਿਚਾਰਨੀ ਚਾਹੀਦੀ ਹੈ।

ਵੈਸੇ ਤਾਂ ਅਗਰ ਕਿਸੇ ਵੀ ਗਾਇਕ ਜਾਂ ਗਾਇਕਾ ਨੇ ਆਪਣੇ ਸਕੇ ਸਬੰਧੀਆਂ ਨੂੰ ਨਾਲ ਲਿਆਉਣਾ ਹੈ ਤਾਂ ਮੇਰੀ ਇਕੋ ਸਲਾਹ ਹੈ ਕਿ ਇਹ ਆਪਣਾ ਪਰਸਨਲ ਟੂਰ ਰੱਖਣ ਨਾ ਤਾਂ ਅੰਬੈਸੀ ਵਾਲੇ ਜਵਾਬ ਦੇਣ ਅਤੇ ਬਾਕੀ ਇਨ੍ਹਾਂ ਨੂੰ ਪੂਰਾ ਪਤਾ ਲੱਗੇ ਕਿ ਆਪਣੀ ਬਾਲ ਕੇ ਸੇਕਣ 'ਚ ਕਿੰਨਾ ਨੁਕਸਾਨ ਹੁੰਦਾ ਹੈ। ਪ੍ਰਮੋਟਰ ਤਾਂ ਹੁਣ ਇਹੀ ਸਲਾਹਾਂ ਕਰਦੇ ਆ, ਬਈ ਵਿਆਹਿਆ ਗਾਇਕ ਜਾਂ ਗਾਇਕਾ ਕਦੇ ਬਾਹਰ ਨਾ ਲਿਆਵੋ। ਐਥੇ ਅਸੀਂ ਕਿਹੜਾ ਰੁੱਖਾਂ ਨਾਲੋਂ ਪੈਸੇ ਤੋੜਦੇ ਆਂ ਮਿਹਨਤ ਮਜ਼ਦੂਰੀਆਂ ਕਰਕੇ ਹੀ ਚਾਰ ਛਿੱਲੜ ਜੁੜਦੇ ਆ। ਮੈਂ ਤਾਂ ਕਹਾਂਗਾ ਕਿ ਭਰਾਵੋ ਤੁਸੀਂ ਜੀਅ ਸਦਕੇ ਆਪਣੇ ਪਰਿਵਾਰਾਂ ਨੂੰ ਬਾਹਰਲੇ ਮੁਲਕ ਦਿਖਾਉ ਪਰ ਆਪਣੇ ਨਿੱਜੀ ਟਰਿੱਪ 'ਤੇ ਆ ਕੇ ਨਾਲੇ ਤੁਹਾਡੇ ਕੋਲ ਖੁੱਲ੍ਹਾ ਟਾਈਮ ਹੋਵੇਗਾ। ਕਿਉਂਕਿ ਲੋੜ ਕਾਢ ਦੀ ਮਾਂ ਹੈ। ਜਦੋਂ ਜਿੱਥੇ ਵੀ ਪ੍ਰਮੋਟਰ ਨੂੰ ਜ਼ਿਆਦਾ ਖਰਚ ਹੁੰਦਾ ਦਿਸਦਾ ਤਾਂ ਉਹ ਉਸ ਤੋਂ ਕੰਨੀ ਕਤਰਾਉਣ ਲੱਗ ਪੈਂਦਾ ਹੈ। ਗੁੱਸੇ ਵਾਲੀ ਭਾਵਨਾ ਨੂੰ ਤਿਆਗ ਕੇ ਗੰਭੀਰਤਾ ਨਾਲ ਸੋਚੋ ਵਿਚਾਰੋ ਕਿਉਂਕਿ ਤੁਹਾਡੇ ਅੜੀਅਲ ਰਵੱਈਏ ਨਾਲ ਇਥੋਂ ਦੇ ਪ੍ਰਮੋਟਰ ਕੋਈ ਹੋਰ ਰਾਹ ਲੱਭਣ ਲਈ ਮਜਬੂਰ ਹੋ ਰਹੇ ਹਨ। ਕਿਤੇ ਇਹ ਨਾ ਹੋਵੇ ਕਿ ਪ੍ਰਮੋਟਰ ਅਤੇ ਕਲਾਕਾਰਾਂ ਦੋਵਾਂ ਦਾ ਨੁਕਸਾਨ ਹੋ ਜਾਵੇ। ਮੈਂ ਉਮੀਦ ਕਰਦਾ ਹਾਂ ਕਿ ਕੋਈ ਨਾ ਕੋਈ ਜ਼ਰੂਰ ਸੁਖਦ ਤਰੀਕਾ ਅਪਨਾਇਆ ਜਾਵੇਗਾ।

○○

ਸੰਦੇਸ਼

ਮੇਰੇ ਬਹੁਤ ਸਤਿਕਾਰਤ ਮਿੱਤਰ ਸ੍ਰੀ ਬਲਵਿੰਦਰ ਭੌਰਾ ਜੀ ਨੂੰ ਉਨ੍ਹਾਂ ਦੀ ਕਿਤਾਬ 'ਕੌੜੀਆਂ ਪਰ ਸੱਚੀਆਂ' ਦੇ ਪ੍ਰਕਾਸ਼ਿਤ ਹੋਣ 'ਤੇ ਮੈਂ ਲੱਖ-ਲੱਖ ਮੁਬਾਰਕਾਂ ਦਿੰਦਾ ਹਾਂ। ਭੌਰਾ ਜੀ ਬਹੁਤ ਚੰਗੇ ਲੇਖਕ ਹਨ। ਅਮਰੀਕਾ ਰਹਿ ਕੇ ਵੀ ਇਹ ਆਪਣੇ ਸੱਭਿਆਚਾਰ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ। ਹਰ ਮਹੀਨੇ ਇਨ੍ਹਾਂ ਦਾ ਕਾਲਮ 'ਕੌੜੀਆਂ ਪਰ ਸੱਚੀਆਂ' 'ਸੰਗੀਤ ਦਰਪਣ' ਮੈਗਜ਼ੀਨ ਵਿਚ ਪੜ੍ਹਨ ਨੂੰ ਮਿਲਦਾ ਹੈ। ਵਿਦੇਸ਼ੀ ਜ਼ਿੰਦਗੀ ਬਾਰੇ ਬਹੁਤ ਚੰਗੇ ਢੰਗ ਨਾਲ ਇਹ ਲਿਖਦੇ ਹਨ ਜਿਸ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਪ੍ਰਮਾਤਮਾ ਇਨ੍ਹਾਂ ਨੂੰ ਤੇ ਇਨ੍ਹਾਂ ਦੀ ਕਲਮ ਨੂੰ ਹੋਰ ਵੀ ਸ਼ਕਤੀ ਬਖ਼ਸ਼ੇ।

-ਸਾਧੂ ਸਿੰਘ ਧਰਮਸੋਤ ਐਮ. ਐਲ. ਏ.

ਪਾਰਲੀਮਾਨੀ ਸਕੱਤਰ,

ਗ੍ਰਹਿ ਤੇ ਨਿਆਂ ਵਿਭਾਗ ਪੰਜਾਬ।

ਸੰਦੇਸ਼

ਬਹੁਤ ਹੀ ਪਿਆਰੇ ਦੋਸਤ ਬਲਵਿੰਦਰ ਭੌਰਾ ਦੀ ਕਿਤਾਬ 'ਕੌੜੀਆਂ ਪਰ ਸੱਚੀਆਂ' ਛਪਣ 'ਤੇ ਮੈਂ ਭੌਰਾ ਜੀ ਨੂੰ ਬਹੁਤ-ਬਹੁਤ ਮੁਬਾਰਕਬਾਦ ਦਿੰਦਾ ਹਾਂ। ਇਨ੍ਹਾਂ ਦੇ ਇਸ ਕਾਲਮ ਨੂੰ ਮੈਂ 'ਸੰਗੀਤ ਦਰਪਣ' ਮੈਗਜ਼ੀਨ ਵਿਚ ਅਕਸਰ ਪੜ੍ਹਦਾ ਹਾਂ। ਬਹੁਤ ਚੰਗੀ ਲੇਖਣੀ ਹੈ। ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਇਸ ਨੂੰ ਕਿਤਾਬ ਦਾ ਰੂਪ ਦੇ ਕੇ ਬਹੁਤ ਵੱਡਾ ਉਪਰਾਲਾ ਕੀਤਾ ਹੈ। ਪ੍ਰਮਾਤਮਾ ਇਨ੍ਹਾਂ ਨੂੰ ਸਦਾ ਹੀ ਚੜ੍ਹਦੀ ਕਲਾ ਵਿਚ ਰੱਖੇ ਤੇ ਇਹ ਇਸੇ ਤਰ੍ਹਾਂ ਆਪਣੇ ਸੱਭਿਆਚਾਰ ਤੇ ਆਪਣੇ ਵਿਰਸੇ ਦੀ ਸੇਵਾ ਕਰਦੇ ਰਹਿਣ।

-ਜੁਗਿੰਦਰ ਸਿੰਘ ਮਾਨ ਐਮ. ਐਲ. ਏ.

ਚੇਅਰਮੈਨ

ਪੰਜਾਬ ਐਗਰੋ ਫੂਡਜ਼ ਕਾਰਪੋਰੇਸ਼ਨ, ਚੰਡੀਗੜ੍ਹ।

ਸੰਦੇਸ਼

ਬਲਵਿੰਦਰ ਭੌਰਾ ਜੀ ਦੀ ਕਿਤਾਬ 'ਕੌੜੀਆਂ ਪਰ ਸੱਚੀਆਂ' ਦੇ ਰਿਲੀਜ਼ ਹੋਣ 'ਤੇ ਮੈਂ ਉਨ੍ਹਾਂ ਨੂੰ ਬਹੁਤ-ਬਹੁਤ ਮੁਬਾਰਕਾਂ ਦਿੰਦਾ ਹਾਂ। ਵਿਦੇਸ਼ ਵਿਚ ਰਹਿ ਕੇ ਵੀ ਆਪਣੇ ਸੱਭਿਆਚਾਰ ਤੇ ਆਪਣੀ ਮਾਂ ਬੋਲੀ ਨਾਲ ਜੁੜੇ ਰਹਿਣਾ ਬਹੁਤ ਵੱਡੀ ਗੱਲ ਹੈ। ਭੌਰਾ ਜੀ ਬਹੁਤ ਚੰਗੇ ਲੇਖਕ ਤੇ ਗੀਤਕਾਰ ਹਨ। ਈਸ਼ਵਰ ਇਨ੍ਹਾਂ ਦੀ ਉਮਰ ਲੰਮੀ ਕਰੇ।

-ਦਰਸ਼ਨ ਕੁਮਾਰ

ਡਾਇਰੈਕਟਰ,

ਸੁਪਰ ਕੈਸੇਟ ਇੰਡਸਟਰੀ ਲਿਮ. (ਟੀ-ਸੀਰੀਜ਼), ਨੋਇਡਾ।

ਸੰਦੇਸ਼

ਮੇਰੇ ਵੀਰ ਬਲਵਿੰਦਰ ਭੌਰਾ ਦੀ ਕਿਤਾਬ 'ਕੌੜੀਆਂ ਪਰ ਸੱਚੀਆਂ' ਛਪਣ 'ਤੇ ਮੈਂ ਹਾਰਦਿਕ ਵਧਾਈ ਦਿੰਦਾ ਹਾਂ। ਭੌਰਾ ਜੀ ਇੱਕ ਬਹੁਤ ਚੰਗੇ ਤੇ ਬੁੱਧੀਮਾਨ ਇਨਸਾਨ ਹਨ। ਇਨ੍ਹਾਂ ਦਾ ਕਾਲਮ 'ਕੌੜੀਆਂ ਪਰ ਸੱਚੀਆਂ' ਮੈਂ ਹਰ ਮਹੀਨੇ ਪੜ੍ਹਦਾ ਹਾਂ। ਵਿਦੇਸ਼ੀ ਜ਼ਿੰਦਗੀ ਦੀਆਂ ਘਟਨਾਵਾਂ ਨੂੰ ਇਹ ਬਹੁਤ ਚੰਗੇ ਤਰੀਕੇ ਨਾਲ ਕਲਮਬੰਦ ਕਰਦੇ ਹਨ। ਮੈਨੂੰ ਹੋਰ ਵੀ ਖ਼ੁਸ਼ੀ ਹੈ ਕਿ ਭੌਰਾ ਜੀ ਇਕ ਵਧੀਆ ਗੀਤਕਾਰ ਵੀ ਹਨ। ਵਿਦੇਸ਼ੀ ਧਰਤੀ 'ਤੇ ਰਹਿ ਕੇ ਏਨਾ ਕੁਝ ਲਿਖਣਾ ਕੋਈ ਸੌਖਾ ਕੰਮ ਨਹੀਂ। ਇਹ ਸਿਰਫ਼ ਭੌਰਾ ਜੀ ਦੀ ਆਪਣੇ ਸੱਭਿਆਚਾਰ ਪ੍ਰਤੀ ਖਿੱਚ ਹੈ। ਪ੍ਰਮਾਤਮਾ ਇਨ੍ਹਾਂ ਨੂੰ ਹੋਰ ਵੀ ਸ਼ਕਤੀ ਬਖ਼ਸ਼ੇ।

-ਪੰਮੀ ਬਾਈ

ਪਟਿਆਲਾ।

ਸੰਦੇਸ਼

ਬਲਵਿੰਦਰ ਭੌਰਾ ਦਾ ਕਾਲਮ 'ਕੌੜੀਆਂ ਪਰ ਸੱਚੀਆਂ' ਕਾਫ਼ੀ ਸਮੇਂ ਤੋਂ ਲਗਾਤਾਰ ਪੜ੍ਹਦਾ ਆ ਰਿਹਾ ਹਾਂ। ਭੌਰਾ ਜੀ ਬਹੁਤ ਸੁਲਝੇ ਹੋਏ ਲੇਖਕ ਹਨ ਤੇ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਬੜੀ ਬਰੀਕੀ ਨਾਲ ਦੇਖ ਕੇ ਫਿਰ ਲੇਖ ਲਿਖਦੇ ਹਨ। ਪਿਛਲੇ ਦਿਨੀਂ ਨਿਊਯਾਰਕ ਵਿਖੇ ਇਨ੍ਹਾਂ ਨੂੰ ਮਿਲਣ ਦਾ ਮੌਕਾ ਵੀ ਮਿਲਿਆ। ਬਹੁਤ ਚੰਗੇ ਇਨਸਾਨ ਵੀ ਹਨ। ਉਥੇ ਹੀ ਇਨ੍ਹਾਂ ਨੇ ਮੈਨੂੰ ਦੱਸਿਆ ਕਿ ਮੇਰੀ ਕਿਤਾਬ 'ਕੌੜੀਆਂ ਪਰ ਸੱਚੀਆਂ' ਦੇ ਰੂਪ ਵਿਚ ਛਪ ਰਹੀ ਹੈ। ਮੈਨੂੰ ਬਹੁਤ ਖ਼ੁਸ਼ੀ ਹੋਈ ਕਿ ਇਹ ਸਾਰੇ ਕੀਮਤੀ ਲੇਖ ਇਕ ਕਿਤਾਬ ਦੇ ਰੂਪ ਵਿਚ ਸਾਂਭੇ ਜਾਣਗੇ ਤੇ ਆਉਣ ਵਾਲੀਆਂ ਪੀੜ੍ਹੀਆਂ ਇਸ ਤੋਂ ਕਾਫ਼ੀ ਕੁਝ ਸਿੱਖ ਸਕਣਗੀਆਂ। ਮੈਂ ਆਪਣੇ ਵੱਲੋਂ ਬਲਵਿੰਦਰ ਭੌਰਾ ਜੀ ਨੂੰ ਇਸ ਸ਼ੁੱਭ ਕੰਮ ਲਈ ਵਧਾਈ ਦਿੰਦਾ ਹਾਂ।

-ਰਾਜਿੰਦਰ ਸਿੰਘ ਐਮ. ਡੀ.,

ਫਾਈਨਟੋਨ ਕੈਸੇਟ ਕੰਪਨੀ।

ਸੰਦੇਸ਼

ਮੈਂ 'ਸੰਗੀਤ ਦਰਪਣ' ਕਈ ਸਾਲਾਂ ਤੋਂ ਲਗਾਤਾਰ ਪੜ੍ਹਦਾ ਆ ਰਿਹਾ ਹਾਂ, ਜਿਸ ਵਿਚ ਬਲਵਿੰਦਰ ਭੌਰਾ ਜੀ ਦਾ ਲੇਖ 'ਕੌੜੀਆਂ ਪਰ ਸੱਚੀਆਂ' ਪੜ੍ਹ ਕੇ ਮਨ ਬੜਾ ਖ਼ੁਸ਼ ਹੁੰਦਾ ਹੈ। ਇਹ ਸਾਡੇ ਸਮਾਜ ਵਿਚ ਵਾਪਰ ਰਹੀਆਂ ਕੁਰੀਤੀਆਂ ਨੂੰ ਉਜਾਗਰ ਕਰਦਾ ਤੇ ਲੋਕਾਂ ਨੂੰ ਚੰਗੀ ਸੇਧ ਵੀ ਦਿੰਦਾ ਹੈ। ਹੋ ਸਕਦਾ ਹੈ ਕਿ ਕਈਆਂ ਨੂੰ ਇਹ ਲੇਖ ਪੜ੍ਹ ਕੇ ਚੋਟ ਵੀ ਲੱਗਦੀ ਹੋਵੇਗੀ ਪਰ ਸੱਚੀ ਗੱਲ ਕਹਿਣ ਦੀ ਹਿੰਮਤ ਕਿਸੇ-ਕਿਸੇ ਵਿਚ ਹੁੰਦੀ ਹੈ, ਜੋ ਆਪ ਜੀ 'ਚ ਹੈ। ਆਪ ਜੀ ਦੇ ਇਨ੍ਹਾਂ ਲੇਖਾਂ ਨੂੰ ਇਕ ਕਿਤਾਬ ਦੇ ਰੂਪ ਵਿਚ ਦੇਣ ਨੂੰ ਜੀ ਆਇਆਂ ਆਖਦਾ ਹਾਂ ਤੇ ਬਹੁਤ ਬਹੁਤ ਵਧਾਈ ਵੀ ਪੇਸ਼ ਕਰਦਾ ਹਾਂ। ਪ੍ਰਮਾਤਮਾ ਆਪ ਜੀ ਦੀ ਕਲਮ ਨੂੰ ਹੋਰ ਵੀ ਤਰੱਕੀ ਬਖ਼ਸ਼ੇ ਅਤੇ ਤੁਸੀਂ ਇਸੇ ਤਰ੍ਹਾਂ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰਦੇ ਰਹੋ।

-ਕੇ. ਐਸ. ਭੰਵਰਾ

'ਆਪਣਾ ਸੰਗੀਤ', ਬਰਮਿੰਘਮ (ਯੂ. ਕੇ.)।

ਸੰਦੇਸ਼

ਮੇਰੇ ਅਤਿ ਸਤਿਕਾਰਤ ਵੱਡੇ ਵੀਰ ਬਲਵਿੰਦਰ ਭੌਰਾ ਜੀ ਵੱਲੋਂ ਲਿਖੀ ਪੁਸਤਕ 'ਕੌੜੀਆਂ ਪਰ ਸੱਚੀਆਂ' ਦੇ ਮਾਰਕੀਟ ਵਿਚ ਰਿਲੀਜ਼ ਕਰਨ 'ਤੇ ਮੈਂ ਆਪਣੇ ਵੱਲੋਂ ਢੇਰ ਸਾਰੀਆਂ ਮੁਬਾਰਕਾਂ ਦਿੰਦਾ ਹਾਂ। ਭੌਰਾ ਜੀ ਇਕ ਬਹੁਤ ਸੂਝਵਾਨ ਤੇ ਜ਼ਿੰਮੇਵਾਰ ਇਨਸਾਨ ਹਨ। ਇਨ੍ਹਾਂ ਦਾ ਨਾਂਅ ਇਥੇ ਅਮਰੀਕਾ ਦੇ ਸਾਹਿਤਕ ਹਲਕਿਆਂ ਵਿਚ ਬੜੀ ਸ਼ਾਨ ਨਾਲ ਲਿਆ ਜਾਂਦਾ ਹੈ। ਭੌਰਾ ਜੀ ਵੱਲੋਂ 'ਸੰਗੀਤ ਦਰਪਣ' ਮੈਗਜ਼ੀਨ ਵਿਚ ਹਰ ਮਹੀਨੇ ਲਿਖੇ ਜਾਂਦੇ ਲੇਖ 'ਕੌੜੀਆਂ ਪਰ ਸੱਚੀਆਂ' ਨੇ ਪਹਿਲਾਂ ਹੀ ਸਮੁੱਚੀ ਦੁਨੀਆ ਵਿਚ ਆਪਣੀ ਅਲੱਗ ਖਿੱਚ ਬਣਾਈ ਹੋਈ ਹੈ। ਪੁਸਤਕ ਦੇ ਰੂਪ ਵਿਚ ਇਹ ਇਕ ਇਤਿਹਾਸਕ ਕਿਤਾਬ ਬਣ ਗਈ ਹੈ। ਮੈਂ ਇਕ ਵਾਰ ਫਿਰ ਆਪਣੇ ਵੱਲੋਂ ਤੇ ਅਮਰੀਕਾ ਦੀਆਂ ਸਮੂਹ ਪੰਜਾਬੀ ਜਥੇਬੰਦੀਆਂ ਵੱਲੋਂ ਭੌਰਾ ਜੀ ਨੂੰ ਮੁਬਾਰਕਾਂ ਦਿੰਦਾ ਹਾਂ।

-ਜਸਵੀਰ ਸਿੰਘ ਜੱਜ

ਜੱਜ ਐਂਟਰਟੇਨਮੈਂਟ, ਨਿਊਜਰਸੀ (ਅਮਰੀਕਾ)

ਸੰਦੇਸ਼

ਵੱਡੇ ਵੀਰ ਬਲਵਿੰਦਰ ਭੌਰਾ ਜੀ ਦੀ ਪਲੇਠੀ ਕਿਤਾਬ 'ਕੌੜੀਆਂ ਪਰ ਸੱਚੀਆਂ' ਦੇ ਰਿਲੀਜ਼ ਹੋਣ 'ਤੇ ਮੈਂ ਉਨ੍ਹਾਂ ਨੂੰ ਲੱਖ-ਲੱਖ ਮੁਬਾਰਕਾਂ ਦਿੰਦਾ ਹਾਂ। ਭੌਰਾ ਜੀ ਦਾ 'ਕੌੜੀਆਂ ਪਰ ਸੱਚੀਆਂ' ਕਾਲਮ ਪਹਿਲਾਂ 'ਸੰਗੀਤ ਦਰਪਣ' ਮੈਗਜ਼ੀਨ ਨਾਲ ਪੂਰੀ ਦੁਨੀਆ ਵਿਚ ਪ੍ਰਸਿੱਧ ਹੋ ਚੁੱਕਾ ਹੈ। ਭੌਰਾ ਜੀ ਬਹੁਤ ਮਿਲਾਪੜੇ ਸੁਭਾਅ ਦੇ ਵਿਅਕਤੀ ਹਨ। ਇਨ੍ਹਾਂ ਦੀ ਲੇਖਨੀ ਕਮਾਲ ਦੀ ਹੈ। ਇਕ ਲੇਖਕ ਤੇ ਪੱਤਰਕਾਰ ਦੇ ਨਾਲ-ਨਾਲ ਇਹ ਵਧੀਆ ਗੀਤਕਾਰ ਵੀ ਹਨ। ਪ੍ਰਮਾਤਮਾ ਇਨ੍ਹਾਂ ਨੂੰ ਇਸੇ ਤਰ੍ਹਾਂ ਚੜ੍ਹਦੀ ਕਲਾ ਵਿਚ ਰੱਖੇ।

-ਨਛੱਤਰ ਗਿੱਲ

ਫਗਵਾੜਾ।

ਸੰਦੇਸ਼

ਵੱਡੇ ਭਾਜੀ ਬਲਵਿੰਦਰ ਭੌਰਾ ਜੀ ਨੂੰ ਸਭ ਤੋਂ ਪਹਿਲਾਂ ਉਨ੍ਹਾਂ ਦੀ ਪਲੇਠੀ ਕਿਤਾਬ 'ਕੌੜੀਆਂ ਪਰ ਸੱਚੀਆਂ' ਰਿਲੀਜ਼ ਹੋਣ 'ਤੇ ਮੈਂ ਆਪਣੇ ਵੱਲੋਂ ਲੱਖ-ਲੱਖ ਮੁਬਾਰਕਾਂ ਦਿੰਦਾ ਹਾਂ। ਭੌਰਾ ਜੀ ਨੂੰ ਮੈਂ 'ਸੰਗੀਤ ਦਰਪਣ' ਮੈਗਜ਼ੀਨ ਵਿਚ ਛਪਦੇ ਉਨ੍ਹਾਂ ਦੇ ਲੜੀਵਾਰ ਕਾਲਮ 'ਕੌੜੀਆਂ ਪਰ ਸੱਚੀਆਂ' ਤੋਂ ਜਾਣਦਾ ਸੀ ਪਰ ਪਿੱਛੇ ਜਿਹੇ ਅਮਰੀਕਾ ਸ਼ੋਅਜ਼ ਦੌਰਾਨ ਉਨ੍ਹਾਂ ਨੂੰ ਬੜੇ ਨੇੜੇ ਹੋ ਕੇ ਜਾਣਨ ਦਾ ਮੌਕਾ ਮਿਲਿਆ। ਉਹ ਬਹੁਤ ਹੀ ਸੂਝਵਾਨ ਅਤੇ ਮਿਲਾਪੜੇ ਸੁਭਾਅ ਦੇ ਇਨਸਾਨ ਹਨ। ਭੌਰਾ ਭਾਜੀ ਇਕ ਬਹੁਤ ਹੀ ਵਧੀਆ ਗੀਤਕਾਰ ਵੀ ਹਨ। ਆਪਣੇ ਕੰਮ ਦੇ ਨਾਲ-ਨਾਲ ਪੰਜਾਬੀ ਮਾਂ-ਬੋਲੀ ਅਤੇ ਪੰਜਾਬੀ ਸੱਭਿਆਚਾਰ ਨਾਲ ਉਹ ਪੂਰੀ ਤਰ੍ਹਾਂ ਜੁੜੇ ਹੋਏ ਹਨ। ਮੇਰੀਆਂ ਸ਼ੁੱਭ ਕਾਮਨਾਵਾਂ ਹਮੇਸ਼ਾ ਉਨ੍ਹਾਂ ਦੇ ਨਾਲ ਹਨ। ਪ੍ਰਮਾਤਮਾ ਉਨ੍ਹਾਂ ਦੀ ਲੰਮੀ ਉਮਰ ਕਰੇ।

-ਬਲਬੀਰ ਬੋਪਾਰਾਏ

ਪਿੰਡ ਬੋਪਾਰਾਏ ਕਲਾਂ, ਜ਼ਿਲ੍ਹਾ ਲੁਧਿਆਣਾ।

ਸੰਦੇਸ਼

ਬਲਵਿੰਦਰ ਭੌਰਾ ਜੀ ਇਕ ਬਹੁਤ ਵਧੀਆ ਸੂਝਵਾਨ ਤੇ ਹਸਮੁੱਖ ਇਨਸਾਨ ਹਨ। ਮੈਂ ਪਹਿਲੀ ਵਾਰ ਇਨ੍ਹਾਂ ਨੂੰ ਇੰਗਲੈਂਡ ਵਿਖੇ ਮਿਲਿਆ। ਬਹੁਤ ਹੀ ਨਿੱਘੇ ਸੁਭਾਅ ਤੇ ਮਿਲਾਪੜੇ ਭੌਰਾ ਜੀ 'ਕੌੜੀਆਂ ਪਰ ਸੱਚੀਆਂ' ਲੇਖਾਂ ਰਾਹੀਂ ਜ਼ਿੰਦਗੀ ਦੀਆਂ ਸੱਚਾਈਆਂ ਲੋਕਾਂ ਸਾਹਮਣੇ ਰੱਖ ਰਹੇ ਹਨ ਜਿਸ ਤੋਂ ਕਾਫ਼ੀ ਕੁਝ ਸਿੱਖਣ ਨੂੰ ਮਿਲਦਾ ਹੈ। ਇਨ੍ਹਾਂ ਲੇਖਾਂ ਨੂੰ ਕਿਤਾਬ ਦਾ ਰੂਪ ਦੇ ਕੇ ਉਨ੍ਹਾਂ ਨੇ ਬਹੁਤ ਮਹਾਨ ਕੰਮ ਕੀਤਾ ਹੈ, ਕਿਉਂਕਿ ਸਾਡੀਆਂ ਅਗਲੀਆਂ ਪੀੜ੍ਹੀਆਂ ਇਸ ਤੋਂ ਬਹੁਤ ਕੁਝ ਸਿੱਖ ਸਕਦੀਆਂ ਹਨ। ਭੌਰਾ ਜੀ ਪੱਤਰਕਾਰ ਤੇ ਲੇਖਕ ਦੇ ਨਾਲ-ਨਾਲ ਇਕ ਚੰਗੇ ਗੀਤਕਾਰ ਵੀ ਹਨ ਅਤੇ ਕਾਫ਼ੀ ਗੀਤ ਇਨ੍ਹਾਂ ਦੇ ਰਿਕਾਰਡ ਵੀ ਹੋ ਚੁੱਕੇ ਹਨ। 'ਕੌੜੀਆਂ ਪਰ ਸੱਚੀਆਂ' ਕਿਤਾਬ ਦੇ ਪ੍ਰਕਾਸ਼ਿਤ ਹੋਣ 'ਤੇ ਮੈਂ ਆਪਣੇ ਵੱਲੋਂ ਭੌਰਾ ਜੀ ਨੂੰ ਲੱਖ-ਲੱਖ ਮੁਬਾਰਕ ਦਿੰਦਾ ਹਾਂ।

-ਸਤਵਿੰਦਰ ਬੁੱਗਾ

ਮੁਹਾਲੀ।

ਸੰਦੇਸ਼

ਬਲਵਿੰਦਰ ਭੌਰਾ ਜੀ ਨੂੰ ਮੈਂ ਪਹਿਲੀ ਵਾਰ ਇੰਗਲੈਂਡ ਇੱਕ ਸਮਾਗਮ ਸਮੇਂ ਮਿਲਿਆ ਸੀ ਜਿੱਥੇ ਭੌਰਾ ਜੀ ਦਾ ਸਨਮਾਨ ਵੀ ਹੋਇਆ। ਬਹੁਤ ਹੀ ਮਿਲਾਪੜੇ ਤੇ ਹਰ ਵਕਤ ਖ਼ੁਸ਼ ਰਹਿਣ ਵਾਲੇ ਵਧੀਆ ਇਨਸਾਨ ਹਨ। ਉਨ੍ਹਾਂ ਦਾ ਚਰਚਿਤ ਕਾਲਮ 'ਕੌੜੀਆਂ ਪਰ ਸੱਚੀਆਂ' ਮੈਂ ਹਰ ਮਹੀਨੇ 'ਸੰਗੀਤ ਦਰਪਣ' ਮੈਗਜ਼ੀਨ ਵਿਚ ਪੜ੍ਹਦਾ ਹਾਂ। ਬਹੁਤ ਉੱਚੀ ਸੋਚ ਦੇ ਮਾਲਕ ਹਨ ਭੌਰਾ ਜੀ ਤੇ ਉਨ੍ਹਾਂ ਦੀ ਲੇਖਣੀ ਦਾ ਕੋਈ ਜੁਆਬ ਨਹੀਂ। ਉਨ੍ਹਾਂ ਦਾ 'ਕੌੜੀਆਂ ਪਰ ਸੱਚੀਆਂ' ਕਾਲਮ ਇਸ ਵੇਲੇ ਬਹੁਤ ਜ਼ਿਆਦਾ ਮਕਬੂਲ ਹੋ ਚੁੱਕਾ ਹੈ। ਇਨ੍ਹਾਂ ਸਾਰੇ ਲੇਖਾਂ ਨੂੰ ਕਿਤਾਬ ਦਾ ਰੂਪ ਦੇ ਕੇ ਸੋਨੇ 'ਤੇ ਸੁਹਾਗੇ ਵਾਲਾ ਕੰਮ ਹੋਇਆ ਹੈ। ਇਸ ਕਿਤਾਬ ਤੋਂ ਸਾਡੀ ਆਉਣ ਵਾਲੀ ਪੀੜ੍ਹੀ ਬਹੁਤ ਸੇਧ ਲੈ ਸਕੇਗੀ। ਪ੍ਰਮਾਤਮਾ ਭੌਰਾ ਜੀ ਨੂੰ ਚੜ੍ਹਦੀ ਕਲਾ ਬਖ਼ਸ਼ੇ ਤੇ ਇਹ ਇਸੇ ਤਰ੍ਹਾਂ ਪੰਜਾਬੀ ਸੱਭਿਆਚਾਰ ਦੀ ਸੇਵਾ ਕਰਦੇ ਰਹਿਣ।

-ਅਮਰਿੰਦਰ ਗਿੱਲ

ਅੰਮ੍ਰਿਤਸਰ।

ਸੰਦੇਸ਼

ਆਪਣੇ ਵੱਡੇ ਭਾਜੀ ਬਲਵਿੰਦਰ ਭੌਰਾ ਜੀ ਦੁਆਰਾ ਲਿਖੀ ਕਿਤਾਬ 'ਕੌੜੀਆਂ ਪਰ ਸੱਚੀਆਂ' ਦੇ ਰਿਲੀਜ਼ ਹੋਣ 'ਤੇ ਮੈਂ ਆਪਣੇ ਤੇ ਆਪਣੇ ਪਰਿਵਾਰ ਵੱਲੋਂ ਭੌਰਾ ਜੀ ਨੂੰ ਢੇਰ ਸਾਰੀਆਂ ਮੁਬਾਰਕਾਂ ਦਿੰਦਾ ਹਾਂ। ਭੌਰਾ ਭਾਜੀ ਨਾਲ ਸਾਡਾ ਬਹੁਤ ਹੀ ਗੂੜ੍ਹਾ ਸਬੰਧ ਹੈ। ਭਾਜੀ ਇਕ ਬਹੁਤ ਮਹਾਨ ਪੱਤਰਕਾਰ, ਲੇਖਕ ਅਤੇ ਗੀਤਕਾਰ ਦੇ ਨਾਲ-ਨਾਲ ਇਕ ਬਹੁਤ ਮਿਲਾਪੜੇ ਸੁਭਾਅ ਦੇ ਮਾਲਕ ਹਨ। ਉਨ੍ਹਾਂ ਦੁਆਰਾ ਲਿਖੀ ਗਈ ਇਕ-ਇਕ ਲਾਈਨ ਪੜ੍ਹਨਯੋਗ ਹੁੰਦੀ ਹੈ। ਉਨ੍ਹਾਂ ਦੀ ਇਸ ਕਿਤਾਬ ਨਾਲ ਸਮਾਜ ਨੂੰ ਕੁਝ ਸਿੱਖਣ ਨੂੰ ਮਿਲੇਗਾ। ਅਸੀਂ ਇਥੇ ਹਰ ਮਹੀਨੇ 'ਸੰਗੀਤ ਦਰਪਣ' ਵਿਚ ਉਨ੍ਹਾਂ ਦੀਆਂ 'ਕੌੜੀਆਂ ਪਰ ਸੱਚੀਆਂ' ਬੜੇ ਚਾਅ ਨਾਲ ਪੜ੍ਹਦੇ ਹਾਂ। ਸਾਡੀ ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਉਨ੍ਹਾਂ ਨੂੰ ਹਮੇਸ਼ਾ ਖੁਸ਼ੀਆਂ ਖੇੜੇ ਬਖਸ਼ੇ।

-ਲਾਲ ਚੰਦ ਲਾਲਾ

ਪੰਜਾਬੀ ਗਾਇਕ, ਨਿਊਯਾਰਕ (ਯੂ. ਐਸ. ਏ.)

ਸੰਦੇਸ਼

ਬਲਵਿੰਦਰ ਭੌਰਾ ਜੀ ਦੀ ਨਵੀਂ ਕਿਤਾਬ 'ਕੌੜੀਆਂ ਪਰ ਸੱਚੀਆਂ' ਦੇ ਪ੍ਰਕਾਸ਼ਿਤ ਹੋਣ 'ਤੇ ਮੈਂ ਉਨ੍ਹਾਂ ਨੂੰ ਬਹੁਤ-ਬਹੁਤ ਮੁਬਾਰਕਬਾਦ ਦਿੰਦਾ ਹਾਂ। ਭੌਰਾ ਜੀ ਇਕ ਬਹੁਤ ਚੰਗੇ ਲੇਖਕ ਹਨ। ਉਨ੍ਹਾਂ ਦਾ ਕਾਲਮ 'ਕੌੜੀਆਂ ਪਰ ਸੱਚੀਆਂ' ਮੈਂ ਲਗਾਤਾਰ ਪੜ੍ਹਦਾ ਆ ਰਿਹਾ ਹਾਂ। ਵਿਦੇਸ਼ਾਂ ਵਿਚਲੀਆਂ ਸੱਚਾਈਆਂ ਉਹ ਬਹੁਤ ਚੰਗੇ ਢੰਗ ਨਾਲ ਪਾਠਕਾਂ ਦੇ ਰੂ-ਬ-ਰੂ ਕਰਦੇ ਹਨ ਜਿਸ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਪ੍ਰਮਾਤਮਾ ਹਮੇਸ਼ਾ ਉਨ੍ਹਾਂ ਨੂੰ ਚੜ੍ਹਦੀ ਕਲਾ ਵਿਚ ਰੱਖੇ।

-ਸਰਬਜੀਤ ਚੀਮਾ

ਜਲੰਧਰ।

ਸੰਦੇਸ਼

ਸਾਡੇ ਵੱਡੇ ਵੀਰ ਬਲਵਿੰਦਰ ਭੌਰਾ ਜੀ ਦੀ ਨਵੀਂ ਕਿਤਾਬ 'ਕੌੜੀਆਂ ਪਰ ਸੱਚੀਆਂ' ਰਿਲੀਜ਼ ਹੋਣ 'ਤੇ ਅਸੀਂ ਪੂਰੇ ਪਰਿਵਾਰ ਵੱਲੋਂ ਉਨ੍ਹਾਂ ਨੂੰ ਮੁਬਾਰਕਬਾਦ ਦਿੰਦੇ ਹਾਂ। ਭੌਰਾ ਜੀ ਦਾ ਕਾਲਮ 'ਕੌੜੀਆਂ ਪਰ ਸੱਚੀਆਂ' ਪਹਿਲਾਂ ਹੀ ਵਿਸ਼ਵ ਵਿਚ ਕਾਫ਼ੀ ਪ੍ਰਸਿੱਧ ਹੋ ਚੁੱਕਾ ਹੈ। ਇਨ੍ਹਾਂ ਵੱਲੋਂ ਲਿਖੇ ਜਾਂਦੇ ਇਨ੍ਹਾਂ ਲੇਖਾਂ ਨਾਲ ਸਾਨੂੰ ਇਥੇ ਬੈਠਿਆਂ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਇਨ੍ਹਾਂ ਲੇਖਾਂ ਨੂੰ ਕਿਤਾਬ ਦੇ ਰੂਪ ਵਿਚ ਛਾਪ ਕੇ ਭੌਰਾ ਜੀ ਨੇ ਬਹੁਤ ਵੱਡੀ ਪ੍ਰਾਪਤੀ ਕੀਤੀ ਹੈ ਜਿਸ ਨੂੰ ਪੜ੍ਹ ਕੇ ਨੌਜਵਾਨ ਪੀੜ੍ਹੀ ਕਾਫ਼ੀ ਕੁਝ ਸਿੱਖ ਸਕਦੀ ਹੈ। ਵਾਹਿਗੁਰੂ ਭੌਰਾ ਜੀ ਨੂੰ ਲੰਮੀ ਉਮਰ ਤੇ ਹੋਰ ਕਾਮਯਾਬੀ ਬਖ਼ਸ਼ੇ।

-ਅੰਮ੍ਰਿਤਾ ਵਿਰਕ

ਨਵਾਂ ਸ਼ਹਿਰ।



ਬਲਵਿੰਦਰ ਭੌਰਾ ਦੀ ਪੁਰਾਣੀ ਤਸਵੀਰ ਜਿਹੜੀ ਸਾਲ 1980 ਦਰਮਿਆਨ ਖਿਚਵਾਈ ਗਈ

ਨਿਊਯਾਰਕ ਸਿਟੀ ਵਿਖੇ 'ਸੰਗੀਤ ਦਰਪਣ' ਦੇ ਮੁੱਖ ਸੰਪਾਦਕ ਸ. ਹਰਮਨਪ੍ਰੀਤ ਸਿੰਘ, ਲੇਖਕ ਬਲਵਿੰਦਰ ਭੌਰਾ ਅਤੇ ਸ. ਰਾਜਿੰਦਰ ਸਿੰਘ ਫਾਈਨਟੋਨ।

ਲੇਖਕ ਬਲਵਿੰਦਰ ਭੌਰਾ ਆਪਣੇ ਪਰਿਵਾਰ ਨਾਲ

ਅਮਰੀਕਾ ਦੇ ਸ਼ਹਿਰ ਨਿਊ ਜਰਸੀ (ਕਾਰਟਰੇਟ) ਵਿਚ ਬਲਵਿੰਦਰ ਭੌਰਾ ਨੂੰ ਸਨਮਾਨਿਤ ਕਰਦੇ ਹੋਏ (ਖੱਬੇ ਤੋਂ ਸੱਜੇ) ਬਲਵਿੰਦਰ ਬਾਜਵਾ, ਬਲਵਿੰਦਰ ਭੌਰਾ, ਜਗਪਾਲ ਸਿੰਘ, ਪ੍ਰਮੋਟਰ ਜਸਵੰਤ ਜੱਜ, ਪੰਜਾਬੀ ਅਖ਼ਬਾਰ 'ਸ਼ੇਰ-ਏ-ਪੰਜਾਬ' ਦੇ ਸੰਪਾਦਕ ਬਲਦੇਵ ਸਿੰਘ ਗਰੇਵਾਲ ਤੇ ਹੋਰ।

ਨਿਊਯਾਰਕ ਵਿਚ ਉੱਘੇ ਗੀਤਕਾਰ ਮਰਹੂਮ ਚਰਨ ਸਿੰਘ ਸਫ਼ਰੀ ਦਾ ਬਲਵਿੰਦਰ ਭੌਰਾ ਵੱਲੋਂ ਸੋਨੇ ਦੇ ਕੜੇ ਨਾਲ ਸਨਮਾਨ ਕਰਨ ਉਪਰੰਤ ਮਾਨ-ਪੱਤਰ ਦਿੰਦੇ ਹੋਏ (ਖੱਬੇ ਤੋਂ ਸੱਜੇ) ਗਾਇਕਾ ਨਰਿੰਦਰ ਮਾਵੀ, ਬਲਵਿੰਦਰ ਭੌਰਾ, ਚਰਨ ਸਿੰਘ ਸਫ਼ਰੀ ਤੇ ਪ੍ਰਸਿੱਧ ਗੀਤਕਾਰ ਹਰਬਖ਼ਸ਼ ਟਾਹਲੀ।

ਨਿਊਯਾਰਕ ਵਿਚ ਆਪਣੀ ਜ਼ਿੰਦਗੀ ਦੇ ਅੰਤਿਮ ਸ਼ੋਆਂ ਦੌਰਾਨ ਮਸ਼ਹੂਰ ਗਾਇਕ ਸਵਰਗੀ ਸੁਰਜੀਤ ਬਿੰਦਰਖੀਆ ਅਤੇ ਬਲਵਿੰਦਰ ਭੌਰਾ

ਸਟੇਜ ਦੀ ਮਲਿਕਾ ਅਤੇ ਕੈਲੀਫੋਰਨੀਆ ਵਿਚ 'ਗੀਤ ਸੰਗੀਤ ਰੇਡੀਓ' ਦੀ ਪ੍ਰਮੁੱਖ ਹੋਸਟ ਆਸ਼ਾ ਸ਼ਰਮਾ ਨਾਲ ਗੱਲਬਾਤ ਕਰਦੇ ਹੋਏ ਲੇਖਕ ਬਲਵਿੰਦਰ ਭੌਰਾ।